ਵੀਰਵਾਰ, 13 ਨਵੰਬਰ, 2025

28 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 163

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 13 NOVEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫੇ : 12







# ਵੀ ਸੀ ਤੇ ਵਿਦਿਆਰਥੀਆਂ ਵਿਚਾਲੇ ਮੀਟਿੰਗ ਬੇਸਿੱਟਾ

## ਨੋਟੀਫਿਕੇਸ਼ਨ ਜਾਰੀ ਹੋਣ ਤੱਕ ਪੀ ਯੂ 'ਚ ਜਾਰੀ ਰਹੇਗਾ ਮੋਰਚਾ

**ਚੰਡੀਗੜ੍ਹ** : ਪੰਜਾਬ ਯੂਨੀਵਰਸਿਟੀ ਵਿੱਚ ਸੈਨੇਟ ਚੋਣਾਂ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਹੱਲ ਕਰਨ ਦੇ ਯਤਨ ਵਜੋਂ ਬੁੱਧਵਾਰ ਅਧਿਕਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਹੋਈ ਮੀਟਿੰਗ ਬੇਸਿੱਟਾ ਰਹੀ। ਵਾਈਸ ਚਾਂਸਲਰ ਪ੍ਰੋਫੈਸਰ ਰੇਣੂ ਵਿਜ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਵਿਦਿਆਰਥੀਆਂ ਨੇ ਦੱਸਿਆ ਕਿ ਮੀਟਿੰਗ ਸਕਾਰਾਤਮਕ ਮਾਹੌਲ ਵਿੱਚ ਹੋਈ, ਪਰ ਇਸ ਦਾ ਕੁਝ ਵੀ ਨਤੀਜਾ ਨਹੀਂ ਨਿਕਲਿਆ। ਪੀ ਯੂ ਪ੍ਰਬੰਧਨ ਨੇ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਚੋਣ ਪ੍ਰੋਗਰਾਮ ਤਿਆਰ ਕਰ ਲਿਆ ਹੈ ਅਤੇ ਇਸ ਨੂੰ ਉਪ ਰਾਸ਼ਟਰਪਤੀ ਨੂੰ ਭੇਜ ਦਿੱਤਾ ਹੈ ਅਤੇ ਚੋਣ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕਰ ਦਿੱਤਾ ਜਾਵੇਗਾ, ਪਰ ਦੂਸਰੇ ਪਾਸੇ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਚੋਣ ਨੋਟੀਫਿਕੇਸ਼ਨ ਜਾਰੀ ਨਹੀਂ ਹੋ ਜਾਂਦਾ। ਮੀਟਿੰਗ ਵਿੱਚ ਕੇਂਦਰ ਸਰਕਾਰ ਦੇ ਦੋ ਮੈਂਬਰ ਵੀ ਮੌਜੂਦ ਸਨ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਆਪਣੇ ਵਫ਼ਦ ਨਾਲ ਯੂਨੀਵਰਸਿਟੀ ਪਹੁੰਚੇ। ਉਨ੍ਹਾ ਕਿਹਾ ਕਿ ਯੂਨੀਵਰਸਿਟੀ ਦਾ ਕੇਂਦਰੀਕਰਨ ਗਲਤ ਹੈ। ਯੂਨੀਵਰਸਿਟੀ ਪੰਜਾਬ ਦੀ ਹੈ ਅਤੇ ਇਸ ਦੇ ਵਿਦਿਆਰਥੀ ਕਿਫਾਇਤੀ ਸਿੱਖਿਆ ਪ੍ਰਾਪਤ ਕਰਦੇ ਹਨ। 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ' ਵੱਲੋਂ ਲਿਖਤੀ ਭਰੋਸੇ ਦੀ ਮੰਗ ਕੀਤੀ ਗਈ ਹੈ। ਪੰਜਾਬ ਯੂਨੀਵਰਸਿਟੀ ਨੇ ਇਸ ਸਾਲ ਦਾਖਲਿਆਂ ਲਈ ਹਲਫ਼ਨਾਮਾ ਜਮ੍ਹਾਂ ਕਰਵਾਉਣ ਦੀ ਸ਼ਰਤ ਲਗਾਈ ਸੀ, ਜਿਸ ਦਾ ਵਿਦਿਆਰਥੀਆਂ ਵੱਲੋਂ ਵਿਰੋਧ ਹੋਇਆ। ਹਾਲਾਂਕਿ, ਕੇਂਦਰ ਸਰਕਾਰ ਨੇ ਬਾਅਦ ਵਿੱਚ 28 ਅਕਤੂਬਰ ਨੂੰ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਪੀ ਯੂ ਵੱਲੋਂ ਹਲਫ਼ਨਾਮਾ ਵਾਪਸ ਲੈ ਲਿਆ ਗਿਆ ਸੀ, ਪਰ ਸੈਨੇਟ-ਸਿੰਡੀਕੇਟ ਨੋਟੀਫਿਕੇਸ਼ਨ ਵਾਪਸ ਲੈਣ ਲਈ ਸੰਘਰਸ਼ ਜਾਰੀ ਰਿਹਾ। ਹੁਣ ਜਦੋਂ ਕੇਂਦਰ ਸਰਕਾਰ ਨੇ ਸੈਨੇਟ-ਸਿੰਡੀਕੇਟ ਨੂੰ ਰੱਦ ਕਰਨ ਵਾਲਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ, ਤਾਂ ਵਿਦਿਆਰਥੀ ਸੈਨੇਟ ਚੋਣਾਂ ਦੀ ਮਿਤੀ ਦਾ ਐਲਾਨ ਹੋਣ ਤੱਕ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਦੀ ਮੰਗ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਸੈਨੇਟ - ਸਿੰਡੀਕੇਟ ਨੂੰ ਰੱਦ ਕਰਨ ਦੇ ਆਪਣੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਤੋਂ ਬਾਅਦ ਵਾਈਸ ਚਾਂਸਲਰ ਨੇ 8 ਨਵੰਬਰ ਨੂੰ ਕਿਹਾ ਕਿ ਉਨ੍ਹਾ ਸੈਨੇਟ ਚੋਣਾਂ ਕਰਵਾਉਣ ਲਈ ਉਪ ਰਾਸ਼ਟਰਪਤੀ ਨੂੰ ਇੱਕ ਪ੍ਰਸਤਾਵ ਭੇਜਿਆ ਹੈ ਅਤੇ ਇਸ ਨੂੰ ਮਨਜ਼ੂਰੀ ਮਿਲਦੇ ਹੀ ਚੋਣ ਦੀ ਮਿਤੀ ਦਾ ਐਲਾਨ ਕਰ ਦੇਣਗੇ, ਪਰ ਵਿਦਿਆਰਥੀ ਇਸ ਗੱਲ 'ਤੇ ਅੜੇ ਹਨ ਕਿ ਉਨ੍ਹਾਂ ਦਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਮਿਤੀ ਦਾ ਐਲਾਨ ਨਹੀਂ ਹੋ ਜਾਂਦਾ।

## 'ਮੇਰੀ ਬਾਂਹ ਛੱਡ ਦੇ, ਨਹੀਂ ਤਾਂ ਆਵਦਾ ਹਿਸਾਬ ਲਾ ਲਈਂ'



**ਚੰਡੀਗੜ੍ਹ** : ਪੰਜਾਬ ਯੂਨੀਵਰਸਿਟੀ ਵਿੱਚ ਸੋਮਵਾਰ ਨੂੰ ਵਿਦਿਆਰਥੀਆਂ ਵੱਲੋਂ ਸਿਆਸੀ ਅਤੇ ਕਿਸਾਨ ਆਗੂਆਂ ਦੇ ਨਾਲ ਮਿਲ ਕੇ ਲੰਬੇ ਸਮੇਂ ਤੋਂ ਲਟਕਦੀਆਂ ਸੈਨੇਟ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਕੀਤੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਮਾਹੌਲ ਗਰਮ ਨਜ਼ਰ ਆਇਆ। ਇਸ ਅੰਦੋਲਨ ਕਾਰਨ ਯੂਨੀਵਰਸਿਟੀ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਅਤੇ ਸਵੇਰੇ ਤੜਕਸਾਰ ਗੇਟ ਬੰਦ ਕਰ ਦਿੱਤੇ ਗਏ ਤਾਂ ਜੋ ਪ੍ਰਦਰਸ਼ਨਕਾਰੀਆਂ ਨੂੰ ਕੈਂਪਸ ਦੇ ਅੰਦਰ ਇਕੱਠੇ ਹੋਣ ਤੋਂ ਰੋਕਿਆ ਜਾ ਸਕੇ। ਇਸ ਹੰਗਾਮੇ ਦੇ ਵਿਚਕਾਰ ਇੱਕ ਵਿਦਿਆਰਥਣ ਵਿਰੋਧ ਪ੍ਰਦਰਸ਼ਨ ਦਾ ਅਚਾਨਕ ਮੋਹਰੀ ਚਿਹਰਾ ਬਣ ਗਈ, ਜਦੋਂ ਇੱਕ ਪੁਲਸ ਕਰਮਚਾਰੀ ਨਾਲ ਉਸ ਦੇ ਟਕਰਾਅ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਕਲਿੱਪ ਵਿੱਚ ਵਿਦਿਆਰਥਣ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ, "ਬਾਂਹ ਛੱਡੋ... ਜੇ ਮੇਰੇ 'ਤੇ ਪੈ ਗਈ ਫਿਰ ਆਪਣਾ ਹਿਸਾਬ ਲਾ ਲਈਂ... ਲੜਦੇ ਲੋਕੀਂ ਜ਼ਿੰਦਾਬਾਦ।" ਇਸ ਧੀ ਦੀ ਪਛਾਣ ਹਰਮਨਪ੍ਰੀਤ ਕੌਰ ਵਜੋਂ ਹੋਈ ਹੈ ਅਤੇ ਉਹ ਸ੍ਰੀ ਅਨੰਦਪੁਰ ਸਾਹਿਬ ਦੀ ਰਹਿਣ ਵਾਲੀ ਹੈ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਐਂਥਰੋਪੋਲੋਜੀ ਵਿਭਾਗ ਵਿੱਚ ਦੂਜੇ ਸਾਲ ਦੀ ਵਿਦਿਆਰਥਣ ਹੈ। ਉਸ ਨੇ ਬਾਅਦ ਵਿੱਚ ਦੱਸਿਆ ਕਿ ਉਹ ਸਵੇਰੇ 5 ਵਜੇ ਦੇ ਕਰੀਬ ਯੂਨੀਵਰਸਿਟੀ ਵੱਲ ਤੁਰ ਪਈ ਸੀ। ਉਸ ਨੇ ਕਿਹਾ, "ਯੂਨੀਵਰਸਿਟੀ ਦਾ ਕੋਈ ਵੀ ਗੇਟ ਖੁੱਲ੍ਹਾ ਨਹੀਂ ਸੀ। ਜਦੋਂ ਮੈਂ ਇੱਕ ਗੇਟ 'ਤੇ ਪਹੁੰਚੀ, ਤਾਂ ਇੱਕ ਪੁਲਸ ਕਰਮਚਾਰੀ ਨੇ ਮੇਰੀ ਬਾਂਹ ਫੜ ਲਈ ਤਾਂ ਮੈਂ ਉਸ ਦਾ ਦਲੇਰੀ ਨਾਲ ਮੁਕਾਬਲਾ ਕੀਤਾ।" ਬਾਅਦ ਵਿੱਚ ਉਨ੍ਹਾਂ ਨੇ ਮੈਨੂੰ ਅੰਦਰ ਜਾਣ ਦਿੱਤਾ। ਵਿਦਿਆਰਥਣ ਦੇ ਪਿਤਾ ਸੁਖਬੀਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੀ ਧੀ ਆਪਣੇ ਹੱਕ ਲਈ ਲੜਨਾ ਚੰਗੀ ਤਰ੍ਹਾਂ ਜਾਣਦੀ ਹੈ। ਹਰਮਨਪ੍ਰੀਤ ਕੌਰ ਦਾ ਭਰਾ ਜਸ਼ਨਪ੍ਰੀਤ ਸਿੰਘ ਏਅਰ ਫੋਰਸ ਵਿੱਚ ਹੈ।

## ਫ਼ਿਰੋਜ਼ਪੁਰ-ਪੱਟੀ ਰੇਲ ਲਾਈਨ ਪ੍ਰਾਜੈਕਟ ਨੂੰ ਹਰੀ ਝੰਡੀ

**ਚੰਡੀਗੜ੍ਹ** : ਰੇਲ ਮੰਤਰਾਲੇ ਨੇ ਰਾਜਪੁਰਾ-ਮੁਹਾਲੀ ਰੇਲ ਲਿੰਕ ਨੂੰ ਹਰੀ ਝੰਡੀ ਦੇਣ ਤੋਂ ਕੁਝ ਦਿਨ ਬਾਅਦ ਹੁਣ 25.72 ਕਿਲੋਮੀਟਰ ਲੰਬੇ ਫਿਰੋਜ਼ਪੁਰ-ਪੱਟੀ ਰੇਲ ਲਾਈਨ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਪ੍ਰੋਜੈਕਟ ਲਈ 764 ਕਰੋੜ ਰੁਪਏ ਦੇ ਕੁੱਲ ਬਜਟ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ ਜ਼ਮੀਨ ਪ੍ਰਾਪਤੀ ਲਈ 165 ਕਰੋੜ ਰੁਪਏ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਸਕੱਤਰ ਨੂੰ ਮਨਜ਼ੂਰੀ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਜ਼ਮੀਨ ਪ੍ਰਾਪਤੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਰੇਲ ਰਾਜ ਮੰਤਰੀ ਰਵਨੀਤ ਬਿੱਟੂ ਨੇ ਬੁੱਧਵਾਰ ਨੂੰ ਇਸ ਪ੍ਰਾਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ। ਸੂਤਰਾਂ ਨੇ ਦੱਸਿਆ ਕਿ ਇਹ ਨਵਾਂ ਪ੍ਰਾਜੈਕਟ ਰਣਨੀਤਕ ਪੱਖੋਂ ਬਹੁਤ ਅਹਿਮ ਹੈ ਤੇ ਨਵਾਂ ਰੇਲ ਸੈਕਸ਼ਨ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਵਿਚਕਾਰ ਸਿੱਧਾ ਸੰਪਰਕ ਪ੍ਰਦਾਨ ਕਰੇਗਾ, ਜਿਸ ਨਾਲ ਦੋਵਾਂ ਸ਼ਹਿਰਾਂ ਵਿਚਕਾਰ ਦੂਰੀ 98 ਕਿਲੋਮੀਟਰ ਘਟ ਜਾਵੇਗੀ।

## ਅਲ-ਫਲਾਹ 'ਵਰਸਿਟੀ ਦਾ ਗ੍ਰਿਫਤਾਰ ਡਾਕਟਰਾਂ ਨਾਲ ਕੋਈ ਸੰਬੰਧ ਨਹੀਂ : ਵੀ ਸੀ

**ਫਰੀਦਾਬਾਦ** : ਦਿੱਲੀ ਧਮਾਕਿਆਂ ਨੂੰ ਲੈ ਕੇ ਅਲ-ਫਲਾਹ ਯੂਨੀਵਰਸਿਟੀ ਦੇ ਵੀ.ਸੀ. ਪ੍ਰੋਫੈਸਰ ਡਾ. ਭੁਪਿੰਦਰ ਕੌਰ ਆਨੰਦ ਨੇ ਇਕ ਬਿਆਨ ਜਾਰੀ ਕੀਤਾ ਹੈ। ਉਨ੍ਹਾ ਬਿਆਨ ਵਿਚ ਲਿਖਿਆ ਕਿ ਅਸੀਂ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਦੁਖੀ ਹਾਂ ਅਤੇ ਇਸ ਦੀ ਨਿੰਦਾ ਕਰਦੇ ਹਾਂ।

ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਸਾਡੇ ਦੋ ਡਾਕਟਰਾਂ ਨੂੰ ਜਾਂਚ ਏਜੰਸੀਆਂ ਨੇ ਹਿਰਾਸਤ ਵਿਚ ਲੈ ਲਿਆ ਹੈ ਪਰ ਯੂਨੀਵਰਸਿਟੀ ਦਾ ਉਕਤ ਵਿਅਕਤੀਆਂ ਨਾਲ ਕੋਈ ਸੰਬੰਧ ਨਹੀਂ ਹੈ, ਉਨ੍ਹਾਂ ਤੋਂ ਇਲਾਵਾ ਜੋ ਯੂਨੀਵਰਸਿਟੀ ਨਾਲ ਆਪਣੀ ਅਧਿਕਾਰਤ ਹੈਸੀਅਤ ਵਿਚ ਕੰਮ ਕਰ ਰਹੇ ਹਨ, ਅਸੀਂ ਅਜਿਹੇ ਸਾਰੇ ਝੂਠੇ ਅਤੇ ਅਪਮਾਨਜਨਕ ਦੋਸ਼ਾਂ ਦੀ ਸਖ਼ਤ ਨਿੰਦਾ ਕਰਦੇ ਹਾਂ ਅਤੇ ਸਪੱਸ਼ਟ ਤੌਰ 'ਤੇ ਇਨਕਾਰ ਕਰਦੇ ਹਾਂ। ਕੁਝ ਪਲੇਟਫਾਰਮਾਂ ਦੁਆਰਾ ਦੋਸ਼ ਲਗਾਏ ਗਏ, ਪਰ ਕਿਸੇ ਵੀ ਰਸਾਇਣ ਜਾਂ ਸਮੱਗਰੀ ਦੀ ਵਰਤੋਂ, ਸਟੋਰ ਜਾਂ ਯੂਨੀਵਰਸਿਟੀ ਦੇ ਅਹਾਤੇ ਦੇ ਅੰਦਰ ਨਹੀਂ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਪ੍ਰਯੋਗਸ਼ਾਲਾਵਾਂ ਦੀ ਵਰਤੋਂ ਸਿਰਫ਼ ਅਤੇ ਵਿਸ਼ੇਸ਼ ਤੌਰ 'ਤੇ ਐੱਮ ਬੀ ਬੀ ਐੱਸ ਵਿਦਿਆਰਥੀਆਂ ਅਤੇ ਹੋਰ ਅਧਿਕਾਰਤ ਕੋਰਸਾਂ ਦੀਆਂ ਅਕਾਦਮਿਕ ਅਤੇ ਸਿਖਲਾਈ ਜ਼ਰੂਰਤਾਂ ਲਈ ਕੀਤੀ ਜਾਂਦੀ ਹੈ। ਯੂਨੀਵਰਸਿਟੀ ਸੰਬੰਧਤ ਜਾਂਚ ਅਧਿਕਾਰੀਆਂ ਨੂੰ ਆਪਣਾ ਪੂਰਾ ਸਹਿਯੋਗ ਦੇ ਰਹੀ ਹੈ ਤਾਂ ਜੋ ਉਹ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਤ ਮਾਮਲੇ ਵਿਚ ਇਕ ਤਰਕਪੂਰਨ, ਨਿਰਪੱਖ ਅਤੇ ਨਿਰਣਾਇਕ ਨਿਰਣੇ 'ਤੇ ਪਹੁੰਚਣ ਦੇ ਯੋਗ ਹੋ ਸਕਣ।

## ਤੇਜਸਵੀ ਨੇ ਐਗਜ਼ਿਟ ਪੋਲ ਨੂੰ ਰੱਦ ਕੀਤਾ

**ਪਟਨਾ** : ਆਰ ਜੇ ਡੀ ਆਗੂ ਤੇਜਸਵੀ ਯਾਦਵ ਨੇ ਬੁੱਧਵਾਰ ਨੂੰ ਐਗਜ਼ਿਟ ਪੋਲ ਦੀਆਂ ਭਵਿੱਖਬਾਣੀਆਂ ਨੂੰ ਖਾਰਜ ਕਰ ਦਿੱਤਾ ਕਿ ਐੱਨ ਡੀ ਏ ਬਿਹਾਰ ਵਿੱਚ ਸੱਤਾ 'ਚ ਵਾਪਸ ਆਵੇਗਾ ਅਤੇ ਦਾਅਵਾ ਕੀਤਾ ਕਿ ਅਜਿਹੇ ਅਨੁਮਾਨ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ ਕੀਤੇ ਗਏ ਸਨ। ਇੱਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾ ਇਹ ਵੀ ਭਰੋਸਾ ਪ੍ਰਗਟਾਇਆ ਕਿ ਵਿਰੋਧੀ ਆਈ ਐੱਨ ਡੀ ਆਈ ਏ ਗਠਜੋੜ ਸੂਬੇ ਵਿੱਚ ਸਰਕਾਰ ਬਣਾਏਗਾ। ਆਰ ਜੇ ਡੀ ਆਗੂ ਨੇ ਦੋਸ਼ ਲਾਇਆ, "ਐਗਜ਼ਿਟ ਪੋਲ ਕੁਝ ਵੀ ਨਹੀਂ ਹਨ। ਇਹ ਅਨੁਮਾਨ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ ਕੀਤੇ ਗਏ ਹਨ।" ਮੰਗਲਵਾਰ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਐਗਜ਼ਿਟ ਪੋਲਾਂ ਨੇ ਸੂਬੇ ਵਿੱਚ ਐੱਨ ਡੀ ਏ ਸਰਕਾਰ ਦੀ ਵਾਪਸੀ, ਵਿਰੋਧੀ 'ਮਹਾਂਗਠਜੋੜ' ਲਈ ਮਾੜਾ ਪ੍ਰਦਰਸ਼ਨ ਅਤੇ ਸਾਬਕਾ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਜਨ ਸੂਰਾਜ ਪਾਰਟੀ ਲਈ ਨਿਰਾਸ਼ਾਜਨਕ ਪ੍ਰਦਰਸ਼ਨ ਦੀ ਭਵਿੱਖਬਾਣੀ ਕੀਤੀ ਸੀ।

## ਪੰਜਾਬ ਕੈਬਨਿਟ ਦੀ ਮੀਟਿੰਗ ਭਲਕੇ

**ਚੰਡੀਗੜ੍ਹ** : ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ 14 ਨਵੰਬਰ ਨੂੰ ਹੋਵੇਗੀ। ਮੰਤਰੀ ਮੰਡਲ ਮਾਮਲੇ ਸ਼ਾਖਾ ਵੱਲੋਂ ਜਾਰੀ ਪੱਤਰ ਅਨੁਸਾਰ ਪੰਜਾਬ ਕੈਬਨਿਟ ਦੀ ਮੀਟਿੰਗ ਮੁੱਖ ਮੰਤਰੀ ਰਿਹਾਇਸ਼ 'ਤੇ 14 ਨਵੰਬਰ ਨੂੰ ਚਾਰ ਵਜੇ ਸੱਦੀ ਗਈ ਹੈ। ਮੀਟਿੰਗ ਦਾ 'ਏਜੰਡਾ' ਹਾਲੇ ਜਾਰੀ ਨਹੀਂ ਕੀਤਾ ਗਿਆ। ਪੰਜਾਬ ਕੈਬਨਿਟ ਦੀ ਮੀਟਿੰਗ ਉਸ ਵਕਤ ਹੋਵੇਗੀ, ਜਦੋਂ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਨਤੀਜੇ ਸਾਹਮਣੇ ਆ ਚੁੱਕੇ ਹੋਣਗੇ। ਪਤਾ ਲੱਗਿਆ ਹੈ ਕਿ ਕੈਬਨਿਟ ਮੀਟਿੰਗ 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦਾ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਸੱਦੇ ਜਾਣ ਬਾਰੇ ਫ਼ੈਸਲਾ ਲਿਆ ਜਾ ਸਕਦਾ ਹੈ।

## ਕੁਲਗਾਮ ਤੋਂ ਇੱਕ ਹੋਰ ਡਾਕਟਰ ਗ੍ਰਿਫ਼ਤਾਰ

**ਜੰਮੂ** : ਕਸ਼ਮੀਰ ਪੁਲਸ ਨੇ ਲਾਲ ਕਿਲ੍ਹਾ ਧਮਾਕੇ ਦੇ ਮਾਮਲੇ ਵਿਚ ਮੰਗਲਵਾਰ ਰਾਤ ਨੂੰ ਕਸ਼ਮੀਰ ਦੇ ਕੁਲਗਾਮ ਤੋਂ ਇਕ ਹੋਰ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ। ਡਾਕਟਰ ਦੀ ਪਛਾਣ ਡਾ. ਤਜਾਮੁਲ ਵਜੋਂ ਹੋਈ ਹੈ। ਉਹ ਸ੍ਰੀਨਗਰ ਦੇ ਐੱਸ.ਐੱਮ.ਐੱਚ.ਐੱਸ. ਹਸਪਤਾਲ ਵਿਚ ਕੰਮ ਕਰਦਾ ਹੈ। ਉਸ ਨੂੰ ਸ੍ਰੀਨਗਰ ਵਿਚ ਉਸ ਦੇ ਕਿਰਾਏ ਦੇ ਕਮਰੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਧਮਾਕੇ ਦੇ ਸੰਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਕਸ਼ਮੀਰ ਦਾ ਪੰਜਵਾਂ ਡਾਕਟਰ ਹੈ।


## ਅੱਜ-ਨਾਮਾ

ਹੁਸੀਨਾ ਛੱਡ ਆਈ ਬੰਗਲਾ ਦੇਸ਼ ਆਪਣਾ,
ਭਾਰਤ ਵਿੱਚ ਆ ਚਿਰਾਂ ਦੀ ਆਈ ਮੀਆਂ।
ਖਤਰਾ ਏਥੇ ਵੀ ਸੁਣੀਂਦਾ ਬਹੁਤ ਉਸ ਨੂੰ,
ਰੱਖਦੀ ਤਾਂ ਹੀ ਉਹ ਸਿਰ ਛੁਪਾਈ ਮੀਆਂ।
ਆਪਣੇ ਦੇਸ਼ ਵਿੱਚ ਪਿੱਛੇ ਪਈ ਮੰਗ ਹੁੰਦੀ,
ਮੁਕੱਦਮੇ ਕਰਨ ਨੂੰ ਜਾਵੇ ਲਿਆਈ ਮੀਆਂ।
ਹੋਰ ਵੀ ਮੁਲਕ ਉਹ ਕਿਸੇ ਨਾ ਜਾਣ ਜੋਗੀ,
ਮੁਸੀਬਤ ਜਾਵੇ ਨਾ ਕਦੀ ਟਰਕਾਈ ਮੀਆਂ।
ਜਿਹੜੇ ਲੋਕਾਂ ਸੀ ਬਖਸ਼ਿਆ ਮਾਣ ਉਸ ਨੂੰ,
ਇਸ ਨੇ ਕਦਰ ਨਾ ਉਨ੍ਹਾਂ ਦੀ ਪਾਈ ਮੀਆਂ।
ਭੱਜ ਕੇ ਮੁਲਕ ਤੋਂ ਭਾਰਤ ਸੀ ਆਣ ਬੈਠੀ,
ਅਗਲਾ ਦੇਂਦਾ ਨਹੀਂ ਰਾਹ ਦਿਖਾਈ ਮੀਆਂ।

-ਤੀਸ ਮਾਰ ਖਾਂ

## ਕਤਲ ਦੇ ਮਾਮਲੇ 'ਚ ਵਕੀਲ ਨੂੰ ਤੁਰੰਤ ਰਿਹਾਅ ਕਰਨ ਦਾ ਹੁਕਮ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਦਿੱਲੀ-ਅਧਾਰਤ ਵਕੀਲ ਵਿਕਰਮ ਸਿੰਘ, ਜਿਸ ਨੂੰ ਕਤਲ ਦੇ ਇੱਕ ਮਾਮਲੇ ਵਿੱਚ ਗੁਰੂਗ੍ਰਾਮ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐੱਸ.ਟੀ.ਐੱਫ.) ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ। ਚੀਫ਼ ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਅਤੇ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਵਕੀਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਵਿਕਾਸ ਸਿੰਘ ਦੀ ਸੁਣਵਾਈ ਤੋਂ ਬਾਅਦ ਇਹ ਹੁਕਮ ਪਾਸ ਕੀਤਾ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਸਿੰਘ ਨੂੰ 10,000 ਰੁਪਏ ਦੇ ਜ਼ਮਾਨਤੀ ਮੁਚੱਲਕੇ 'ਤੇ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਬੁੱਧਵਾਰ ਨੂੰ ਸੂਚੀਬੱਧ ਕੀਤੀ। ਬੈਂਚ ਨੇ ਤੁਰੰਤ ਪਾਲਣਾ ਲਈ ਸੁਪਰੀਮ ਕੋਰਟ ਦੇ ਰਜਿਸਟਰਾਰ (ਜੁਡੀਸ਼ੀਅਲ) ਨੂੰ ਹੁਕਮ ਗੁਰੂਗ੍ਰਾਮ ਪੁਲਸ ਕਮਿਸ਼ਨਰ ਤੱਕ ਪਹੁੰਚਾਉਣ ਦਾ ਨਿਰਦੇਸ਼ ਦਿੱਤਾ।

## ਵਕੀਲਾਂ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ 10 ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਥਾਨਕ ਸ਼ਹਿਰ ਵਿਖੇ ਦੋ ਵਕੀਲਾਂ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਦੋ ਵੱਖ ਵੱਖ ਮਾਮਲਿਆਂ ਵਿੱਚ ਪੁਲਸ ਵੱਲੋਂ 10 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਐਡਵੋਕੇਟ ਤੇਜਿੰਦਰ ਸਿੰਘ ਸਲਾਣਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਆਪਣੇ ਕੈਬਿਨ ਵਿੱਚ ਬੈਠਾ ਸੀ ਤਾਂ ਉਸ ਕੋਲ ਅਮਨਦੀਪ ਸਿੰਘ ਅਤੇ ਗੁਰਮੇਲ ਸਿੰਘ ਆਏ ਜਿਨ੍ਹਾਂ ਨੂੰ ਉਸ ਨੇ ਕਹਿ ਦਿੱਤਾ ਕਿ ਤੁਸੀਂ ਤਰੀਕ 'ਤੇ ਲੇਟ ਆਉਂਦੇ ਹੋ ਜਦੋਂ ਕਿ ਜੱਜ ਸਾਹਿਬ ਨੇ ਤੁਹਾਡੇ ਪਹਿਲਾਂ ਹੀ ਵਾਰੰਟ ਕੱਢੇ ਹੋਏ ਹਨ, ਮੈਂ ਤੁਹਾਡਾ ਕੇਸ ਨਹੀਂ ਲੜਨਾ। ਜਿਸ 'ਤੇ ਉਕਤ ਵਿਅਕਤੀ ਅਦਾਲਤ ਵਿੱਚ ਚਲੇ ਗਏ ਤੇ ਕੁਝ ਚਿਰ ਬਾਅਦ ਵਾਪਸ ਉਸ ਦੇ ਕੈਬਿਨ ਵਿੱਚ ਆ ਕੇ ਕਹਿਣ ਲੱਗੇ ਕਿ ਤੂੰ ਸਾਡਾ ਕੇਸ ਵਾਲਾ ਲਿਫਾਫਾ ਤੇ ਫੀਸ ਵਾਪਸ ਮੋੜ। ਉਕਤ ਵਿਅਕਤੀਆਂ ਦੇ ਨਾਲ ਆਏ ਵਿਅਕਤੀ ਨੇ ਕਿਹਾ ਕਿ ਮੈਂ ਲਾਡੀ ਭਲਵਾਨ ਹਾਂ, ਜੇਕਰ ਤੂੰ ਇਹਨਾਂ ਦੀ ਫੀਸ ਅਤੇ ਕੇਸ ਵਾਲਾ ਲਿਫਾਫਾ ਵਾਪਸ ਨਾ ਕੀਤਾ ਤਾਂ ਮੈਂ ਤੇਰੀ ਬੁਰੀ ਤਰ੍ਹਾਂ ਕੁੱਟਮਾਰ ਕਰਾਂਗਾ। ਜਿਸ 'ਤੇ ਜਦੋਂ ਉਸ ਨੇ ਕੈਬਿਨ ਵਿੱਚੋਂ ਬਾਹਰ ਨਿਕਲ ਕੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦੇ ਕੈਬਿਨ ਦੀ ਵੀ ਭੰਨਤੋੜ ਕੀਤੀ।ਤੇਜਿੰਦਰ ਸਿੰਘ ਦੇ ਬਿਆਨਾਂ 'ਤੇ ਅਮਨਦੀਪ ਸਿੰਘ, ਗੁਰਮੇਲ ਸਿੰਘ ਵਾਸੀਆਨ ਪਿੰਡ ਬਾਠਾਂ (ਮਲੇਰਕੋਟਲਾ) ਅਤੇ ਲਾਡੀ ਭਲਵਾਨ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਗੁਰਮੇਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਦੋਂ ਕਿ ਦੂਸਰੇ ਵਿਅਕਤੀਆਂ ਦੀ ਭਾਲ ਜਾਰੀ ਹੈ। ਇੱਕ ਵੱਖਰੇ ਮਾਮਲੇ ਵਿੱਚ ਐਡਵੋਕੇਟ ਕਮਲਜੀਤ ਸਿੰਘ ਵਾਸੀ ਪਿੰਡ ਮੰਡੋਫਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੇ ਸਾਥੀ ਜਸਪ੍ਰੀਤ ਸਿੰਘ ਦਾ ਉਸ ਨੂੰ ਫੋਨ ਆਇਆ ਜਿਸ ਨੇ ਦੱਸਿਆ ਕਿ ਜਸਮੀਤ ਸਿੰਘ ਵਗੈਰਾ ਉਸ ਦੀ ਤੇ ਉਸ ਦੇ ਸਾਥੀ ਰਣਵੀਰ ਸਿੰਘ ਦੀ ਟਿੱਪੂ ਯੂਨੀਅਨ ਸਰਹਿੰਦ ਨਜ਼ਦੀਕ ਕੁੱਟਮਾਰ ਕਰ ਰਹੇ ਹਨ। ਜਿਸ 'ਤੇ ਉਹ ਤੇ ਉਸ ਦੇ ਪਿਤਾ ਮੌਕੇ 'ਤੇ ਪਹੁੰਚੇ ਤਾਂ ਉੱਥੇ ਮੌਜੂਦ ਵਿਅਕਤੀਆਂ ਨੇ ਉਸ ਦੀ ਤੇ ਉਸ ਦੇ ਪਿਤਾ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉੱਥੇ ਮੌਜੂਦ ਮਨੀ ਨਾਮਕ ਨੌਜਵਾਨ ਵੱਲੋਂ ਉਸ ਦੇ ਗਲ ਵਿੱਚ ਪਾਈ ਸੋਨੇ ਦੀ ਚੇਨੀ ਵੀ ਝਪਟ ਲਈ ਗਈ। ਕਮਲਜੀਤ ਸਿੰਘ ਨੇ ਦੋਸ਼ ਲਗਾਏ ਕਿ ਉਕਤ ਵਿਅਕਤੀਆਂ ਵੱਲੋਂ ਉਸ ਦੀ ਇਸ ਕਰਕੇ ਕੁੱਟਮਾਰ ਕੀਤੀ ਗਈ ਕਿਉਂਕਿ ਉਹ ਜਸਮੀਤ ਸਿੰਘ ਦਾ ਕੇਸ ਲੜ ਰਿਹਾ ਹੈ। ਐਡਵੋਕੇਟ ਕਮਲਜੀਤ ਸਿੰਘ ਦੇ ਬਿਆਨਾਂ 'ਤੇ ਲਾਲੀ ਵਾਸੀ ਪਿੰਡ ਭਮਾਰਸੀ ਜੇਰ, ਸੰਦੀਪ ਸਿੰਘ ਉਰਫ ਵਿੱਕੀ ਵਾਸੀ ਪਿੰਡ ਮੰਡੋਫਲ, ਜਸਪ੍ਰੀਤ ਸਿੰਘ ਉਰਫ ਜੱਸ, ਮਨਪ੍ਰੀਤ ਸਿੰਘ ਉਰਫ ਮਨੀ ਅਤੇ ਕਰਨਦੀਪ ਸਿੰਘ ਉਰਫ ਕਰਨ ਵਾਸੀਆਨ ਸਰਹਿੰਦ ਅਤੇ ਦੋ ਨਾਮਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਪੀ ਐਮ ਸ਼੍ਰੀ ਸਕੂਲਾਂ ਨੂੰ ਖੱਜਲ ਖੁਆਰ ਕਰਨਾ ਬੰਦ ਕਰੇ ਪੰਜਾਬ ਸਰਕਾਰ : ਡੀ ਟੀ ਐੱਫ

**ਸੰਗਰੂਰ (ਪ੍ਰਵੀਨ ਸਿੰਘ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਪੀ.ਐਮ ਸ਼੍ਰੀ ਸਕੂਲਾਂ ਦੀ ਲਗਾਤਾਰ ਹੋ ਰਹੀ ਖੱਜਲ ਖੁਆਰੀ, ਮਿਡ ਡੇਅ ਮੀਲ ਦੀ ਪਿਛਲੇ ਤਿੰਨ ਮਹੀਨਿਆਂ ਤੋਂ ਕੁਕਿੰਗ ਕਾਸਟ ਨਾ ਆਉਣ ਤੇ ਮਿਡ ਡੇਅ ਮੀਲ ਵਰਕਰਾਂ ਦੀ ਸਿਰਫ 1500 ਰੁਪਏ ਤਨਖਾਹ ਪਾਉਣ ਵਿਰੁੱਧ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ



ਗਈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਤੇ ਜਨਰਲ ਸਕੱਤਰ ਅਮਨ ਵਿਸ਼ਿਸ਼ਟ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ 347 ਦੇ ਕਰੀਬ ਕੇਂਦਰ ਤੇ ਪੰਜਾਬ ਸਰਕਾਰ ਦੇ 60:40 ਦੇ ਖਰਚੇ ਦੀ ਰੇਸ਼ੋ ਨਾਲ ਪੀ.ਐਮ ਸ਼੍ਰੀ ਸਕੂਲ ਬਣਾਏ ਗਏ ਹਨ।ਇਨ੍ਹਾਂ ਸਕੂਲਾਂ ਵਿੱਚ ਵਿਦਿਅਕ ਟੂਰ, ਬੈਗਲੈਸ ਡੇਅ, ਫੀਲਡ ਵਿਜਿਟ, ਸਿਵਲ ਵਰਕਸ ਆਦਿ ਬਹੁਤ ਸਾਰੀਆਂ ਗਤੀਵਿਧੀਆਂ ਤਹਿਤ ਫੰਡ ਦਿੱਤੇ ਜਾ ਰਹੇ ਸਨ ਤੇ ਸਕੂਲਾਂ ਵੱਲੋਂ ਹਰ ਇੱਕ ਗਤੀਵਿਧੀ ਨੂੰ ਕਰਾਇਆ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਵੱਲੋਂ ਗਤੀਵਿਧੀਆਂ ਕਰਾਏ ਜਾਣ ਉਪਰੰਤ ਖਜ਼ਾਨਾ ਦਫਤਰਾਂ ਨੂੰ ਬਿੱਲ ਭੇਜਣ ਤੇ ਦੁਕਾਨਦਾਰਾਂ ਦੇ ਖਾਤੇ ਵਿੱਚ ਖ਼ਜ਼ਾਨਾ ਦਫਤਰ ਵੱਲੋਂ ਕੋਈ ਅਦਾਇਗੀ ਨਹੀਂ ਕੀਤੀ ਜਾ ਰਹੀ। ਇਸ ਨਾਲ ਸਕੂਲ ਚਲਾਉਣ ਵਿੱਚ ਬਹੁਤ ਖੱਜਲ ਖੁਆਰੀ ਦਾ ਸ਼ਿਕਾਰ ਹੋ ਰਹੇ ਹਨ, ਕਿਉਂਕਿ ਸਕੂਲੀ ਕਿਰਿਆਵਾਂ ਕਰਾਉਣ ਲਈ ਸਮਾਨ ਖਰੀਦ ਕੇ ਪੈਸੇ ਤੁਰੰਤ ਦੇਣੇ ਪੈਂਦੇ ਹਨ, ਜਿਸਦਾ ਸਾਰਾ ਆਰਥਿਕ ਬੋਝ ਸਕੂਲ ਮੁਖੀ ਉਪਰ ਪੈ ਰਿਹਾ ਹੈ।ਸਕੂਲ ਪੱਧਰ 'ਤੇ ਜੇਕਰ ਟੀਚੀਐਸ ਚਲਾਨ ਤਿਆਰ ਕਰਕੇ ਪੇਮੈਂਟ ਦੀ ਅਦਾਇਗੀ ਕੀਤੀ ਜਾਂਦੀ ਹੈ ਤਾਂ ਪੰਜਾਬ ਸਰਕਾਰ ਵੱਲੋਂ ਕਈ ਕਈ ਦਿਨ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਜਿਸ ਕਰਕੇ ਸਾਰੀ ਪ੍ਰਕਿਰਿਆ ਨੂੰ ਵਾਰ-ਵਾਰ ਕਰਨਾ ਪੈਂਦਾ ਹੈ ਤੇ ਫੰਡ ਲੰਬੇ ਸਮੇਂ ਲਈ ਲਟਕ ਜਾਂਦੇ ਹਨ, ਜਿਸ 'ਚ ਲਗਾਤਾਰ ਸਕੂਲ ਮੁਖੀਆਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਪਿਛਲੇ ਤਿੰਨ ਮਹੀਨਿਆਂ ਤੋਂ ਮਿਡ ਡੇ ਮੀਲ ਬਣਾਉਣ ਲਈ ਆਉਂਦਾ ਖਰਚਾ, ਕੁਕਿੰਗ ਕਾਸਟ ਸਕੂਲਾਂ ਨੂੰ ਪ੍ਰਾਪਤ ਨਹੀਂ ਹੋਈ।ਸਕੂਲਾਂ ਵਿੱਚ ਚਲਦੇ ਮਿਡ ਡੇਅ ਮੀਲ ਦਾ ਖਰਚਾ ਵੀ ਸਕੂਲ ਮੁਖੀ ਤੇ ਅਧਿਆਪਕ ਆਪਣੀਆਂ ਜੇਬਾਂ ਵਿੱਚੋਂ ਕਰ ਰਹੇ ਹਨ।ਦੁਕਾਨਦਾਰਾਂ ਦੇ ਹਜ਼ਾਰਾਂ ਰੁਪਏ ਦੇ ਬਿੱਲ ਪੈਂਡਿੰਗ ਹਨ।ਇਸ ਤੋਂ ਇਲਾਵਾ ਮਿਡ ਡੇਅ ਮੀਲ ਵਰਕਰਾਂ ਦੀ ਅਕਤੂਬਰ ਮਹੀਨੇ ਦੀ ਕੁੱਲ 3000 ਤਨਖਾਹ ਵਿੱਚੋਂ ਸਿਰਫ 1500 ਰੁਪਏ ਹੀ ਉਨ੍ਹਾਂ ਦੇ ਖਾਤਿਆਂ ਵਿੱਚ ਪਾਏ ਗਏ ਹਨ।

## ਠੇਕੇਦਾਰ ਮੈਰਿਜ ਪੈਲੇਸਾਂ 'ਚ ਮਨਮਾਨੇ ਭਾਅ 'ਤੇ ਨਹੀਂ ਵੇਚ ਸਕਣਗੇ ਸ਼ਰਾਬ

**ਪਟਿਆਲਾ (ਰਾਜਿੰਦਰ ਥਿੰਦ)** ਸ਼ਰਾਬ ਵਿਕਰੇਤਾ ਹੁਣ ਮਨਮਾਨੇ ਭਾਅ 'ਤੇ ਸ਼ਰਾਬ ਨਹੀਂ ਵੇਚ ਸਕਣਗੇ।ਆਬਕਾਰੀ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਦੇ ਮੈਰਿਜ ਪੈਲੇਸਾਂ 'ਚ ਸ਼ਰਾਬ ਵੇਚਣ 'ਤੇ ਪਾਬੰਦੀ ਲਾ ਦਿੱਤੀ ਹੈ।ਨਿਸ਼ਚਿਤ ਦਰਾਂ ਨਿਰਧਾਰਿਤ ਕੀਤੀਆਂ ਗਈਆਂ ਹਨ।ਠੇਕੇਦਾਰ ਇਨ੍ਹਾਂ ਦਰਾਂ ਤੋਂ ਵੱਧ ਨਹੀਂ ਵੇਚ ਸਕਣਗੇ। ਨਵੀਆਂ ਦਰਾਂ ਤੁਰੰਤ ਲਾਗੂ ਕਰ ਦਿੱਤੀਆਂ ਗਈਆਂ ਹਨ।



ਧਿਆਨਯੋਗ ਹੈ ਕਿ ਸ਼ਰਾਬ ਵਿਕ੍ਰੇਤਾਵਾਂ ਨੇ ਵਿਆਹ ਦੇ ਸੀਜ਼ਨ 'ਤੇ ਪਾਬੰਦੀ ਲਗਾ ਦਿੱਤੀ ਹੈ।ਇਸ ਦੇ ਮੱਦੇਨਜ਼ਰ ਇੱਕ ਸਿੰਡੀਕੇਟ ਬਣਾਇਆ ਗਿਆ ਸੀ, ਜਿਸ ਤਹਿਤ ਹਰ ਸ਼ਰਾਬ ਦੇ ਡੱਬੇ ਦੀ ਕੀਮਤ ਦੁੱਗਣੀ ਤੋਂ ਵੱਧ ਕਰ ਦਿੱਤੀ ਗਈ ਸੀ। ਨੋਟੀਫਿਕੇਸ਼ਨ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਵੀ ਠੇਕੇਦਾਰ ਨਿਰਧਾਰਿਤ ਦਰਾਂ ਤੋਂ ਵੱਧ ਸ਼ਰਾਬ ਨਹੀਂ ਵੇਚੇਗਾ, ਜਿਸ ਪੇਟੀ ਦੀ ਕੀਮਤ ਠੇਕੇਦਾਰਾਂ ਨੇ 4,000 ਰੁਪਏ ਤੋਂ ਵਧਾ ਕੇ 7,000 ਰੁਪਏ ਕਰ ਦਿੱਤੀ ਸੀ, ਹੁਣ ਉਸ ਨੂੰ 3,900 ਰੁਪਏ ਤੈਅ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜੋ ਪੇਟੀ ਪਹਿਲਾਂ 5,000 ਰੁਪਏ ਤੋਂ ਲੈ ਕੇ 22,000 ਰੁਪਏ 'ਚ ਵਿਕਦੀ ਸੀ ਤੇ ਵਪਾਰੀਆਂ ਨੇ ਇਸ ਨੂੰ 9,000 ਤੋਂ 35,000 ਰੁਪਏ 'ਚ ਵੇਚਣਾ ਸ਼ੁਰੂ ਕਰ ਦਿੱਤਾ ਸੀ, ਪਰ ਹੁਣ ਉਹ ਇਸ ਨੂੰ 21,300 ਰੁਪਏ ਤੋਂ ਵੱਧ 'ਚ ਨਹੀਂ ਵੇਚ ਸਕਣਗੇ।ਇਸੇ ਤਰ੍ਹਾਂ ਜਿਸ ਪੇਟੀ ਦਾ ਰੇਟ 40,000 ਰੁਪਏ ਤੋਂ ਵਧਾ ਕੇ 67,000 ਰੁਪਏ ਕਰ ਦਿੱਤਾ ਸੀ, ਔਜ ਵਿਭਾਗ ਨੇ 46,500 ਰੇਟ ਤੈਅ ਕਰ ਦਿੱਤਾ ਹੈ ਇਸ ਵਿਚ ਜੇ. ਡਬਲਯੂ. ਤੇ ਗੋਲਡ ਲੇਬਲ ਰਿਜ਼ਰਵ ਵਰਗੇ ਬ੍ਰਾਂਡ ਸ਼ਾਮਲ ਹਨ।ਸ਼ਿਵਾਸ ਰੀਗਲ ਪੇਟੀ ਦੀ ਕੀਮਤ 90,000 ਰੁਪਏ ਕਰ ਦਿੱਤਾ ਸੀ।ਵਿਭਾਗ ਨੇ ਇਸ ਦੀ ਕੀਮਤ 60,900 ਰੁਪਏ ਕਰ ਦਿੱਤੀ ਹੈ।ਵਿਭਾਗ ਨੇ ਇਸ ਨੋਟੀਫਿਕੇਸ਼ਨ ਨੂੰ ਆਪਣੀ ਵੈੱਬਸਾਈਟ 'ਤੇ ਡਾਊਨਲੋਡ ਕਰ ਲਿਆ ਹੈ।ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ ਬਾਅਦ ਜਿਥੇ ਸ਼ਰਾਬ ਵਿਕ੍ਰੇਤਾਵਾਂ ਦੇ ਚਿਹਰਿਆਂ 'ਤੇ ਉਦਾਸੀ ਸੀ, ਉਥੇ ਸ਼ਰਾਬ ਪ੍ਰੇਮੀਆਂ ਅਤੇ ਵਿਆਹ ਕਰਨ ਵਾਲੇ ਲੋਕਾਂ ਦੇ ਚਿਹਰੇ ਖਿੜ ਗਏ।

## ਡੀ ਏ ਵੀ ਸੈਂਟਨਰੀ ਪਬਲਿਕ ਸਕੂਲ 'ਚ ਡੈਂਟਲ ਚੈੱਕਅਪ ਕੈਂਪ ਲਾਇਆ

**ਜਗਰਾਉਂ (ਸੰਜੀਵ ਅਰੋੜਾ)** ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਕੂਲ ਵਿੱਚ ਡੈਂਟਲ ਚੈੱਕਅੱਪ ਕੈਂਪ



ਲਾਇਆ ਗਿਆ, ਜਿਸ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਡੈਂਟਲ ਕਾਲਜ ਤੇ ਹਸਪਤਾਲ ਸਰਾਭਾ ਲੁਧਿਆਣਾ ਤੋਂ ਆਈ ਹਸਪਤਾਲ ਦੀ ਟੀਮ ਨੇ ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਦੰਦਾਂ ਦਾ ਮੁਆਇਨਾ ਕੀਤਾ। ਡੈਂਟਲ ਚੈੱਕਅਪ ਕੈਂਪ 'ਚ ਲਗਭਗ 930 ਵਿਦਿਆਰਥੀਆਂ ਦੇ ਦੰਦਾਂ ਦਾ ਮੁਆਇਨਾ ਕੀਤਾ ਗਿਆ। ਵਿਦਿਆਰਥੀਆਂ ਦੇ ਦੰਦਾਂ ਦਾ ਮੁਆਇਨਾਂ ਕਰਨ ਸਮੇਂ ਬੱਚਿਆਂ ਨੂੰ ਦੰਦਾਂ ਦੀ ਸਾਫ਼-ਸਫ਼ਾਈ ਤੇ ਮਜ਼ਬੂਤ ਰੱਖਣ ਸਬੰਧਤ ਜਾਣਕਾਰੀ ਵੀ ਦਿੱਤੀ ਗਈ। ਇਸ ਦੋ ਰੋਜ਼ਾ ਕੈਂਪ ਵਿੱਚ ਹਸਪਤਾਲ ਦੀ ਟੀਮ ਦੇ ਡਾਕਟਰ ਖ਼ੁਸ਼ਬੂ, ਡਾਕਟਰ ਤਮਨਪ੍ਰੀਤ, ਡਾਕਟਰ ਗੁਰਸਿਮਰਨ, ਡਾਕਟਰ ਗਰੀਮਾ, ਡਾਕਟਰ ਪਲਕ ਨਾਇਰ ਨੇ ਆਪਣੀ ਸੇਵਾ ਨਿਭਾਈ। ਪ੍ਰਿੰਸੀਪਲ ਵੇਦ ਵ੍ਰਤ ਪਲਾਹ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਡੈਂਟਲ ਕਾਲਜ ਤੇ ਹਸਪਤਾਲ ਤੋਂ ਆਏ ਡਾਕਟਰਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਸਕੂਲ ਦੇ ਨਰਸ ਮੈਡਮ ਲਖਵੀਰ ਕੌਰ ਵੀ ਹਾਜ਼ਰ ਸਨ।

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਤੇ ਸਿਰਫ ਪੰਜਾਬ ਦਾ ਹੱਕ : ਤਰਕਸ਼ੀਲ ਸੁਸਾਇਟੀ

**ਬਰਨਾਲਾ (ਪੱਤਰ ਪ੍ਰੇਰਕ)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਦੀ ਮੰਗ ਸਮੇਤ ਇਸਦੇ ਭਗਵੇਂਕਰਨ ਤੇ ਕੇਂਦਰੀਕਰਨ ਦੇ ਵਿਰੁੱਧ ਰੋਸ ਧਰਨੇ ਵਿੱਚ ਸ਼ਾਮਲ ਹੋਣ ਆਏ ਵਿਦਿਆਰਥੀਆਂ ਅਤੇ ਪੰਜਾਬ ਦੀਆਂ ਵੱਖ-ਵੱਖ ਲੋਕ ਪੱਖੀ, ਜਮਹੂਰੀ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਉੱਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਲਾਠੀਚਾਰਜ ਕਰਕੇ ਜ਼ਖ਼ਮੀ ਕਰਨ ਤੇ ਰੋਕਾਂ ਲਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਦੇ ਮੁੱਦੇ ਸਮੇਤ ਮੋਦੀ ਸਰਕਾਰ ਦੇ ਪੰਜਾਬ ਵਿਰੋਧੀ ਫੈਸਲਿਆਂ ਤੇ ਸਿੱਖਿਆ ਦੇ ਭਗਵਾਂਕਰਨ, ਵਪਾਰੀਕਰਨ ਤੇ ਕੇਂਦਰੀਕਰਨ ਦੀਆਂ ਨੀਤੀਆਂ ਪ੍ਰਤੀ ਧਾਰੀ ਸਾਜਿਸ਼ੀ ਚੁੱਪ ਦਾ ਸਖ਼ਤ ਵਿਰੋਧ ਕੀਤਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 10 ਨਵੰਬਰ ਦੇ ਧਰਨੇ ਵਿੱਚ ਕੀਤੀ ਭਰਵੀਂ ਸ਼ਮੂਲੀਅਤ ਉਪਰੰਤ ਜਾਰੀ ਬਿਆਨ ਵਿੱਚ ਸੁਸਾਇਟੀ ਦੀ ਸੂਬਾ ਵਰਕਿੰਗ ਕਮੇਟੀ ਦੇ ਆਗੂਆਂ



ਮਾਸਟਰ ਰਾਜਿੰਦਰ ਭਦੌੜ, ਜਸਵਿੰਦਰ ਫਗਵਾੜਾ, ਸੁਮੀਤ ਅੰਮ੍ਰਿਤਸਰ, ਅਜੀਤ ਪ੍ਰਦੇਸੀ ਤੇ ਸੁਖਦੇਵ ਫਗਵਾੜਾ ਨੇ ਕਿਹਾ ਕਿ ਭਾਜਪਾ-ਸੰਘ ਦੀ ਮੋਦੀ ਸਰਕਾਰ, ਹਿੰਦੂਤਵ ਦੇ ਸਾਮਰਾਜੀ ਏਜੰਡੇ ਹੇਠ ਸਮੁੱਚੀ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਕੇਂਦਰੀਕਰਨ, ਭਗਵਾਂਕਰਨ ਤੇ ਵਪਾਰੀਕਰਨ ਕਰਕੇ ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ 'ਤੇ ਪੰਜਾਬ ਦਾ ਕਾਨੂੰਨੀ ਹੱਕ ਸਦੀਵੀਂ ਤੌਰ 'ਤੇ ਖ਼ਤਮ ਕਰਨਾ ਚਾਹੁੰਦੀ ਹੈ, ਜਿਸ ਨੂੰ ਪੰਜਾਬ ਦੇ ਲੋਕਾਂ, ਵਿਦਿਆਰਥੀਆਂ ਤੇ ਜਮਹੂਰੀ ਸੰਸਥਾਵਾਂ ਵੱਲੋਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਤਰਕਸ਼ੀਲ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਅੰਦੋਲਨ ਨੂੰ ਸਿਰਫ਼ ਸੈਨੇਟ ਚੋਣਾਂ ਬਹਾਲ ਕਰਾਉਣ ਤੱਕ ਹੀ ਸੀਮਤ ਰੱਖ ਕੇ ਨਹੀਂ, ਬਲਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਮੁੱਚੇ ਪ੍ਰਬੰਧ ਅਤੇ ਕੰਟਰੋਲ ਨੂੰ ਪੰਜਾਬ ਰਾਜ ਦੇ ਅਧਿਕਾਰ ਖੇਤਰ ਵਿੱਚ ਲੈਣ ਤੇ ਸੈਨੇਟ ਵਿੱਚ ਵੱਖ-ਵੱਖ ਵਰਗਾਂ ਤੇ ਲੋਕ ਪੱਖੀ ਜਮਹੂਰੀ ਬੁੱਧੀਜੀਵੀਆਂ ਦੀ ਵੱਡੀ ਨੁਮਾਇੰਦਗੀ ਤੇ ਖ਼ੁਦਮੁਖ਼ਤਿਆਰੀ ਯਕੀਨੀ ਬਣਾ ਕੇ ਹੀ ਉਚੇਰੀ ਸਿੱਖਿਆ ਤੇ ਯੂਨੀਵਰਸਿਟੀ ਦੀ ਸ਼ਾਨਾਮੱਤੀ ਵਿਰਾਸਤ ਤੇ ਹੋਂਦ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਤਰਕਸ਼ੀਲ ਆਗੂਆਂ ਨੇ ਮੋਦੀ ਹਕੂਮਤ ਵੱਲੋਂ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਦੇ ਹੱਕਾਂ 'ਤੇ ਲਾਈਆਂ ਪਾਬੰਦੀਆਂ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ 2020 ਵਿੱਚ ਵੀ ਮੋਦੀ ਸਰਕਾਰ ਵੱਲੋਂ ਕੌਮੀ ਸਿੱਖਿਆ ਨੀਤੀ-2020 ਦੇ ਪ੍ਰਸਤਾਵ ਹੇਠ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਕੇ ਇਸ ਨੂੰ ਬੋਰਡ ਆਫ ਗਵਰਨਰਜ਼ ਵਿੱਚ ਤਬਦੀਲ ਕਰਨ ਦੀ ਵੱਡੀ ਸਾਜ਼ਿਸ਼ ਰਚੀ ਗਈ ਸੀ ਤਾਂ ਜੁ ਪੰਜਾਬ ਦੀ ਇਕੋ ਇਕ ਨੁਮਾਇੰਦਗੀ ਕਰਦੇ ਸੈਨੇਟ ਦੇ ਖ਼ੁਦਮੁਖ਼ਤਿਆਰ ਅਦਾਰੇ ਨੂੰ ਖ਼ਤਮ ਕਰਕੇ ਇਸਦਾ ਸਮੁੱਚਾ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਸੌਂਪਿਆ ਜਾ ਸਕੇ, ਪਰ ਉਸ ਵਕਤ ਵੀ ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਹੋਰਨਾਂ ਲੋਕ ਪੱਖੀ ਜਮਹੂਰੀ ਜਨਤਕ ਜਥੇਬੰਦੀਆਂ, ਅਧਿਆਪਕਾਂ, ਮੁਲਾਜ਼ਮਾਂ ਤੇ ਬੁੱਧੀਜੀਵੀ ਵਰਗ ਨੇ ਇਸਦਾ ਸਖ਼ਤ ਵਿਰੋਧ ਕਰਕੇ ਇਸ ਫ਼ੈਸਲੇ ਨੂੰ ਵਾਪਸ ਕਰਵਾ ਲਿਆ ਸੀ।

## ਸ਼ਿਵਾਲਿਕ ਮਾਡਲ ਸਕੂਲ ਦੀ ਵਿਦਿਆਰਥਣ ਅੰਜਲੀ ਜੁਨੇਜਾ ਨੇ ਪੁਰਸਕਾਰ ਹਾਸਲ ਕੀਤਾ

**ਜਗਰਾਉਂ, (ਸੰਜੀਵ ਅਰੋੜਾ)** ਵੇਦ ਪ੍ਰਚਾਰ ਮੰਡਲ ਲੁਧਿਆਣਾ ਵੱਲੋਂ ਆਯੋਜਤ ਅੰਤਰ-ਵਿਦਿਆਲਈ ਵੈਦਿਕ ਭਾਸ਼ਣ ਮੁਕਾਬਲੇ 'ਚ ਸ਼ਿਵਾਲਿਕ ਮਾਡਲ ਸਕੂਲ ਦੀ ਕਲਾਸ 10ਵੀਂ ਦੀ ਵਿਦਿਆਰਥਣ ਅੰਜਲੀ ਜੁਨੇਜਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪ੍ਰਸੰਸਾਯੋਗ ਪੁਰਸਕਾਰ ਪ੍ਰਾਪਤ ਕੀਤਾ। ਇਹ ਮੁਕਾਬਲਾ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਕਾਲਜ ਰੋਡ, ਮੁੱਲਾਂਪੁਰ ਦਾਖਾ ਵਿੱਚ ਆਯੋਜਤ ਕੀਤਾ ਗਿਆ, ਜਿਸ ਵਿੱਚ 16 ਸਕੂਲਾਂ ਨੇ ਭਾਗ ਲਿਆ। ਇਨ੍ਹਾਂ 'ਚੋਂ 6 ਸਕੂਲ ਜਗਰਾਉਂ ਖੇਤਰ ਦੇ ਸਨ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਵੈਦਿਕ ਤੇ ਨੈਤਿਕ ਵਿਸ਼ਿਆਂ 'ਤੇ ਪ੍ਰਭਾਵਸ਼ਾਲੀ ਭਾਸ਼ਣ ਪੇਸ਼ ਕੀਤੇ ਤੇ ਆਪਣੀ ਬੋਲਣ ਦੀ ਕਲਾ ਅਤੇ ਆਤਮਵਿਸ਼ਵਾਸ ਨਾਲ ਸਭ ਦਾ ਮਨ ਮੋਹ ਲਿਆ। ਅੰਜਲੀ ਜੁਨੇਜਾ ਦੀ ਪੇਸ਼ਕਾਰੀ ਦੀ ਜੱਜਾਂ ਤੇ ਦਰਸ਼ਕਾਂ ਨੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਅੰਜਲੀ ਜੁਨੇਜਾ ਨੂੰ ਪ੍ਰਸੰਸਾਯੋਗ ਪੁਰਸਕਾਰ ਦੇ ਕੇ ਸਨਮਾਨਤ



ਕੀਤਾ ਗਿਆ। ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਡੀ.ਕੇ. ਸ਼ਰਮਾ, ਪ੍ਰਿੰਸੀਪਲ ਸ਼੍ਰੀਮਤੀ ਨੀਲਮ ਸ਼ਰਮਾ ਤੇ ਉਪ-ਪ੍ਰਧਾਨ ਈਸ਼ਿਤਾ ਗੁਪਤਾ ਨੇ ਵਿਦਿਆਰਥਣ ਅੰਜਲੀ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਸਕੂਲ ਪਰਵਾਰ ਨੇ ਇਸ ਪ੍ਰਾਪਤੀ 'ਤੇ ਮਾਣ ਪ੍ਰਗਟ ਕੀਤਾ ਅਤੇ ਹੋਰ ਵਿਦਿਆਰਥੀਆਂ ਨੂੰ ਵੀ ਇਸੇ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਅੰਗੋਲਾ ਦੇ ਆਜ਼ਾਦੀ ਦਿਵਸ ਸਮਾਰੋਹ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਸ਼ਾਮਲ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)** ਭਾਰਤ ਤੇ ਅੰਗੋਲਾ ਦੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੰਗੋਲਾ ਦੇ 50ਵੇਂ ਆਜ਼ਾਦੀ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਲਈ ਅੰਗੋਲਾ ਦੀ ਰਾਜਧਾਨੀ ਲੁਆਂਡਾ ਪਹੁੰਚੇ।ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਭਾਰਤ ਅਤੇ ਅੰਗੋਲਾ



ਇਸ ਸਾਲ ਆਪਣੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 40ਵੀਂ ਵਰ੍ਹੇਗੰਢ ਮਨਾ ਰਹੇ ਹਨ।ਰਾਸ਼ਟਰਪਤੀ ਮੁਰਮੂ ਦੀ ਇਹ ਫੇਰੀ ਦੋਵਾਂ ਦੇਸ਼ਾਂ ਵਿਚਕਾਰ ਸਦੀਵੀ ਸਹਿਯੋਗ ਤੇ ਦੋਸਤੀ ਨੂੰ ਹੋਰ ਅੱਗੇ ਵਧਾਏਗੀ। ਰਾਸ਼ਟਰਪਤੀ ਮਹਾਮਹਿਮ ਦ੍ਰੋਪਦੀ ਮੁਰਮੂ ਨੇ ਲੁਆਂਡਾ ਦੇ ਰਹਿੰਦੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕੀਤਾ।ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਦੀ ਭਰਪੂਰ ਪ੍ਰਸੰਸਾ ਕੀਤੀ।ਰਾਸ਼ਟਰਪਤੀ ਨੇ ਭਾਰਤੀ ਭਾਈਚਾਰੇ ਦੀ ਉੱਦਮਤਾ, ਸਖ਼ਤ ਮਿਹਨਤ ਅਤੇ ਅੰਗੋਲਾ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਉਨ੍ਹਾਂ ਦੇ ਯੋਗਦਾਨ ਦੀ ਤਾਰੀਫ਼ ਕੀਤੀ।ਉਨ੍ਹਾਂ ਨੇ ਸਾਰੇ ਭਾਰਤੀਆਂ ਨੂੰ ਭਾਰਤ ਤੇ ਅੰਗੋਲਾ ਵਿਚਕਾਰਲੇ ਨੇੜਲੇ ਸਬੰਧਾਂ ਨੂੰ ਹੋਰ ਮਜ਼ਬੂਤ ? ?ਕਰਦੇ ਰਹਿਣ ਦੀ ਅਪੀਲ ਵੀ ਕੀਤੀ, ਤਾਂ ਜੁ ਦੋਵਾਂ ਦੇਸ਼ਾਂ ਦੀ ਤਰੱਕੀ ਹੋ ਸਕੇ।ਇਸ ਇਤਿਹਾਸਕ ਸਮਾਗਮ ਦੇ ਦੌਰਾਨ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਵਸਨੀਕ ਵਿਸ਼ਾਲ ਖੁਰਾਣਾ ਤੇ ਉਨ੍ਹਾਂ ਦੀ ਧਰਮ ਪਤਨੀ ਛਵੀ ਖੁਰਾਣਾ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕਰਨ ਦਾ ਖਾਸ ਸੁਭਾਗ ਪ੍ਰਾਪਤ ਹੋਇਆ।ਵਿਸ਼ਾਲ ਖੁਰਾਣਾ ਅੰਗੋਲਾ ਵਿਚ ਇਕ ਬਹੁ-ਰਾਸ਼ਟਰੀ ਕੰਪਨੀ ਵਿਚ ਡਾਇਰੈਕਟਰ ਫਾਇਨੈਂਸ ਦੇ ਅਹੁਦੇ 'ਤੇ ਸੇਵਾਵਾਂ ਨਿਭਾਅ ਰਹੇ ਹਨ ਤੇ ਆਪਣੀ ਮਿਹਨਤ ਨਾਲ ਦੇਸ਼ ਦਾ ਨਾਂਅ ਰੌਸ਼ਨ ਕਰ ਰਹੇ ਹਨ।ਮੁਲਾਕਾਤ ਦੌਰਾਨ ਉਨ੍ਹਾਂ ਨੂੰ ਰਾਸ਼ਟਰਪਤੀ ਨਾਲ ਇਕ ਯਾਦਗਾਰੀ ਤਸਵੀਰ ਖਿਚਵਾਉਣ ਦਾ ਮੌਕਾ ਵੀ ਮਿਲਿਆ।ਰਾਸ਼ਟਰਪਤੀ ਦਾ ਇਹ ਦੌਰਾ ਦੋਵਾਂ ਦੇਸ਼ਾਂ ਵਿਚਕਾਰ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ।

## ਮਾਤਾ ਗੁਜਰੀ ਕਾਲਜ ਵਿਖੇ ਇਨੋਵੇਸ਼ਨ ਵਿਸ਼ੇ 'ਤੇ ਵਰਕਸ਼ਾਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮਾਤਾ ਗੁਜਰੀ ਕਾਲਜ ਦੇ ਰਿਸਰਚ ਅਤੇ ਡਿਵੈਲਪਮੈਂਟ ਸੈੱਲ ਦੁਆਰਾ ਇੰਸਟੀਚਿਊਟ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਐਂਟਰਪ੍ਰਨਿਓਰਸ਼ਿਪ ਅਤੇ ਇਨੋਵੇਸ਼ਨ ਨੂੰ ਕਰੀਅਰ ਦੇ ਮੌਕਿਆਂ ਵਜੋਂ ਅਪਨਾਉਣ ਵਿਸ਼ੇ 'ਤੇ ਇੱਕ ਰੋਜ਼ਾ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅੱਜ ਦੇ ਡਿਜੀਟਲ ਯੁੱਗ ਵਿਚ ਇਨ੍ਹਾਂ ਖ਼ਿੱਤਿਆਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਪ੍ਰੋਗਰਾਮ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਵਿਹਾਰਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਸੈਸ਼ਨ ਵਿੱਚ ਮੁੱਖ ਬੁਲਾਰੇ ਵਜੋਂ ਨਾਮਵਰ ਉਦਯੋਗਿਕ ਅਤੇ ਤਕਨੀਕੀ ਸੰਸਥਾ ਨਿੱਟਕੋਨ ਲਿਮਿਟਿਡ ਦੇ ਸਾਬਕਾ ਉਪ-ਪ੍ਰਧਾਨ ਬਲਬੀਰ ਸਿੰਘ ਵਿਸ਼ੇਸ਼ ਤੌਰ ਤੇਂ ਹਾਜ਼ਰ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਸਫ਼ਲ ਐਂਟਪ੍ਰਨਿਓਰ ਬਣਨ ਵਿੱਚ ਰਚਨਾਤਮਕ ਸੋਚ, ਸਮੱਸਿਆ ਹੱਲ ਕਰਨ ਦੇ ਹੁਨਰ ਅਤੇ ਰਿਸਕ ਲੈਣ ਦੀ ਯੋਗਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਮਾਗਮ ਦੇ ਅਖੀਰ ਵਿੱਚ ਕਾਲਜ ਦੇ ਡੀਨ ਰਿਸਰਚ ਡਾ. ਜਗਦੀਸ਼ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਡਾ. ਮੋਨਿਕਾ, ਡਾ. ਸੰਗੀਤਾ ਜੋਸ਼ੀ, ਹੋਰ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਹਾਜ਼ਰ ਸਨ।

## ਐੱਸ ਐੱਲ ਸੀ ਸੀ ਚੇਅਰਮੈਨ ਵੱਲੋਂ ਐੱਫ ਸੀ ਆਈ ਡਿਪੂ ਦਾ ਨਿਰੀਖਣ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)** ਰਾਜ ਪੱਧਰੀ ਤਾਲਮੇਲ ਕਮੇਟੀ (ਐੱਸਐੱਲਸੀਸੀ) ਦੇ ਚੇਅਰਮੈਨ ਸ਼ੇਰ ਸਿੰਘ ਘੁਬਾਇਆ ਨੇ ਅੱਜ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਦੇ ਖੁਰਾਕੀ ਅਨਾਜ ਭੰਡਾਰਨ ਡਿਪੂ, ਫ਼ਿਰੋਜ਼ਪੁਰ ਦਾ ਨਿਰੀਖਣ ਕੀਤਾ। ਉਨ੍ਹਾਂ ਡਿਪੂ ਵਿਚ ਸਟੋਰ ਕੀਤੇ ਗਏ ਚੌਲਾਂ ਦੇ ਸਟਾਕ, ਵਿਗਿਆਨਕ ਭੰਡਾਰਨ ਪ੍ਰਬੰਧਾਂ, ਗੁਣਵੱਤਾ ਕੰਟਰੋਲ ਉਪਾਵਾਂ ਅਤੇ ਸੁਰੱਖਿਆ ਪ੍ਰਬੰਧਾਂ ਦਾ ਡੂੰਘਾਈ ਨਾਲ ਮੁਆਇਨਾ ਕੀਤਾ।ਇਸ ਦੌਰਾਨ ਉਨ੍ਹਾਂ ਨਾਲ ਸਬੰਧਤ ਵਿਭਾਗਾਂ ਤੇ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਐੱਫਸੀਆਈ ਵੱਲੋਂ ਮੰਡਲ ਪ੍ਰਬੰਧਕ, ਫ਼ਿਰੋਜ਼ਪੁਰ ਰੂਪ ਸਿੰਘ ਮੀਨਾ ਨੇ ਚੇਅਰਮੈਨ ਨੂੰ ਭੰਡਾਰਨ ਗੋਦਾਮ 'ਚ ਉਪਲਬੱਧ ਸਟਾਕ ਦੀ ਸਥਿਤੀ, ਨਿਯਮਤ ਗੁਣਵੱਤਾ ਜਾਂਚ ਪ੍ਰਕਿਰਿਆਵਾਂ ਅਤੇ ਸੰਚਾਲਨ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਐੱਫਸੀਆਈ ਵੱਲੋਂ ਖਪਤਕਾਰਾਂ ਤੱਕ ਮਿਆਰੀ ਖੁਰਾਕੀ ਅਨਾਜ ਪੁਚਾਉਣ ਨੂੰ ਯਕੀਨੀ ਬਣਾਉਣ ਲਈ ਸਾਰੇ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਕੀਤੀ ਜਾ ਰਹੀ ਹੈ।ਨਿਰੀਖਣ ਦੌਰਾਨ ਘੁਬਾਇਆ ਨੇ ਚੌਲਾਂ ਦੇ ਸੁਰੱਖਿਅਤ ਤੇ ਵਿਗਿਆਨਕ ਭੰਡਾਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੀਆਂ ਪ੍ਰਕਿਰਿਆਵਾਂ ਦੀ ਸਮੇਂ-ਸਮੇਂ 'ਤੇ ਜਾਂਚ ਅਤੇ ਤਾਲਮੇਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇ, ਤਾਂ ਜੁ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਜਾਂ ਖੁਰਾਕੀ ਅਨਾਜ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ।ਨਿਰੀਖਣ ਤੋਂ ਬਾਅਦ ਅਧਿਕਾਰੀਆਂ ਦਰਮਿਆਨ ਸੰਚਾਲਨ ਦੀ ਗੁਣਵੱਤਾ ਵਿਚ ਹੋਰ ਸੁਧਾਰ ਲਿਆਉਣ ਲਈ ਵਿਸਥਾਰਤ ਵਿਚਾਰ-ਵਟਾਂਦਰਾ ਵੀ ਕੀਤਾ ਗਿਆ।

## ਐਸ ਡੀ ਐਮ ਸ਼ਿਵਾਂਸ਼ ਰਾਠੀ ਵੱਲੋਂ ਹਸਪਤਾਲ ਸੁਵਿਧਾਵਾਂ ਲਈ ਮੀਟਿੰਗ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਸੀ.ਐਚ.ਸੀ. ਮਹਿਲ ਕਲਾਂ ਵਿਖੇ ਰੋਗੀ ਕਲਿਆਣ ਸਮਿਤੀ (ਆਰ.ਕੇ.ਐਸ.) ਦੀ ਮੀਟਿੰਗ ਉਪ ਮੰਡਲ ਮੈਜਿਸਟਰੇਟ ਮਹਿਲ ਕਲਾਂ ਸ਼ਿਵਾਂਸ਼ ਰਾਠੀ (ਆਈ ਏ ਐਸ) ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਕਮੇਟੀ ਦੀ ਸਕੱਤਰ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਤੇਜਿੰਦਰ ਕੌਰ ਵੱਲੋਂ ਹਸਪਤਾਲ ਦੀਆਂ ਲੋੜੀਂਦੀਆਂ ਸੁਵਿਧਾਵਾਂ, ਸਾਜੋ ਸਾਮਾਨ ਅਤੇ ਹੋਰ ਫ਼ੁਟਕਲ ਖ਼ਰਚਿਆਂ ਨਾਲ ਸੰਬੰਧਤ ਮਤੇ ਪੇਸ਼ ਕੀਤੇ ਗਏ। ਐਸ.ਡੀ.ਐਮ. ਸ਼ਿਵਾਂਸ਼ ਰਾਠੀ ਨੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਉਕਤ ਪ੍ਰਸਤਾਵਾਂ ਨੂੰ ਮਨਜ਼ੂਰ ਕਰ ਦਿੱਤਾ। ਇਸ ਤੋਂ ਬਾਅਦ ਐਸ.ਡੀ.ਐਮ. ਨੇ ਹਸਪਤਾਲ ਦਾ ਦੌਰਾ ਕਰਕੇ ਵੱਖ ਵੱਖ ਸਿਹਤ ਸੇਵਾਵਾਂ ਦੀ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਸਮੇਂ-ਸਿਰ ਅਤੇ ਉੱਚ-ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹਸਪਤਾਲ ਦਾ ਮੁੱਖ ਫਰਜ਼ ਹੈ, ਅਤੇ ਮਹਿਲ ਕਲਾਂ ਦਾ ਸੀ.ਐਚ.ਸੀ. ਇਹ ਜ਼ਿੰਮੇਵਾਰੀ ਚੰਗੇ ਢੰਗ ਨਾਲ ਨਿਭਾ ਰਿਹਾ ਹੈ। ਇਸ ਮੌਕੇ ਕਮੇਟੀ ਦੇ ਮੈਂਬਰ ਡਾ. ਨਵਨੀਤ ਬਾਂਸਲ, ਡਾ. ਅਮ੍ਰਿਤਪਾਲ ਕੌਰ, ਸ਼੍ਰੀਮਤੀ ਸ਼ਿਵਾਨੀ (ਬੀ.ਈ.ਈ.), ਐਸ ਆਈ ਜਸਵੀਰ ਸਿੰਘ, ਸਟੈਨੋ ਮਨਦੀਪ ਕੌਰ ਅਤੇ ਹਰਵਿੰਦਰ ਸਿੰਘ ਹਾਜ਼ਰ ਸਨ।

## ਪੰਜਾਬ ਸਰਕਾਰ ਨੰਬਰਦਾਰਾਂ ਦੀਆਂ ਲਟਕਦੀਆਂ ਮੰਗਾਂ ਪੂਰੀਆਂ ਕਰੇ : ਨੰਬਰਦਾਰ ਯੂਨੀਅਨ

**ਧੂਰੀ (ਮਨੋਹਰ ਸਿੰਘ ਸੱਗੂ)**- ਨੰਬਰਦਾਰ ਯੂਨੀਅਨ ਰਜਿ:(643) ਧੂਰੀ ਦੀ ਮਹੀਨੇਵਾਰ ਮੀਟਿੰਗ ਕੇਸਰ ਸਿੰਘ ਜੱਖਲਾਂਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਬੁਲਾਰਿਆਂ ਨੇ ਰੋਸ ਜਾਹਰ ਕਰਦਿਆਂ ਕਿਹਾ ਕਿ ਸਰਕਾਰ ਨੰਬਰਦਾਰਾਂ ਦੀਆਂ ਲੰਮੇ ਅਰਸੇ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ ਅਤੇ ਨਾ ਹੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਯੂਨੀਅਨ ਨੂੰ ਮੀਟਿੰਗ ਦਾ ਸਮਾਂ ਦਿੱਤਾ ਜਾ ਰਿਹਾ ਹੈ। ਬੁਲਾਰਿਆਂ ਨੇ ਜਥੇਬੰਦੀ ਵੱਲੋਂ ਮੁੱਖ ਮੰਤਰੀ ਨੂੰ ਨੰਬਰਦਾਰਾਂ ਨਾਲ ਮੀਟਿੰਗ ਕਰਨ ਅਤੇ ਮੰਗਾਂ ਮੰਨਣ ਦੀ ਗੱਲ ਅਪੀਲ ਕੀਤੀ। ਹੋਰਨਾਂ 'ਚ ਕੰਵਲਜੀਤ ਕੌਰ ਔਲਖ ਭਲਵਾਨ, ਗੁਰਪ੍ਰੀਤ ਸਿੰਘ ਈਸੜਾ, ਜੋਗਿੰਦਰ ਸਿੰਘ ਪਲਾਸੌਰ, ਜਗਤਾਰ ਸਿੰਘ ਹਸਨਪੁਰ, ਬਲਦੇਵ ਸਿੰਘ ਬੁਗਰਾ, ਸੁਖਦੇਵ ਸਿੰਘ ਜਹਾਂਗੀਰ, ਬਘੇਲ ਸਿੰਘ ਪਲਾਸੌਰ, ਪਰਮਜੀਤ ਸਿੰਘ ਸ਼ੇਰਪੁਰ ਸੋਢੀਆਂ, ਵੀਰਇੰਦਰ ਸਿੰਘ ਭੁੱਰਹੇੜੀ ,ਕਰਨੈਲ ਸਿੰਘ ਹਰਚੰਦਪੁਰ, ਨਿਰਮਲ ਸਿੰਘ ਬੇਨੜਾ, ਅਮਰਜੀਤ ਕੌਰ ਦੋਹਲਾ, ਚਮਕੌਰ ਸਿੰਘ, ਈਸੀ ਦਰਬਾਰਾ ਸਿੰਘ ਕਾਂਝਲਾ ਤੇ ਚਰਨਜੀਤ ਸਿੰਘ ਜੈਨਪੁਰ ਸਮੇਤ ਵੱਡੀ ਗਿਣਤੀ ਵਿੱਚ ਨੰਬਰਦਾਰਾਂ ਨੇ ਸ਼ਿਰਕਤ ਕੀਤੀ।

## ਸ਼ਰਧਾਲੂਆਂ ਦਾ ਪਹਿਲਾ ਬੈਚ ਧਾਰਮਿਕ ਥਾਵਾਂ 'ਤੇ ਦਰਸ਼ਨ ਕਰਕੇ ਬਰੜਵਾਲ ਪੁੱਜਾ

**ਧੂਰੀ (ਮਨੋਹਰ ਸਿੰਘ ਸੱਗੂ)** ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਕੇ ਬੀਤੀ ਦੇਰ ਸ਼ਾਮ ਪਰਤੇ ਸ਼ਰਧਾਲੂਆਂ ਦੇ ਪਹਿਲੇ ਬੈਚ ਦਾ ਸਵਾਗਤ ਧੂਰੀ ਦੇ



ਐਸ.ਡੀ.ਐਮ. ਰਿਸ਼ਭ ਬਾਂਸਲ ਤੇ ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਨੇ ਪਿੰਡ ਬਰੜਵਾਲ ਵਿਖੇ ਪੁੱਜ ਕੇ ਕੀਤਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 9 ਨਵੰਬਰ ਨੂੰ ਧੂਰੀ ਹਲਕੇ ਦੇ ਪਿੰਡ ਬਰੜਵਾਲ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਹਿਲੇ ਬੈਚ ਨੂੰ ਸ੍ਰੀ ਅੰਮ੍ਰਿਤਸਰ ਲਈ ਰਵਾਨਾ ਕੀਤਾ ਸੀ, ਜੋ ਤਿੰਨ ਦਿਨਾਂ ਦੀ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਉਪਰੰਤ ਵਾਪਸ ਪਿੰਡ ਪਰਤਿਆ ਹੈ।ਯਾਤਰਾ ਕਰਕੇ ਪਿੰਡ ਬਰੜਵਾਲ ਪੁੱਜੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦੇ ਇਸ ਵੱਡੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯਾਤਰਾ ਦੌਰਾਨ ਪੰਜਾਬ ਸਰਕਾਰ ਨੇ ਸ਼ਰਧਾਲੂਆਂ ਦੀ ਹਰੇਕ ਛੋਟੀ ਤੋਂ ਛੋਟੀ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਣ ਸਦਕਾ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਐਸ.ਡੀ.ਐਮ. ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸ਼ਰਧਾਲੂਆਂ ਲਈ ਤਿੰਨ ਦਿਨ ਤੇ ਦੋ ਰਾਤਾਂ ਦੀ ਮੁਫ਼ਤ ਠਹਿਰ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹੋਏ ਸਨ ਤੇ ਤਿੰਨ ਦਿਨਾਂ ਦੀ ਯਾਤਰਾ ਤੋਂ ਬਾਅਦ ਸ਼ਰਧਾਲੂ ਆਪਣੇ ਪਿੰਡ ਬਰੜਵਾਲ ਵਿਖੇ ਪੁੱਜੇ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਇਹਨਾਂ ਸ਼ਰਧਾਲੂਆਂ ਦਾ ਸਵਾਗਤ ਕੀਤਾ ਗਿਆ ਹੈ। ਪਿੰਡ ਬਰੜਵਾਲ ਦੇ ਸਰਪੰਚ ਕਰਮਜੀਤ ਸਿੰਘ ਨੇ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਧਾਰਮਿਕ ਯਾਤਰਾ ਦੀ ਸ਼ੁਰੂਆਤ ਲਈ ਪਿੰਡ ਬਰੜਵਾਲ ਦੀ ਚੋਣ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਯਾਤਰਾ ਉੱਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਵੀ ਪਾਰਦਰਸ਼ੀ ਢੰਗ ਨਾਲ ਡਰਾਅ ਰਾਹੀਂ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜੱਲਿਆਂਵਾਲਾ ਬਾਗ਼, ਪਾਰਟਿਸ਼ਨ ਮਿਊਜ਼ੀਅਮ ਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਾਏ ਗਏ ਹਨ ਤੇ ਯਾਤਰਾ ਦੀ ਸਮਾਪਤੀ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਿਆ ਗਿਆ ਹੈ।

## ਪੈਨਸ਼ਨਰ ਸੇਵਾ ਪੋਰਟਲ ਸੰਬੰਧੀ ਜਾਗਰੂਕਤਾ ਲਈ ਸੇਵਾ ਮੇਲਾ ਆਯੋਜਤ ਕੀਤਾ ਜਾਵੇਗਾ : ਜ਼ਿਲ੍ਹਾ ਖ਼ਜ਼ਾਨਾ ਅਫ਼ਸਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ 13, 14 ਤੇ 15 ਨਵੰਬਰ ਨੂੰ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਵਿਸ਼ੇਸ਼ ਪੈਨਸ਼ਨਰ ਸੇਵਾ



ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਮੇਲਿਆਂ ਦੌਰਾਨ ਸਾਰੇ ਪੈਨਸ਼ਨਰਾਂ ਨੂੰ ਆਪਣੀ ਈ-ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰਨ ਲਈ ਜਾਗਰੂਕ ਕੀਤਾ ਜਾਵੇਗਾ, ਜਿਨ੍ਹਾਂ ਪੈਨਸ਼ਨਰਾਂ ਦੀ ਈ-ਕੇ.ਵਾਈ.ਸੀ. ਬਾਕੀ ਹੈ, ਉਨ੍ਹਾਂ ਦੀ ਪ੍ਰਕਿਰਿਆ ਸਥਾਨਕ ਤੌਰ 'ਤੇ ਪੂਰੀ ਕੀਤੀ ਜਾਵੇਗੀ।ਇਹ ਜਾਣਕਾਰੀ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਸ੍ਰੀ ਹਰਵਿੰਦਰ ਸਿੰਘ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਫੈਮਲੀ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨਰ ਸੇਵਾ ਪੋਰਟਲ ਸ਼ੁਰੂ ਕੀਤਾ ਗਿਆ ਹੈ, ਜਿਸ ਰਾਹੀਂ ਪੈਨਸ਼ਨ ਸੰਬੰਧੀ ਅਰਜ਼ੀਆਂ, ਈ-ਪੀ.ਪੀ.ਓ, ਪੈਨਸ਼ਨ ਡਾਟਾ, ਸ਼ਿਕਾਇਤ ਨਿਵਾਰਣ ਅਤੇ ਹੋਰ ਸਹੂਲਤਾਂ ਇਕੋ ਪਲੇਟਫਾਰਮ 'ਤੇ ਉਪਲਬਧ ਕਰਾਈਆਂ ਗਈਆਂ ਹਨ।

## ਸਾਦਕ ਮੰਤਰੀ ਨੂੰ ਨਮ ਅੱਖਾਂ ਨਾਲ ਸ਼ਰਧਾਂਜਲੀਆਂ ਭੇਟ

**ਮਮਦੋਟ (ਜਸਬੀਰ ਸਿੰਘ ਕੰਬੋਜ)** ਸਾਦਕ ਮੰਤਰੀ ਦੇ ਨਾਂਅ ਨਾਲ ਜਾਣੀ ਜਾਂਦੀ ਸ਼ਖ਼ਸੀਅਤ, ਜੋ ਕੁੱਝ ਦਿਨ ਪਹਿਲਾਂ ਦੁਨੀਆ ਤੋਂ ਚਲੇ ਗਏ ਸੀ, ਦੀਆਂ ਅੰਤਮ ਰਸਮਾਂ ਮੌਕੇ ਪਿੰਡ ਰਹੀਮੇ ਕੇ ਕਮਿਊਨਿਟੀ ਹਾਲ ਵਿੱਚ ਹੋਈ ਸ਼ੋਕ ਸਭਾ ਦੌਰਾਨ ਵੱਡੀ ਗਿਣਤੀ ਵਿੱਚ ਜੋ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂਦਾਰਾਂ ਰਿਸ਼ਤੇਦਾਰ ਤੇ ਸਾਕ



ਸਨੇਹੀਆਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਜਵਾਨੀ ਤੋਂ ਸਾਰੀ ਉਮਰ ਉਹ ਕਾਂਗਰਸ ਪਾਰਟੀ ਨਾਲ ਵਿੱਚ ਸੇਵਾਵਾਂ ਨਿਭਾਉਂਦੇ ਰਹੇ ਉਨ੍ਹਾਂ ਦੀ ਬੇਦਾਗ ਸ਼ਖ਼ਸੀਅਤ ਤੇ ਮਿਲਾਪੜੇ ਸੁਭਾਅ ਕਰਨ ਕਰਕੇ ਉਹਨਾਂ ਨੂੰ ਆਪਣੇ ਜੀਵਨ ਕਾਲ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਰਾਹੁਲ ਗਾਂਧੀ, ਕੈਬਨਿਟ ਮੰਤਰੀ, ਬਲਰਾਮ ਜਾਖੜ, ਸੁਨੀਲ ਜਾਖੜ, ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ, ਕੈਬਨਿਟ ਮੰਤਰੀ ਪੰਡਿਤ ਬਾਲ ਮੁਕੰਦ ਸ਼ਰਮਾ, ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਗੁਰਨੈਬ ਸਿੰਘ ਬਰਾੜ, ਐਮ ਐਲ ਏ ਰਵਿੰਦਰ ਸਿੰਘ ਬੱਬਲ, ਐਮ ਐਲ ਏ ਪਰਮਿੰਦਰ ਸਿੰਘ ਪਿੰਕੀ, ਐਮ ਐਲ ਏ ਮੈਡਮ ਸਤਿਕਾਰ ਕੌਰ ਗਹਿਰੀ ਸਮੇਤ ਕਈ ਵੱਡੇ ਆਗੂਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਤੇ ਉਨ੍ਹਾਂ ਦੇ ਬੇਦਾਗ ਸ਼ਖ਼ਸ਼ੀਅਤ ਕਾਰਨ ਉਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਸ਼ਰਧਾਂਜਲੀ ਦਿੰਦੇ ਹੋਏ ਐਡਵੋਕੇਟ ਰਜਨੀਸ਼ ਦਹੀਆ ਐਮ ਐਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਤੇ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਨੇ ਕਿਹਾ ਕਿ ਸਾਦਕ ਮੰਤਰੀ ਵਰਗੀ ਬੇਦਾਗ ਸ਼ਖ਼ਸੀਅਤ ਦੀ ਜਿੰਨੀ ਵੀ ਤਰੀਫ ਕੀਤੀ ਜਾਵੇ, ਉਹ ਸੂਰਜ ਨੂੰ ਦੀਵਾ ਵਿਖਾਉਣ ਵਾਲੀ ਗੱਲ ਹੈ। ਸ਼ੇਰ ਸਿੰਘ ਘੁਬਾਇਆ ਮੈਂਬਰ ਪਾਰਲੀਮੈਂਟ, ਕੁਲਬੀਰ ਸਿੰਘ ਜੀਰਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਤੇ ਅਮਰਦੀਪ ਸਿੰਘ ਆਸ਼ੂ ਬਾਂਗੜ ਇੰਚਾਰਜ ਹਲਕਾ ਫ਼ਿਰੋਜ਼ਪੁਰ ਦਿਹਾਤੀ, ਗੁਰਬਚਨ ਸਿੰਘ ਖਾਰਾ ਬਲਾਕ ਪ੍ਰਧਾਨ ਮਮਦੋਟ ਤੇ ਹਰਪਾਲ ਸੋਢੀ ਬਲਾਕ ਪ੍ਰਧਾਨ ਸ਼ਹਿਰੀ ਨੇ ਕਿਹਾ ਕਿ ਸਾਦਕ ਮੰਤਰੀ ਦੇ ਜਾਣ ਨਾਲ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ।

# ਗਣਤੰਤਰ ਦਿਵਸ ਜਸ਼ਨਾਂ ਨੂੰ ਨਿਸ਼ਾਨਾ ਬਣਾਉਣ ਦੀ ਸੀ ਯੋਜਨਾ

**ਨਵੀਂ ਦਿੱਲੀ :** ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਸੋਮਵਾਰ ਸ਼ਾਮ ਨੂੰ ਹੋਏ ਸ਼ਕਤੀਸ਼ਾਲੀ ਧਮਾਕੇ ਤੋਂ ਬਾਅਦ ਦਿੱਲੀ ਪੁਲਸ ਨੇ ਕੌਮੀ ਰਾਜਧਾਨੀ ਵਿੱਚ ਸੁਰੱਖਿਆ ਵਧਾ ਦਿੱਤੀ ਹੈ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਹ ਧਮਾਕਾ ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਵੱਡੀ ਦਹਿਸ਼ਤੀ ਯੋਜਨਾ ਦਾ ਹਿੱਸਾ ਸੀ। ਦਿੱਲੀ ਪੁਲਸ ਨੇ ਦਾਅਵਾ ਕੀਤਾ ਹੈ ਕਿ 'ਵਾਈਟ-ਕਾਲਰ ਅੱਤਵਾਦੀ ਮਾਡਿਊਲ' ਦੇ ਸੰਬੰਧ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁੱਖ ਮਸ਼ਕੂਕਾਂ ਵਿੱਚੋਂ ਇੱਕ ਡਾ. ਮੁਜ਼ਾਮਿਲ ਗਨਾਈ ਨੇ ਇਸ ਸਾਲ ਜਨਵਰੀ ਵਿੱਚ ਲਾਲ ਕਿਲ੍ਹਾ ਖੇਤਰ ਦੀ ਕਈ ਵਾਰ ਰੇਕੀ ਕੀਤੀ ਸੀ। ਪੁਲਸ ਨੇ ਇਹ ਦਾਅਵਾ ਗਨਾਈ ਦੇ ਮੋਬਾਈਲ ਡੰਪ ਡੇਟਾ ਦੀ ਸਮੀਖਿਆ ਦੇ ਅਧਾਰ 'ਤੇ ਕੀਤਾ ਹੈ। ਪੁਲਸ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਇਹ ਰੇਕੀ 26 ਜਨਵਰੀ ਨੂੰ ਇਤਿਹਾਸਕ ਸਮਾਰਕ ਨੂੰ ਨਿਸ਼ਾਨਾ ਬਣਾਉਣ ਦੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ, ਜੋ ਸ਼ਾਇਦ ਉਦੋਂ ਖੇਤਰ ਵਿੱਚ ਸੁਰੱਖਿਆ ਬਲਾਂ ਦੀ ਤੇਜ਼ ਗਸ਼ਤ ਕਾਰਨ ਅਸਫਲ ਹੋ ਗਈ ਹੋਵੇ। ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਡਾ. ਮੁਜ਼ਾਮਿਲ ਦੇ ਮੋਬਾਈਲ ਫੋਨ ਤੋਂ ਪ੍ਰਾਪਤ ਕੀਤੇ ਗਏ ਡੰਪ ਡੇਟਾ ਦੇ ਚੱਲ ਰਹੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਜਨਵਰੀ ਦੇ ਪਹਿਲੇ ਹਫ਼ਤੇ ਲਾਲ ਕਿਲ੍ਹਾ ਖੇਤਰ ਵਿੱਚ ਅਤੇ ਇਸ ਦੇ ਆਲੇ-ਦੁਆਲੇ ਉਸ ਦੀ ਵਾਰ-ਵਾਰ ਮੌਜੂਦਗੀ ਸੀ। ਅਧਿਕਾਰੀ ਨੇ ਕਿਹਾ, "ਇਹ ਦੌਰੇ 26 ਜਨਵਰੀ ਨੂੰ ਯੋਜਨਾਬੱਧ ਹਮਲੇ ਤੋਂ ਪਹਿਲਾਂ ਇੱਕ ਵਿਆਪਕ ਜਾਸੂਸੀ ਦਾ ਹਿੱਸਾ ਸਨ।" ਉਨ੍ਹਾਂ ਕਿਹਾ ਕਿ ਡਾ. ਮੁਜ਼ਾਮਿਲ ਨੇ ਆਪਣੇ ਸਾਥੀ ਡਾ. ਉਮਰ ਨਬੀ ਦੇ ਨਾਲ ਸੁਰੱਖਿਆ ਪ੍ਰਬੰਧਾਂ ਅਤੇ ਭੀੜ ਦੀ ਘਣਤਾ ਦੇ ਪੈਟਰਨਾਂ ਦਾ ਅਧਿਐਨ ਕਰਨ ਲਈ ਕਈ ਵਾਰ ਲਾਲ ਕਿਲ੍ਹੇ ਦਾ ਦੌਰਾ ਕੀਤਾ। ਉਨ੍ਹਾਂ ਦੀਆਂ ਹਰਕਤਾਂ ਦੀ ਪੁਸ਼ਟੀ ਟਾਵਰ ਲੋਕੇਸ਼ਨ ਡੇਟਾ ਅਤੇ ਨੇੜਲੇ ਖੇਤਰਾਂ ਤੋਂ ਇਕੱਠੇ ਕੀਤੇ ਗਏ ਸੀ ਸੀ ਟੀ ਵੀ ਫੁਟੇਜ ਤੋਂ ਵੀ ਹੋਈ ਸੀ। ਜਾਂਚਕਾਰਾਂ ਨੇ ਕਿਹਾ ਕਿ ਉਹ ਹੁਣ ਡਾ. ਮੁਜ਼ਾਮਿਲ ਦੀਆਂ ਸੰਚਾਰ ਅਤੇ ਡਿਜੀਟਲ ਪੈੜਾਂ ਦਾ ਵਿਸ਼ਲੇਸ਼ਣ ਕਰ ਰਹੇ ਹਨ ਤਾਂ ਜੋ ਮਾਡਿਊਲ ਦੀਆਂ ਗਤੀਵਿਧੀਆਂ ਲਈ ਫੰਡਿੰਗ ਅਤੇ ਉਸ ਸਰੋਤ ਬਾਰੇ ਪਤਾ ਲਗਾਇਆ ਜਾ ਸਕੇ, ਜਿੱਥੋਂ ਉਨ੍ਹਾਂ ਨੇ ਵਿਸਫੋਟਕ ਪ੍ਰਾਪਤ ਕੀਤੇ ਸਨ। ਉਹ ਇਸ ਗੱਲ ਦੀ ਵੀ ਪੁਸ਼ਟੀ ਕਰ ਰਹੇ ਹਨ ਕਿ

**ਲਾਲ ਕਿਲ੍ਹੇ ਦੇ ਬਾਹਰ ਧਮਾਕਾ ਕਾਹਲੀ 'ਚ ਕੀਤੀ ਕਾਰਵਾਈ**

ਕੀ ਹੋਰ ਮਸ਼ਕੂਕਾਂ ਨੇ ਵੀ ਇਸੇ ਤਰ੍ਹਾਂ ਦੀ ਰੇਕੀ ਕੀਤੀ ਸੀ ਜਾਂ ਗ੍ਰਿਫ਼ਤਾਰ ਕੀਤੇ ਗਏ ਮਸ਼ਕੂਕਾਂ ਨੂੰ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ ਸੀ। ਪੁਲਸ ਨੇ ਲਾਲ ਕਿਲ੍ਹੇ ਨੇੜੇ ਡਾਕਟਰ ਉਮਰ ਦੀਆਂ ਸਰਗਰਮੀਆਂ ਬਾਰੇ ਮੋਬਾਈਲ ਡੰਪ ਡੇਟਾ ਵੀ ਇਕੱਠਾ ਕੀਤਾ ਹੈ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਹ ਧਮਾਕੇ ਤੋਂ ਠੀਕ ਪਹਿਲਾਂ ਕਿਸੇ ਦੇ ਸੰਪਰਕ ਵਿੱਚ ਸੀ। ਲਾਲ ਕਿਲ੍ਹਾ ਮੈਟਰੋ ਸਟੇਸ਼ਨ ਖੇਤਰ ਵਿੱਚ ਸੋਮਵਾਰ ਸ਼ਾਮ ਨੂੰ ਚੱਲਦੀ ਕਾਰ ਵਿੱਚ ਹੋਏ ਧਮਾਕੇ 'ਚ 13 ਲੋਕ ਮਾਰੇ ਗਏ ਤੇ ਕਈ ਹੋਰ ਜ਼ਖਮੀ ਹੋ ਗਏ ਸਨ। ਸਰਕਾਰੀ ਸੂਤਰਾਂ ਅਨੁਸਾਰ, ਧਮਾਕੇ ਵਿੱਚ ਵਰਤੀ ਗਈ ਸਫ਼ੇਦ ਹੁੰਡਈ ਆਈ 20 ਕਾਰ ਹਰਿਆਣਾ ਦੇ ਫਰੀਦਾਬਾਦ ਵਿੱਚ ਅਲ-ਫਲਾਹ ਮੈਡੀਕਲ ਕਾਲਜ ਕੈਂਪਸ ਵਿਚ ਪਿਛਲੇ ਕਰੀਬ 11 ਦਿਨਾਂ ਤੋਂ ਖੜ੍ਹੀ ਸੀ। ਸ਼ੱਕੀ ਫ਼ਿਦਾਈਨ ਹਮਲਾਵਰ, ਜਿਸ ਦੀ ਪਛਾਣ ਡਾ. ਉਮਰ ਨਬੀ ਵਜੋਂ ਹੋਈ ਹੈ, ਨੇ 10 ਨਵੰਬਰ ਦੀ ਸਵੇਰ ਨੂੰ ਕਥਿਤ ਤੌਰ 'ਤੇ ਘਬਰਾਹਟ ਵਿੱਚ ਗੱਡੀ ਨੂੰ ਉਥੋਂ ਹਟਾ ਦਿੱਤਾ ਸੀ, ਕਿਉਂਕਿ ਸੁਰੱਖਿਆ ਏਜੰਸੀਆਂ ਨੇ ਸ਼ੱਕੀ ਅੱਤਵਾਦੀ ਮਾਡਿਊਲਾਂ 'ਤੇ ਆਪਣੀ ਕਾਰਵਾਈ ਨੂੰ ਸਖ਼ਤ ਕਰ ਦਿੱਤਾ ਸੀ।

ਅਧਿਕਾਰੀਆਂ ਨੇ ਕਿਹਾ ਕਿ ਧਮਾਕਾ ਗ਼ਲਤੀ ਨਾਲ ਅਤੇ ਸਮੇਂ ਤੋਂ ਪਹਿਲਾਂ ਹੋਇਆ ਜਾਪਦਾ ਸੀ, ਕਿਉਂਕਿ ਬੰਬ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਇਆ ਸੀ। ਯੰਤਰ ਇੱਕ ਟੋਆ ਬਣਾਉਣ ਵਿੱਚ ਅਸਫਲ ਰਿਹਾ ਅਤੇ ਤਫ਼ਤੀਸ਼ਕਾਰਾਂ ਨੂੰ ਧਮਾਕੇ ਵਾਲੀ ਥਾਂ 'ਤੇ ਕੋਈ ਵੀ ਸ਼ਾਰਪਨਲ (ਨੁਕੀਲੀਆਂ) ਜਾਂ ਪ੍ਰੋਜੈਕਟਾਈਲ ਨਹੀਂ ਮਿਲਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਸਮੇਂ ਤੋਂ ਪਹਿਲਾਂ ਕੀਤਾ ਗਿਆ ਵਿਸਫੋਟ ਸੀ, ਇਸ ਦੌਰਾਨ ਸੁਰੱਖਿਆ ਹਾਲਾਤ ਦੀ ਸਮੀਖਿਆ ਅਤੇ ਧਮਾਕੇ ਨਾਲ ਸੰਬੰਧਤ ਜਾਣਕਾਰੀ ਦਾ ਮੁਲਾਂਕਣ ਕਰਨ ਲਈ ਦਿੱਲੀ ਪੁਲਸ, ਖੁਫੀਆ ਬਿਊਰੋ ਅਤੇ ਨੀਮ ਫੌਜੀ ਬਲਾਂ ਵਿਚਕਾਰ ਤਾਲਮੇਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਸੇ ਦੌਰਾਨ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਲਾਲ ਕਿਲ੍ਹਾ ਧਮਾਕੇ ਦੇ ਮਾਮਲੇ ਵਿੱਚ ਫਰੀਦਾਬਾਦ ਦੇ ਇੱਕ ਕਾਰ ਡੀਲਰ ਨੂੰ ਹਿਰਾਸਤ ਵਿੱਚ ਲਿਆ ਹੈ।

ਸੂਤਰਾਂ ਅਨੁਸਾਰ, ਰੌਇਲ ਕਾਰ ਪਲਾਜ਼ਾ ਦੇ ਮਾਲਕ ਅਮਿਤ ਨੂੰ ਧਮਾਕੇ ਤੋਂ ਤੁਰੰਤ ਬਾਅਦ ਫਰੀਦਾਬਾਦ ਪੁਲਸ ਦੀ ਸਹਾਇਤਾ ਨਾਲ ਉਸ ਦੇ ਸੈਕਟਰ 37 ਵਿਚਲੇ ਦਫਤਰ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਸੂਤਰਾਂ ਨੇ ਕਿਹਾ ਕਿ ਅਮਿਤ ਨੇ ਸੋਮਵਾਰ ਦੇ ਧਮਾਕੇ ਵਿੱਚ ਵਰਤੀ ਗਈ ਹੁੰਡਈ ਆਈ 20 ਦੀ ਵਿਕਰੀ ਵਿੱਚ ਮਦਦ ਕੀਤੀ ਸੀ। ਸੂਤਰਾਂ ਨੇ ਕਿਹਾ, "ਅਮਿਤ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਕਾਰ ਦੀ ਮਾਲਕੀ ਦੀ ਪੂਰੀ ਲੜੀ ਅਤੇ ਇਹ ਸ਼ੱਕੀ ਦੇ ਹੱਥਾਂ ਵਿੱਚ ਕਿਵੇਂ ਪਹੁੰਚੀ, ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਇਸ ਗੱਲ ਦੀ ਪੁਸ਼ਟੀ ਕਰ ਰਹੇ ਹਾਂ ਕਿ ਕਾਰ ਅਮਿਤ ਦੇ ਸ਼ੋਅਰੂਮ ਵਿੱਚ ਕੌਣ ਲੈ ਕੇ ਆਇਆ ਸੀ ਅਤੇ ਕਿਸ ਰਾਹੀਂ ਡਾ. ਉਮਰ ਨਬੀ ਉਸ ਦੇ ਸੰਪਰਕ ਵਿੱਚ ਆਇਆ।"

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

13-Nov-PAGE-3.qxd 11/12/2025 10:49 PM Page 1



# ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀ ਮਦਦ ਲਈ ਅਧਿਆਪਕ ਵਰਗ ਵੱਲੋਂ ਸੁਹਿਰਦ ਉਪਰਾਲਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਡੇਰਾ ਬਾਬਾ ਨਾਨਕ ਖੇਤਰ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਜਿੱਥੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਸਮੇਤ ਵੱਖ-ਵੱਖ ਜਥੇਬੰਦੀਆਂ ਵੱਲੋਂ ਕੰਮ ਕੀਤਾ ਜਾ ਰਿਹਾ ਹੈ, ਉੱਥੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਅਧਿਆਪਕ ਵਰਗ ਵੀ ਅੱਗੇ ਆਇਆ ਹੈ।ਇਸ ਉੱਤਮ ਕਾਰਜ ਵਿੱਚ ਹਿੱਸਾ ਪਾਉਂਦੇ ਹੋਏ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਚੰਦਰ ਨਵਦੀਪ ਭਾਰਤੀ ਦੀ ਅਗਵਾਈ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਕ) ਪੰਜਾਬ ਦੀ ਸਮੁੱਚੀ ਟੀਮ ਵੱਲੋਂ ਬਲਾਕ ਡੇਰਾ ਬਾਬਾ ਨਾਨਕ -1 ਦੇ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ ਸਮੇਤ ਬਲਾਕ ਦੇ ਵੱਖ-ਵੱਖ 22 ਸਰਕਾਰੀ ਪ੍ਰਾਇਮਰੀ ਸਕੂਲਾਂ ਤੇ ਮਿਡਲ ਸਕੂਲਾਂ ਦੇ 800 ਵਿਦਿਆਰਥੀਆਂ ਨੂੰ ਸਕੂਲ ਬੈਗ, 4000 ਕਾਪੀਆਂ ਤੇ ਸਟੇਸ਼ਨਰੀ ਵੰਡੀ ਗਈ।ਇਸ ਮੌਕੇ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਰਾਸ਼ਟਰੀ ਪ੍ਰਧਾਨ ਚੰਦਰ ਨਵਦੀਪ ਭਾਰਤੀ ਨੇ ਕਿਹਾ ਕਿ ਹੜ੍ਹ ਦੇ ਪਾਣੀ ਨਾਲ ਵਿਦਿਆਰਥੀਆਂ ਦੀਆਂ ਕਾਪੀਆਂ,



ਕਿਤਾਬਾਂ ਤੇ ਬੈਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਸ ਕਰਕੇ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਲਈ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਅਸੀਂ ਸਮੂਹ ਅਧਿਆਪਕ ਵਰਗ ਨੇ ਫੈਸਲਾ ਕੀਤਾ ਹੈ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ, ਸੋ ਬੱਚਿਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਧਿਆਪਕ ਵਰਗ ਵੱਲੋਂ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਤੇ ਸਟੇਸ਼ਨਰੀ ਵੰਡੀ ਗਈ ਹੈ।ਉਨ੍ਹਾਂ ਕਿਹਾ ਕਿ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਪਹਿਲਾਂ ਵੀ ਪੰਜਾਬ ਦੇ ਹੜ੍ਹਾਂ ਦੌਰਾਨ ਵੱਖ-ਵੱਖ ਪ੍ਰਭਾਵਿਤ ਇਲਾਕਿਆਂ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦਿਆਂ ਵਿਦਿਆਰਥੀਆਂ ਨੂੰ 2000 ਬੈਗ ਤੇ ਸਟੇਸ਼ਨਰੀ ਵੰਡੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਇਹ ਸੇਵਾ ਅਗਾਂਹ ਵੀ ਸਾਡੇ ਅਧਿਆਪਕ ਵਰਗ ਵੱਲੋਂ ਏਸੇ ਤਰ੍ਹਾਂ ਜਾਰੀ ਰਹੇਗੀ।ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ ਦੇ ਸਕੂਲ ਇੰਚਾਰਜ ਮੈਡਮ ਮਮਤਾ ਸ਼ਰਮਾ ਨੇ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਪੰਜਾਬ ਪ੍ਰਧਾਨ ਨਵਪ੍ਰੀਤ ਸਿੰਘ, ਸੈਮ ਸਿੰਘ ਵਿੱਤ ਸਕੱਤਰ ਪੰਜਾਬ, ਹੈੱਡਮਾਸਟਰ ਗੁਰਮਿੰਦਰ ਸਿੰਘ, ਮੈਡਮ ਜਗੋਤਾ, ਮਾਸਟਰ ਸੰਜੀਵ ਕੁਮਾਰ, ਮਾਸਟਰ ਰਮਨ ਕੁਮਾਰ, ਮਾਸਟਰ ਪੰਕਜ ਕੁਮਾਰ, ਮਾਸਟਰ ਪ੍ਰਦੀਪ, ਪ੍ਰਿਤਪਾਲ ਸਿੰਘ, ਵਰਿੰਦਰ ਵੀਰ ਸਿੰਘ, ਸੰਦੀਪ ਸਿੰਘ ਸਿੱਧੂ ਜਲੰਧਰ ਆਦਿ ਹਾਜ਼ਰ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਕਰਵਾਏ ਬੱਚਿਆਂ ਦੇ ਸਾਇੰਸ ਅਤੇ ਸੱਭਿਆਚਾਰਕ ਮੁਕਾਬਲੇ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਅੰਤਰ ਸਕੂਲ ਸਾਇੰਸ ਅਤੇ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ।ਮੁਕਾਬਲਿਆਂ ਵਿੱਚ ਸ਼ਬਦ ਗਾਇਨ, ਭਾਸ਼ਣ, ਕਵਿਤਾ ਉਚਾਰਨ, ਲੋਕ ਗੀਤ, ਲੋਕ ਨਾਚ, ਰੰਗੋਲੀ ਮੇਕਿੰਗ, ਕਾਰਡ ਮੇਕਿੰਗ, ਮਾਡਲ ਮੇਕਿੰਗ, ਕੁਇਜ਼ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ।ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਆਪਣੇ ਸਵਾਗਤੀ ਸ਼ਬਦਾਂ ਨਾਲ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ ਮਹਿਮਾਨ ਸਾਹਿਬਾਨ, ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ।ਕਾਲਜ ਪ੍ਰੋਫ਼ੈਸਰ ਰਮਨਦੀਪ ਕੌਰ ਨੇ ਕਾਲਜ ਦੇ ਸੰਖੇਪ ਇਤਿਹਾਸ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਪ੍ਰੋਗਰਾਮ ਦਾ ਆਗਾਜ਼ ਕੀਤਾ। ਪ੍ਰੋਫ਼ੈਸਰ ਰਮਨਦੀਪ ਕੌਰ ਅਤੇ ਡਾ. ਆਤਮਾ ਸਿੰਘ ਨੇ ਮੰਚ ਸੰਚਾਲਕ ਦੀ ਭੂਮਿਕਾ ਬਾਖ਼ੂਬੀ ਨਿਭਾਈ।ਇਸ ਮੌਕੇ ਬੀਬੀ ਜਸਬੀਰ ਕੌਰ ਜ਼ਫ਼ਰਵਾਲ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ਼ਬਦ ਗਾਇਨ ਮੁਕਾਬਲਿਆਂ ਵਿੱਚੋਂ ਬੀ. ਐੱਚ. ਐੱਸ ਮਿਲੇਨੀਅਮ ਸਕੂਲ ਦੀ ਟੀਮ ਪਹਿਲੇ ਸਥਾਨ, ਰਤਨ ਸਾਗਰ ਸ. ਸ. ਸਕੂਲ ਬੱਬੇਹਾਲੀ ਦੀ ਟੀਮ ਦੂਸਰੇ ਸਥਾਨ ਅਤੇ ਗੁਰੂ ਤੇਗ ਬਹਾਦਰ ਸਕੂਲ ਕਲਿਆਣਪੁਰ ਦੀ ਟੀਮ ਤੀਸਰੇ ਸਥਾਨ ਤੇ ਰਹੀ।ਭਾਸ਼ਣ ਮੁਕਾਬਲਿਆਂ ਵਿੱਚੋਂ ਸਾਹਿਬਜ਼ਾਦਾ ਜੋਰਾਵਰ ਸਿੰਘ ਫਤਹਿ ਸਿੰਘ ਸਕੂਲ ਧਾਰੀਵਾਲ ਦੀ ਟੀਮ ਨੇ ਪਹਿਲਾ, ਬੀ. ਐੱਚ. ਐੱਸ ਮਿਲੇਨੀਅਮ ਨੇ ਦੂਸਰਾ, ਸ. ਸ. ਸ. ਸਕੂਲ ਘੁੰਮਣ ਕਲਾਂ ਅਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਨੇ ਤੀਸਰਾ ਸਥਾਨ ਹਾਸਲ ਕੀਤਾ।ਕਵਿਤਾ ਉਚਾਰਨ ਮੁਕਾਬਲਿਆਂ ਵਿੱਚ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਦੀ ਟੀਮ ਪਹਿਲੇ, ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖ਼ਤਪੁਰ ਦੀ ਟੀਮ ਦੂਸਰੇ ਅਤੇ ਬੀ. ਐੱਚ. ਐੱਸ ਮਿਲੇਨੀਅਮ ਤੇ



ਇੰਡੀਅਨ ਹੈਰੀਟੇਜ ਪਬਲਿਕ ਸਕੂਲ ਧਾਰੀਵਾਲ ਨੇ ਤੀਸਰਾ ਸਥਾਨ ਹਾਸਲ ਕੀਤਾ।ਲੋਕ ਗੀਤ ਮੁਕਾਬਲਿਆਂ ਵਿੱਚੋਂ ਗੁਰੂ ਤੇਗ ਬਹਾਦਰ ਸਕੂਲ ਕਲਿਆਣਪੁਰ, ਬੀ. ਐੱਚ. ਐੱਸ. ਮਿਲੇਨੀਅਮ, ਸਰਕਾਰੀ ਹਾਈ ਸਕੂਲ ਪੁਰੋਵਾਲ ਜੱਟਾਂ ਦੀਆਂ ਟੀਮਾਂ ਕ੍ਰਮਵਾਰ ਪਹਿਲੇ, ਦੂਸਰੇ ਤੇ ਤੀਸਰੇ ਸਥਾਨ ਤੇ ਰਹੀਆਂ।ਲੋਕ ਨਾਚ ਮੁਕਾਬਲਿਆਂ ਵਿੱਚੋਂ ਜੀ. ਟੀ. ਬੀ. ਇੰਟਰਨੈਸ਼ਨਲ ਸਕੂਲ ਕਲਿਆਣਪੁਰ ਨੇ ਪਹਿਲਾ, ਇੰਡੀਅਨ ਹੈਰੀਟੇਜ ਪਬਲਿਕ ਸਕੂਲ ਧਾਰੀਵਾਲ ਨੇ ਦੂਸਰਾ, ਬੀ. ਐੱਚ. ਐੱਸ. ਮਿਲੇਨੀਅਮ ਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਨੇ ਤੀਸਰਾ ਸਥਾਨ ਹਾਸਲ ਕੀਤਾ। ਕਾਰਡ ਮੇਕਿੰਗ ਵਿੱਚੋਂ ਬੀ. ਐੱਚ. ਐੱਸ. ਮਿਲੇਨੀਅਮ, ਰਤਨ ਸਾਗਰ ਪਬਲਿਕ ਸਕੂਲ ਬੱਬੇਹਾਲੀ, ਸਾਹਿਬਜ਼ਾਦਾ ਜੋਰਾਵਰ ਸਿੰਘ ਫਤਹਿ ਸਿੰਘ ਸਕੂਲ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ।ਰੰਗੋਲੀ ਵਿੱਚੋਂ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ, ਰਤਨ ਸਾਗਰ ਪਬਲਿਕ ਸਕੂਲ ਬੱਬੇਹਾਲੀ, ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖ਼ਤਪੁਰ ਕ੍ਰਮਵਾਰ ਪਹਿਲੇ ਦੂਸਰੇ ਤੀਸਰੇ ਸਥਾਨ ਤੇ ਰਹੇ।ਸੁੰਦਰ ਲਿਖਾਈ ਵਿੱਚੋਂ ਸਾਹਿਬਜ਼ਾਦਾ ਜੋਰਾਵਰ ਸਿੰਘ ਫਤਹਿ ਸਿੰਘ ਸਕੂਲ ਨੇ ਪਹਿਲਾ, ਰਤਨ ਸਾਗਰ ਬੱਬੇਹਾਲੀ, ਸਰਕਾਰੀ ਹਾਈ ਸਕੂਲ ਪੁਰੋਵਾਲ ਨੇ ਦੂਸਰਾ ਅਤੇ ਬੀ. ਐੱਚ. ਐੱਸ. ਮਿਲੇਨੀਅਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਕੁਇਜ਼ ਮੁਕਾਬਲੇ ਵਿੱਚੋਂ ਬੀ. ਐੱਚ. ਐੱਸ. ਮਿਲੇਨੀਅਮ, ਸਾਹਿਬਜ਼ਾਦਾ ਜੋਰਾਵਰ ਸਿੰਘ ਫਤਹਿ ਸਿੰਘ, ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹੇ।ਮਾਡਲ ਮੇਕਿੰਗ ਵਿੱਚੋਂ ਸਾਹਿਬਜ਼ਾਦਾ ਜੋਰਾਵਰ ਸਿੰਘ ਫਤਹਿ ਸਿੰਘ, ਸ.ਸ.ਸ. ਸਕੂਲ ਸੋਹਲ ਤੇ ਰਤਨ ਸਾਗਰ ਪਬਲਿਕ ਸਕੂਲ ਕ੍ਰਮਵਾਰ ਪਹਿਲੇ, ਦੂਸਰੇ, ਤੀਸਰੇ ਸਥਾਨ ਤੇ ਰਹੇ।ਜੇਤੂ ਵਿਦਿਆਰਥੀਆਂ ਨੂੰ ਸ਼ੀਲਡਾਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਓਵਰਆਲ ਰਨਰਅੱਪ ਦੀ ਟਰਾਫੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਹਿ ਸਿੰਘ ਸਕੂਲ ਦੇ ਨਾਮ ਰਹੀ ਜਦਕਿ ਓਵਰਆਲ ਵਿਜੇਤਾ ਦੀ ਟਰਾਫੀ ਬੀ. ਐੱਚ. ਐੱਸ. ਮਿਲੇਨੀਅਮ ਸਕੂਲ ਦੇ ਨਾਮ ਰਹੀ।

# ਸੰਤ ਬਾਬਾ ਸੇਵਾ ਸਿੰਘ ਦੀ ਯਾਦ 'ਚ ਕਰਵਾਇਆ ਪੰਜਵਾਂ ਗੁਰਮਤਿ ਸਮਾਗਮ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸਿੱਖ ਕੌਮ ਦੇ ਮਹਾਨ ਸ਼ਹੀਦ ਸੰਤ ਬਾਬਾ ਸੇਵਾ ਸਿੰਘ ਦੀ ਮਿੱਠੀ ਯਾਦ ਵਿੱਚ ਪੰਜਵਾਂ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਪਿੰਡ ਬੋਪਾਰਾਏ ਵਿਖੇ ਭਾਈ ਸਾਹਿਬ



ਸਿੰਘ ਤੇ ਪਿੰਡ ਦੀ ਸਮੂਹ ਸੰਗਤ ਦੀ ਅਗਵਾਈ ਹੇਠ ਸਵੇਰ ਤੋਂ ਰਾਤ 9 ਵਜੇ ਤੱਕ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਨੇ ਸਾਰਾ ਦਿਨ ਵੱਧ ਚੜ੍ਹ ਕੇ ਹਾਜ਼ਰੀਆਂ ਭਰੀਆਂ ਤੇ ਸਾਰਾ ਦਿਨ ਗੁਰੂ ਦੇ ਅਤੁੱਟ ਲੰਗਰ ਵੀ ਚੱਲਦੇ ਰਹੇ। ਸਮਾਗਮ ਵਿੱਚ ਕਥਾਕਾਰ ਭਾਈ ਭੁਪਿੰਦਰ ਸਿੰਘ, ਹਜ਼ੂਰੀ ਰਾਗੀ ਭਾਈ ਗੁਰਪਾਲ ਸਿੰਘ ਤਰਨਤਾਰਨ ਸਾਹਿਬ, ਭਾਈ ਗੁਰਵੇਲ ਸਿੰਘ, ਭਾਈ ਗੁਰਜੀਤ ਸਿੰਘ ਢਾਡੀ ਜਥੇ ਨੇ ਕੀਰਤਨ ਅਤੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਵੀ ਗੁਰੂ ਨਾਨਕ ਸਾਹਿਬ ਦੇ ਇਤਿਹਾਸ ਪੱਖਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਬਾਬਾ ਗੁਰਦੇਵ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰਸਰ ਦਾ ਡੇਰਾ, ਬਾਬਾਕਵਲਜੀਤ ਸਿੰਘ ਨਾਗੀਆਣਾ ਸਾਹਿਬ, ਭਾਈ ਹਰਦੀਪ ਸਿੰਘ ਅਮਰੀਕਾ ਵਾਲੇ, ਭਾਈ ਸੁਖਵਿੰਦਰ ਸਿੰਘ ਮੁੱਖ ਗ੍ਰੰਥੀ ਬੋਪਾਰਾਏ, ਸਰਪੰਚ ਬਲਬੀਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ, ਸਤਨਾਮ ਸਿੰਘ ਪੀਐੱਚਡੀ, ਪ੍ਰੋਫੈਸਰ ਤਲਵਿੰਦਰ ਸਿੰਘ, ਯਾਦਵਿੰਦਰ ਸਿੰਘ, ਗਗਨਦੀਪ ਸਿੰਘ ਆਦਿ ਨੇ ਵਿਸ਼ੇਸ਼ ਹਾਜ਼ਰੀਆਂ ਭਰੀਆਂ। ਸਮਾਗਮ ਦੇ ਅਖੀਰ ਵਿੱਚ ਆਈਆਂ ਹੋਈਆਂ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸਿਆਸਤਦਾਨਾਂ ਨੂੰ ਪੀਯੂ ਦੀ ਵਿਦਿਆਰਥੀ ਲੀਡਰਸ਼ਿਪ ਤੋਂ ਸਬਕ ਸਿੱਖਣ ਦੀ ਲੋੜ : ਪ੍ਰੋ. ਬਲਜਿੰਦਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਪੰਜਾਬ ਦੀ ਸਮੁੱਚੀ ਸਿਆਸੀ ਲੀਡਰਸ਼ਿਪ ਨੂੰ ਕਿਹਾ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਦੇ ਸੰਘਰਸ਼ ਤੋਂ ਸਬਕ ਲੈਣ ਜੋ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਲੜਿਆ ਗਿਆ।ਕੁਝ ਦਿਨਾਂ ਵਿੱਚ ਹੀ ਇਤਿਹਾਸ ਦੇ ਪੰਨਿਆਂ ਤੇ ਲਿਖ ਦਿੱਤਾ ਗਿਆ ਕਿ ਵਿਦਿਆਰਥੀ ਸ਼ਕਤੀ ਰਵਾਇਤੀ ਸਿਆਸੀ ਆਗੂਆਂ ਦਾ ਬਦਲਾਵ ਬਣ ਸਕਦੀ ਹੈ।ਕੇਂਦਰ ਸਰਕਾਰ ਲੰਮੇ ਸਮੇਂ ਤੋਂ ਪੰਜਾਬ ਨਾਲ ਧੱਕਾ ਕਰਦੀ ਆ ਰਹੀ ਹੈ ਪਰ ਸਿਆਸੀ ਆਗੂਆਂ ਦੀ ਕੇਂਦਰ ਨਾਲ ਅੰਦਰੂਨੀ ਮਿਲੀਭੁਗਤ ਕਾਰਨ ਕਦੇ ਵੀ ਇਨਸਾਫ਼ ਨਹੀਂ ਮਿਲਿਆ।ਸਿਆਸੀ ਪਾਰਟੀਆਂ ਲੋਕ ਹਿੱਤ ਮੁੱਦਿਆਂ ਤੋਂ ਹੱਟ ਕੇ ਆਪਸੀ ਦੁਸ਼ਣਬਾਜ਼ੀ ਵਿੱਚ ਜ਼ਿਆਦਾ ਵਿਸ਼ਵਾਸ ਰੱਖਦੀਆਂ ਹਨ ।ਅਕਾਲੀ ਦਲ ,ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਲ ਬਣਾ ਕੇ ਰਾਜਨੀਤੀ ਕਰਦਾ ਹੈ ਪਰ ਵਿਦਿਆਰਥੀਆਂ ਨੇ ਪੰਜਾਬ ਦੀ ਅਮੀਰ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਨੋਟੀਫ਼ਿਕੇਸ਼ਨ ਰੱਦ ਕਰਵਾਉਣ ਲਈ ਭਾਜਪਾ ਦੇ ਪਿੱਛੇ ਕੰਮ ਕਰ ਰਹੇ ਸੰਘੀ ਪਰਿਵਾਰ ਤੇ ਨਿਸ਼ਾਨਾ ਸਾਧਿਆ।ਪੁਰਾਣੇ ਵਿਦਿਆਰਥੀਆਂ, ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਪੰਜਾਬ ਦੀ ਜ਼ਮੀਨ ਨਾਲ ਪਿਆਰ ਕਰਨ ਵਾਲੇ ਆਪ ਮੁਹਾਰੇ ਸੰਘਰਸ਼ ਦਾ ਹਿੱਸਾ ਬਣ ਗਏ।ਸੰਘਰਸ਼ੀਆਂ ਨੇ ਹੋਸ਼ ਅਤੇ ਜੋਸ਼ ਤੋਂ ਕੰਮ ਲੈਂਦਿਆਂ ਦੱਸ ਦਿੱਤਾ ਕਿ ਪੰਜਾਬ ਵਿੱਚ ਵਿਰਾਸਤੀ ਸੋਚ ਹੀ ਚੱਲੇਗੀ।ਪ੍ਰੋ. ਬਲਜਿੰਦਰ ਸਿੰਘ ਨੇ ਭਾਜਪਾ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਭਵਿੱਖ ਵਿੱਚ ਪੰਜਾਬ ਅਤੇ ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਨਾ ਕਰੇ।ਇਸ ਸੰਘਰਸ਼ ਵਿੱਚ ਆਪ ਸਰਕਾਰ ਦੀ ਭੂਮਿਕਾ ਨੇ ਪੰਜਾਬ ਵਾਸੀਆਂ ਨਿਰਾਸ਼ ਕੀਤਾ ਹੈ।ਉਨ੍ਹਾਂ ਕਿਹਾ ਕਿ ਜੇਕਰ ਸਿਆਸੀ ਪਾਰਟੀਆਂ ਦੇ ਹੱਥ ਵਿੱਚ ਵਾਗਡੋਰ ਹੁੰਦੀ ਤਾਂ ਭਾਜਪਾ ਨਾਲ ਸੌਦੇਬਾਜ਼ੀ ਹੋ ਜਾਣੀ ਸੀ।ਇਸ ਲਈ ਜ਼ਰੂਰੀ ਹੈ ਕਿ ਰਾਜਨੀਤਕ ਪਾਰਟੀਆਂ ਆਪਣੀ ਪੀੜ੍ਹੀ ਥੱਲੇ ਸੋਟਾ ਮਾਰ ਕੇ ਦੇਖਣ ਕਿ ਉਹ ਕਿੱਥੇ ਖੜ੍ਹੇ ਹਨ।

# 5ਵਾਂ ਸਾਲਾਨਾ ਜਾਗਰਣ ਧੂਮਧਾਮ ਨਾਲ ਕਰਵਾਇਆ



**ਛੇਹਰਟਾ, (ਮਨੋਜ ਕੁਮਾਰ)**-88 ਫੁੱਟ ਰੋਡ ਆਨੰਦ ਵਿਹਾਰ ਗਲੀ ਟਾਵਰ ਵਾਲੀ ਵਿਚ ਨਵਦੁੱਰ ਭਜਨ ਮੰਡਲੀ ਵੱਲੋਂ 5ਵਾਂ ਸਾਲਾਨਾ ਜਾਗਰਣ ਬੜੀ ਧੂਮਧਾਮ ਨਾਲ ਕਰਵਾਇਆ ਗਿਆ।ਪ੍ਰਸਿੱਧ ਭਜਨ ਗਾਇਕਾਂ ਨੇ ਮਾਂ ਦਾ ਗੁਣਗਾਨ ਕੀਤਾ। ਜਾਗਰਣ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਹਿੱਸਾ ਲਿਆ ਤੇ ਮਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਭੰਡਾਰਾ ਦਿਨ ਭਰ ਜਾਰੀ ਰਿਹਾ। ਇਸ ਮੌਕੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਅਨੁਜ ਖੇਮਕਾ, ਇੰਸਪੈਕਟਰ ਅਮਰਜੀਤ ਸਿੰਘ, ਸਮਾਜ ਸੇਵਕ ਅਸ਼ਵਨੀ ਜੋਸ਼ੀ ਤੇ ਅਮਨ ਜੋਸ਼ੀ ਨੂੰ ਪ੍ਰਧਾਨ ਪ੍ਰਦੀਪ ਕੁਮਾਰ ਨੇ ਸਨਮਾਨਿਤ ਕੀਤਾ। ਇਸ ਮੌਕੇ ਹਰੀਸ਼, ਲੱਕੀ, ਕੇਵਲ, ਪੰਕਜ, ਮਨੀ, ਗਗਨ, ਸੰਦੀਪ, ਅਰਮਾਨ, ਰੀਆ, ਸ਼ਿਵਾਂਸ਼ੂ, ਰੂਹੀ ਆਦਿ ਮੌਜੂਦ ਸਨ।

# ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਕਾਰਨ ਸਰਕਾਰ ਨੂੰ ਲੱਗ ਰਿਹੈ ਲੱਖਾਂ ਰੁਪਏ ਦਾ ਚੂਨਾ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਅੰਦਰ ਕਈ ਰੇਹੜੀਆਂ, ਹੋਟਲਾਂ, ਢਾਬੇ ਆਦਿ ਵਾਲਿਆਂ ਵੱਲੋਂ ਘਰੇਲੂ ਗੈਸ ਸਿਲੰਡਰ ਦੀ ਦੁਰਵਰਤੋ ਜ਼ੋਰਾਂ 'ਤੇ ਕੀਤੀ ਜਾ ਰਹੀ ਹੈ ਜਦਕਿ ਇਸ ਪਾਸੇ ਸਿਵਲ ਸਪਲਾਈ ਵਿਭਾਗ ਗੁਰਦਾਸਪੁਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਸਬੰਧੀ ਮਹਿਕਮਾ ਖ਼ੁਰਾਕ ਜਾਣ ਬੁੱਝ ਕੇ ਅਣਦੇਖੀ ਕਰ ਰਿਹਾ ਹੈ। ਜਾਣਕਾਰੀ ਅਨੁਸਾਰ ਸ਼ਹਿਰ ਅੰਦਰ ਸੜਕਾਂ ਕੰਢੇ ਧੜੱਲੇ ਨਾਲ ਫਾਸਟ ਫੂਡ ਦੀਆਂ ਰੇਹੜੀਆਂ ਵਾਲੇ ਖੁੱਲੇਆਮ ਘਰੇਲੂ ਗੈਸ ਸਿਲੰਡਰ ਦੀ ਦੁਰਵਰਤੋਂ ਕਰ ਰਹੇ ਹਨ ਜਦਕਿ ਇਨ੍ਹਾਂ ਨੂੰ ਕਮਰਸ਼ੀਅਲ ਗੈਸ ਸਿਲੰਡਰ ਵਰਤਣਾ ਚਾਹੀਦਾ ਹੈ ਪਰ ਕਮਰਸ਼ੀਅਲ ਗੈਸ ਸਿਲੰਡਰ ਮਹਿੰਗਾ ਹੋਣ ਕਰਕੇ ਜ਼ਿਆਦਾਤਰ ਰੇਹੜੀ, ਢਾਬੇ ਅਤੇ ਹਲਵਾਈ ਆਦਿ ਘਰੇਲੂ ਗੈਸ ਸਿਲੰਡਰ ਹੀ ਵਰਤ ਰਹੇ ਹਨ। ਇਹ ਫਾਸਟ ਫੂਡ, ਨੂਡਲ, ਚਾਪਾਂ ਆਦਿ ਦੀਆਂ ਰੇਹੜੀਆਂ ਵਾਲੇ ਸ਼ਰੇਆਮ ਹਨੂੰਮਾਨ ਚੌਂਕ, ਲਾਇਬ੍ਰੇਰੀ ਰੋਡ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਅਜਿਹੇ ਗੈਸ ਸਿਲੰਡਰ ਵਰਤ ਕੇ ਸਰਕਾਰੀ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਸਿਵਲ ਸਪਲਾਈ ਵਿਭਾਗ ਦੇ ਅਫ਼ਸਰਾਂ ਤੋਂ ਇਲਾਵਾ ਥਾਣਾ ਸਿਟੀ ਪੁਲਸ ਗੁਰਦਾਸਪੁਰ ਨੂੰ ਵੀ ਅਜਿਹੀ ਰੇਹੜੀਆਂ, ਹੋਟਲ, ਢਾਬੇ ਅਤੇ ਹਲਵਾਈਆਂ ਦੀਆਂ ਦੁਕਾਨਾਂ 'ਤੇ ਛਾਪਾਮਾਰੀ ਕਰਕੇ ਨਜਾਇਜ਼ ਵਰਤੇ ਜਾ ਰਹੇ ਗੈਸ ਸਿਲੰਡਰ ਵਾਲੇ ਦੁਕਾਨਦਾਰਾਂ ਖਿਲਾਫ਼ ਸ਼ਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਇਨ੍ਹਾਂ ਲੋਕਾਂ ਨੂੰ ਕਾਨੂੰਨ ਦਾ ਥੋੜ੍ਹਾ ਡਰ ਪੈ ਸਕੇ।

# ਪੁਲਸ ਨੇ ਰੇਲਵੇ ਸਟੇਸ਼ਨ ਗੁਰਦਾਸਪੁਰ 'ਤੇ ਚਲਾਈ ਚੈਕਿੰਗ ਮੁਹਿੰਮ

**ਗੁਰਦਾਸਪੁਰ, (ਜਨਕ ਮਹਾਜਨ)**

ਦਿੱਲੀ ਵਿੱਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਅਲਰਟ ਜਾਰੀ ਕੀਤਾ ਗਿਆ ਹੈ। ਇਸ ਤਹਿਤ ਗੁਰਦਾਸਪੁਰ ਜ਼ਿਲ੍ਹੇ ਦੇ ਰੇਲਵੇ ਸਟੇਸ਼ਨ 'ਤੇ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਗੁਰਦਾਸਪੁਰ ਇਕ ਬਹੁਤ ਹੀ ਸੰਵੇਦਨਸ਼ੀਲ ਜ਼ਿਲ੍ਹਾ ਹੈ, ਜੋ ਇਕ ਪਾਸੇ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਅਤੇ ਦੂਜੇ ਪਾਸੇ ਜੰਮੂ-ਕਸ਼ਮੀਰ ਰਾਜ ਨਾਲ ਲੱਗਦਾ ਹੈ। ਇਸ ਲਈ ਗੁਰਦਾਸਪੁਰ ਵਿਚ ਪੁਲਸ ਬਲ ਤਾਇਨਾਤ ਕੀਤੇ ਗਏ ਹਨ। ਪੁਲਿਸ ਰੇਲਵੇ ਸਟੇਸ਼ਨ 'ਤੇ ਸਖ਼ਤ ਸੁਰੱਖਿਆ ਯਕੀਨੀ ਬਣਾਉਣ ਅਤੇ ਕਿਸੇ ਵੀ ਸ਼ਰਾਰਤ ਨੂੰ ਰੋਕਣ ਲਈ ਚੈਕਿੰਗ ਮੁਹਿੰਮ ਚਲਾ ਰਹੀ ਹੈ। ਐੱਸ. ਐੱਸ. ਪੀ. ਆਦਿਤਿਆ ਕੁਮਾਰ ਨੇ ਦੱਸਿਆ ਕਿ ਗੁਰਦਾਸਪੁਰ ਪੁਲਸ ਨੇ ਸੁਰੱਖਿਆ ਕਾਰਨਾਂ ਕਰਕੇ ਰੇਲਵੇ ਸਟੇਸ਼ਨ ਅਤੇ ਪਲੇਟਫਾਰਮਾਂ 'ਤੇ ਚੈਕਿੰਗ ਮੁਹਿੰਮ ਚਲਾਈ ਹੈ। ਰੇਲ ਗੱਡੀ ਦੇ ਅੰਦਰ ਅਤੇ ਗੁਰਦਾਸਪੁਰ ਰੇਲਵੇ ਸਟੇਸ਼ਨ 'ਤੇ ਪਲੇਟਫਾਰਮ 'ਤੇ ਯਾਤਰੀਆਂ ਦੇ ਸਾਮਾਨ ਅਤੇ ਆਧਾਰ ਕਾਰਡਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਕਾਰਨ ਰੇਲਵੇ ਸਟੇਸ਼ਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਉਹ ਕੋਈ ਸ਼ੱਕੀ ਵਿਅਕਤੀ ਜਾਂ ਵਸਤੂ ਦੇਖਦੇ ਹਨ ਤਾਂ ਤੁਰੰਤ ਨਜ਼ਦੀਕੀ ਪੁਲਸ ਅਧਿਕਾਰੀ ਨੂੰ ਸੂਚਿਤ ਕਰਨ।



# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ




**ਤਰਨਤਾਰਨ (ਪ੍ਰਿਤਪਾਲ ਸਿੰਘ)**-ਗੁਰੂ ਅਮਰਦਾਸ ਆਦਰਸ ਇੰਸਟੀਚਿਊਟ ਗੋਇੰਦਵਾਲ ਸਾਹਿਬ ਦੇ ਕਿੱਡਜ਼ ਪੈਰਾਡਾਈਜ਼ ਦੇ ਵਿਦਿਆਰਥੀਆਂ ਲਈ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ।ਇਸ ਮੌਕੇ ਡਾ. ਐੱਸ. ਪੀ. ਸੋਂਧੀ, ਡਿਪਟੀ ਚੀਫ਼ ਇੰਜੀਨੀਅਰ ਪੰਜਾਬ ਰਾਜ ਬਿਜਲੀ ਬੋਰਡ ਜਲੰਧਰ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਪਹੁੰਚੇ ਅਤੇ ਹੋਰ ਖਾਸ ਮਹਿਮਾਨ ਡਾ. ਮਨੂ ਸੂਦ, ਹੈੱਡ ਆੱਫ ਡਿਪਾਰਟਮੈਂਟ, ਫਿਜ਼ੀਕਲ ਐਜੂਕੇਸ਼ਨ, ਡੀਏਵੀ ਕਾਲਜ, ਜਲੰਧਰ ਅਤੇ ਸ. ਇੰਦਰਜੀਤ ਸਿੰਘ ਡਾਇਰੈਕਟਰ ਕਰਤਾਰ ਫਲੋਰ ਮਿੱਲ ਗੋਇੰਦਵਾਲ ਸਾਹਿਬ ਉਚੇਚੇ ਤੌਰ 'ਤੇ ਪਹੁੰਚੇ।ਇਸ ਮੌਕੇ ਛੋਟੇ ਵਿਦਿਆਰਥੀਆਂ ਨੇ ਜੁਆਇਸ ਆਫ ਲਾਈਫ ਵਿਸ਼ੇ ਅਧੀਨ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਬਚਪਨ ਦੀਆਂ ਮੌਜਾਂ ਤੇ ਬੇਪ੍ਰਵਾਹੀਆਂ ਅਤੇ ਅਜੋਕੇ ਯੁੱਗ ਦੌਰਾਨ ਮੋਬਾਇਲ ਵਿੱਚ ਗਵਾਚ ਰਹੇ ਅਣਭੋਲ ਬਚਪਨ ਨਾਲ ਸੰਬੰਧਤ ਵੰਨਗੀਆਂ ਨੂੰ ਬੜੇ ਸੁਚੱਜੇ ਢੰਗ ਨਾਲ ਸਟੇਜ 'ਤੇ ਪੇਸ਼ ਕੀਤਾ ਗਿਆ।ਇਸ ਮੌਕੇ ਪਿਛਲੇ ਇੱਕ ਸਾਲ ਤੋਂ ਅੱਵਲ ਪੁਜ਼ੀਸ਼ਨਾਂ 'ਤੇ ਆ ਰਹੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਸਾਹਿਬ, ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਵੱਲੋਂ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਪੂਰੇ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਝਲਕ ਦਿਖਾਈ ਦੇ ਰਹੀ ਸੀ। ਇਸ ਮੌਕੇ ਪ੍ਰਿੰਸੀਪਲ ਮਨੀਸ਼ਾ ਸੂਦ ਅਤੇ ਕਿੱਡਜ਼ ਪੈਰਾਡਾਈਜ਼ ਦੇ ਕੋਆਰਡੀਨੇਟਰ ਕਿਰਨ ਮੰਨਨ ਵੱਲੋਂ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ।ਪ੍ਰੋਗਰਾਮ ਵਿੱਚ ਬੋਲਦਿਆਂ ਮੁੱਖ ਮਹਿਮਾਨ ਡਾ. ਐੱਸ. ਪੀ. ਸੋਂਧੀ ਨੇ ਇਸ ਸਕੂਲ ਦੇ ਵਿਦਿਆਰਥੀ ਲਗਾਤਾਰ ਅੱਠਵੀਂ ਵਾਰ ਜ਼ਿਲ੍ਹਾ ਪੱਧਰ 'ਤੇ ਅੱਵਲ ਰਹਿਣ ਲਈ ਮੈਨੇਜਮੈਂਟ ਕਮੇਟੀ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਦੀ ਤਾਰੀਫ਼ ਕਰਦਿਆਂ ਵਿਦਿਆਰਥੀਆਂ ਦੀ ਸਫ਼ਲਤਾ ਦਾ ਸਿਹਰਾ ਅਧਿਆਪਕਾਂ ਦੀ ਯੋਗ ਅਗਵਾਈ ਅਤੇ ਵਿਦਿਆਰਥੀਆਂ ਦੀ ਮਿਹਨਤ ਸਿਰ ਬੰਨ੍ਹਿਆ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਇਲਾਕੇ ਦਾ ਇਹ ਸਰਵੋਤਮ ਸਕੂਲ ਸ਼ੁਰੂ ਤੋਂ ਹੀ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਬਣਾਉਣ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ।ਉਨ੍ਹਾਂ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਸੁਨਹਿਰੇ ਭਵਿੱਖ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਅਤੇ ਉੱਚੀਆਂ ਪਦਵੀਆਂ ਹਾਸਲ ਕਰਨ ਲਈ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਆਏ ਹੋਏ ਸਰੋਤਿਆਂ ਅਤੇ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਚੰਗੇਰੇ ਭਵਿੱਖ ਲਈ ਵਚਨਬੱਧ ਰਹੇਗਾ।

# ਪੀ ਐੱਮ ਸ਼੍ਰੀ ਸੀਨੀਅਰ ਸੈਕੰਡਰੀ ਸਕੂਲ ਨਾਗ ਕਲਾਂ ਵਿਖੇ ਕਰਵਾਏ ਸੁੰਦਰ ਦਸਤਾਰ ਮੁਕਾਬਲੇ



**ਮਜੀਠਾ (ਸੋਇਮ ਆਨੰਦ)**

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੀਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਗਕਲਾਂ ਵਿਖੇ ਪ੍ਰਧਾਨ ਨਰਿੰਦਰ ਸਿੰਘ ਅਤੇ ਅਧਿਆਪਕ ਜਸਜੀਤ ਸਿੰਘ ਦੀ ਅਗਵਾਈ ਵਿੱਚ ਐੱਨਆਰਆਈ ਵੀਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ, ਦਸਤਾਰ ਮੁਕਾਬਲਿਆਂ ਵਿੱਚ ਕੋਚ ਰਾਹੁਲਪ੍ਰੀਤ ਸਿੰਘ, ਕੋਚ ਗੁਰਿੰਦਰ ਸਿੰਘ, ਕੋਚ ਗਗਨਦੀਪ ਸਿੰਘ, ਕੋਚ ਸ਼ੁਭਪ੍ਰੀਤ ਸਿੰਘ ਨੇ ਜੱਜ ਦੀ ਭੂਮਿਕਾ ਨਿਭਾਈ। ਇਸ ਮੌਕੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਅਧਿਆਪਕ ਜਸਜੀਤ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਦੋ ਗਰੁੱਪ ਬਣਾਏ ਗਏ ਸਨ ਪਹਿਲਾ ਗਰੁਪ ਏ ਜਿਸ ਵਿੱਚ 7 ਤੋਂ 15 ਸਾਲ ਦੇ ਬੱਚਿਆਂ ਨੇ ਹਿੱਸਾ ਲਿਆ ਅਤੇ ਦੂਸਰਾ ਬੀ ਗਰੁੱਪ ਜਿਸ ਵਿੱਚ 16 ਤੋਂ 28 ਸਾਲ ਦੇ ਬੱਚਿਆਂ ਨੇ ਦਸਤਾਰ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਸ ਵਿੱਚ ਗਰੁੱਪ ਬੀ 'ਚੋਂ ਸਾਹਿਲਪ੍ਰੀਤ ਸਿੰਘ ਨੇ ਪਹਿਲਾ, ਗੁਰਸੇਵਕ ਸਿੰਘ ਨੇ ਦੂਸਰਾ ਅਤੇ ਹਰਮਨਨੂਰ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਪਤਵੰਤਿਆਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਯਾਦਗਾਰੀ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ, ਮਾਸਟਰ ਜਸਜੀਤ ਸਿੰਘ ਤੋਂ ਇਲਾਵਾ ਪ੍ਰਭਜੀਤ ਸਿੰਘ, ਦਲਜੀਤ ਸਿੰਘ ਗਿੱਲ, ਵਿਕਰਮਜੀਤ ਸਿੰਘ, ਜਸਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਸਾਬਕਾ ਸਰਪੰਚ ਮਨਜੀਤ ਸਿੰਘ, ਤਲਵਿੰਦਰ ਸਿੰਘ, ਇਕਬਾਲ ਸਿੰਘ, ਚੰਨ, ਦਵਿੰਦਰ ਸਿੰਘ ਗਿੱਲ ਆਦਿ ਹਾਜ਼ਰ ਸਨ।

# 'ਸ੍ਰੀ ਗੁਰੂ ਤੇਗ਼ ਬਹਾਦਰ ਜੀ : ਸ਼ਹਾਦਤ ਦਾ ਗੌਰਵ' ਵਿਸ਼ੇ 'ਤੇ ਭਾਸ਼ਣ ਨਾਲ ਸਮਾਗਮਾਂ ਦੀ ਸ਼ੁਰੂਆਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਹਿੰਦੂ ਕਾਲਜ ਅੰਮ੍ਰਿਤਸਰ ਵੱਲੋਂ ਪ੍ਰਿੰਸੀਪਲ ਡਾ. ਰਾਕੇਸ਼ ਸ਼ਰਮਾ ਦੀ ਅਗਵਾਈ ਵਿੱਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ।ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਵਜੋਂ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਇੱਕ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ ਗਿਆ। 'ਸ੍ਰੀ ਗੁਰੂ ਤੇਗ਼ ਬਹਾਦਰ ਜੀ: ਸ਼ਹਾਦਤ ਦਾ ਗੌਰਵ' ਵਿਸ਼ੇ 'ਤੇ ਕਰਵਾਏ ਗਏ ਇਸ ਭਾਸ਼ਣ ਦੇ ਮੁੱਖ ਵਕਤਾ ਵਜੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਆਪਣੇ ਦਾਰਸ਼ਨਿਕ ਵਿਚਾਰ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ਼ ਸਾਂਝੇ ਕੀਤੇ।ਆਪਣੇ ਭਾਸ਼ਣ ਵਿੱਚ ਡਾ. ਪਰਮਿੰਦਰ ਸਿੰਘ ਨੇ ਪੱਛਮੀ ਅਤੇ ਭਾਰਤੀ ਸਿੱਖਿਆ ਪ੍ਰਣਾਲੀ ਦਾ ਤੁਲਨਾਤਮਿਕ ਅਧਿਐਨ ਪੇਸ਼ ਕਰਦਿਆਂ ਸ਼ਹਾਦਤ ਦੇ ਸੰਕਲਪ ਦੀਆਂ ਤਹਿਆਂ ਵਿੱਚ ਜਾਣ ਦਾ ਯਤਨ ਕਰਦਿਆਂ ਦੱਸਿਆ ਕਿ ਜਿੱਥੇ ਪੱਛਮੀ ਸਿੱਖਿਆ ਪ੍ਰਣਾਲੀ ਕੇਵਲ ਨਿੱਜ ਦੇ ਵਿਕਾਸ 'ਤੇ ਜ਼ੋਰ ਦਿੰਦੀ ਹੈ ਉੱਥੇ ਭਾਰਤੀ ਗਿਆਨ ਪਰੰਪਰਾ ਮਨੁੱਖ ਨੂੰ ਗਿਆਨਵਾਨ ਬਣਾ ਕੇ ਮਨੁੱਖਤਾ ਦੀ ਭਲਾਈ ਲਈ ਉਤਸ਼ਾਹਿਤ ਕਰਦੀ ਹੈ।ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਪਿਛੋਕੜ ਵਿੱਚ ਕਾਰਜਸ਼ੀਲ ਰਾਜਨੀਤਕ ਅਤੇ ਸਮਾਜਿਕ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਉਹਨਾਂ ਨੇ ਗੁਰੂ ਸਾਹਿਬ ਦੇ ਮਨੁੱਖਤਾ ਦੀ ਭਲਾਈ ਦੇ ਫ਼ਲਸਫ਼ੇ ਨੂੰ ਉਜਾਗਰ ਕੀਤਾ।ਉਨ੍ਹਾਂ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਮਨੁੱਖੀ ਅਧਿਕਾਰਾਂ ਦੀ ਮੁੱਢਲੀ ਲੜਾਈ ਵਜੋਂ ਜਾਣਿਆ ਜਾਣਾ ਚਾਹੀਦਾ ਹੈ।ਇਸ ਭਾਸ਼ਣ ਦੇ ਆਰੰਭ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਸ਼ਰਮਾ ਜੀ ਨੇ ਡਾ. ਪਰਮਿੰਦਰ ਸਿੰਘ ਦਾ ਨਿੱਘਾ ਸਵਾਗਤ ਕਰਦਿਆਂ ਉਹਨਾਂ ਦੀ ਦਾਰਸ਼ਨਿਕ ਸੋਚ ਅਤੇ ਖੋਜੀ ਬਿਰਤੀ ਦਾ ਹਵਾਲਾ ਦਿੰਦਿਆਂ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਸਰੋਤਿਆਂ ਨਾਲ਼ ਸਾਂਝਾ ਕੀਤਾ।ਭਾਸ਼ਣ ਦੇ ਅਖ਼ੀਰ ਵਿੱਚ ਉਹਨਾਂ ਨੇ ਮੁੱਖ ਵਕਤਾ ਨੂੰ ਸਿਰੋਪਾ ਤੇ ਸ਼ਾਲ ਨਾਲ਼ ਸਨਮਾਨਿਤ ਕੀਤਾ।ਇਸ ਭਾਸ਼ਣ ਦੇ ਸਫਲ ਪ੍ਰਬੰਧਾਂ ਦੀ ਸਹਾਰਨਾ ਕਰਦਿਆਂ ਉਨ੍ਹਾਂ ਨੇ ਪੰਜਾਬੀ ਵਿਭਾਗ ਦੇ ਮੁਖੀ ਮਿਸਿਜ਼ ਨਵਦੀਪ ਕੌਰ ਤੋਂ ਇਲਾਵਾ ਵਿਭਾਗ ਦੇ ਡਾ. ਜਗਦੇਵ ਸਿੰਘ, ਰਵਨੀਤ ਕੌਰ ਤੇ ਵਿਸ਼ਵਜੀਤ ਸਿੰਘ ਨੂੰ ਵਧਾਈ ਦਿੱਤੀ।ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਮਿਸਿਜ਼ ਨਵਦੀਪ ਕੌਰ ਵੱਲੋਂ ਬਾਖ਼ੂਬੀ ਕੀਤਾ ਗਿਆ।ਇਸ ਮੌਕੇ ਤੇ ਕਾਲਜ ਦੇ ਰਜਿਸਟਰਾਰ ਡਾ. ਵਿਜੇ ਕੁਮਾਰ, ਡਿਪਟੀ ਰਜਿਸਟਰਾਰ ਮਿਸਿਜ਼ ਰਿੱਤੂ ਜੇਤਲੀ, ਇਤਿਹਾਸ ਵਿਭਾਗ ਦੇ ਮੁਖੀ ਡਾ. ਜੇ. ਪੀ. ਸਿੰਘ ਤੋਂ ਇਲਾਵਾ ਵੱਖ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਮੌਜੂਦ ਸਨ।



# ਆਨਲਾਈਨ ਠੱਗੀ ਦਾ ਨਵਾਂ ਮਾਮਲਾ: ਐੱਫ ਡੀ ਤੁੜਵਾ ਕੇ ਕੱਢੇ 2 ਲੱਖ 37 ਹਜ਼ਾਰ ਰੁਪਏ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਾਈਬਰ ਸੈੱਲ ਗੁਰਦਾਸਪੁਰ ਨੇ ਆਨਲਾਈਨ ਠੱਗੀ ਮਾਰਨ ਵਾਲੇ ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਨਦੀਪ ਸਿੰਘ ਪੁੱਤਰ ਰਾਮ ਲਾਲ ਵਾਸੀ ਹਰਦੋਛੰਨੀ ਰੋਡ ਗੁਰਦਾਸਪੁਰ ਨੇ ਦੱਸਿਆ ਕਿ 28 ਅਕਤੂਬਰ ਨੂੰ ਉਸ ਨੇ ਵੋਲਟਾਸ ਏ. ਸੀ. ਦੀ ਸਰਵਿਸ ਕਰਵਾਉਣ ਲਈ ਆਨ-ਲਾਈਨ ਗੂਗਲ ਵੈੱਬਸਾਈਟ ਤੋਂ ਕਸਟਮਰ ਕੇਅਰ ਨੰਬਰ 'ਤੇ ਫੋਨ ਕੀਤਾ ਤਾਂ ਉਨ੍ਹਾਂ ਨੇ ਵੱਟਸਐਪ 'ਤੇ ਇੱਕ ਐਪ ਭੇਜੀ ਜਿਸ ਨੂੰ ਡਾਊਨਲੋਡ ਕਰਨ ਅਤੇ ਆਪਣਾ ਨਾਮ, ਪਤਾ ਭਰਨ ਲਈ ਕਿਹਾ ਗਿਆ। ਉਸ ਤੋਂ ਬਾਅਦ 2 ਲੱਖ ਰੁਪਏ ਪੇਮੈਂਟ ਕਰਨ ਲਈ ਕਿਹਾ ਗਿਆ ਅਤੇ ਕਿਹਾ ਕਿ ਪੇਮੈਂਟ ਕਰਨ ਦੇ 2 ਘੰਟਿਆਂ ਵਿਚ ਏ. ਸੀ. ਸਰਵਿਸ ਕਰਨ ਲਈ ਕੰਪਨੀ ਦਾ ਕਰਮਚਾਰੀ ਪਹੁੰਚ ਜਾਵੇਗਾ। ਉਸ ਨਾ-ਮਾਲੂਮ ਵਿਅਕਤੀ ਦੀਆਂ ਗੱਲਾਂ ਵਿੱਚ ਆ ਕੇ ਉਸ ਦੇ ਅਕਾਊਂਟ ਵਿਚ 2 ਲੱਖ ਰੁਪਏ ਪੇਮੈਂਟ ਕਰ ਦਿੱਤੀ ਪਰ ਕੋਈ ਵੀ ਵਿਅਕਤੀ ਏ. ਸੀ. ਦੀ ਸਰਵਿਸ ਕਰਨ ਲਈ ਨਹੀਂ ਆਇਆ। ਸ਼ੱਕ ਪੈਣ 'ਤੇ ਜਦ ਉਸ ਨੇ ਆਪਣਾ ਬੈਂਕ ਖਾਤਾ ਚੈੱਕ ਕੀਤਾ ਤਾਂ ਉਸ ਵਿਚ ਸਿਰਫ 13 ਰੁਪਏ ਬਾਕੀ ਸਨ ਜਦ ਕਿ ਬੈਂਕ ਖਾਤੇ ਵਿਚ 8500 ਰੁਪਏ ਅਤੇ 2 ਲੱਖ 37 ਹਜ਼ਾਰ ਰੁਪਏ ਦੀ ਐੱਫ. ਡੀ. ਸੀ। ਬੈਂਕ ਵਿੱਚ ਜਾ ਕੇ ਪਤਾ ਕੀਤਾ ਤਾਂ ਬੈਂਕ ਕਰਮਚਾਰੀ ਨੇ ਦੱਸਿਆ ਕਿ ਤੁਹਾਡੀ ਐੱਫ. ਡੀ. ਤੋੜ ਕੇ ਪੈਸੇ ਕਢਵਾਏ ਗਏ ਹਨ। ਇਸ ਤੋਂ ਬਾਅਦ ਪਤਾ ਲੱਗਾ ਕਿਸੇ ਨਾ-ਮਾਲੂਮ ਵਿਅਕਤੀ ਵਲੋਂ ਉਸ ਦੇ ਨਾਲ 2 ਲੱਖ 45 ਹਜ਼ਾਰ 487 ਰੁਪਏ ਦੀ ਆਨਲਾਈਨ ਠੱਗੀ ਮਾਰੀ ਗਈ ਹੈ। ਪੁਲਸ ਨੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਦਸ ਦਿਨਾ ਗਰਲਜ਼ ਐੱਨ ਸੀ ਸੀ ਕੈਂਪ ਸਫਲਤਾਪੂਰਵਕ ਸਮਾਪਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

10 ਦਿਨਾਂ ਦਾ ਗਰਲਜ਼ ਐੱਨਸੀਸੀ ਕੈਂਪ, ਜੋ ਕਿ 9 ਪੰਜਾਬ ਬਟਾਲੀਅਨ ਐੱਨਸੀਸੀ, ਅੰਮ੍ਰਿਤਸਰ ਗਰੁੱਪ ਐੱਨਸੀਸੀ ਦੇ ਆਸ਼ੀਰਵਾਦ ਹੇਠ ਆਯੋਜਿਤ ਕੀਤਾ ਗਿਆ ਸੀ, ਆਈਟੀਆਈ ਰਾਮ ਤੀਰਥ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ।ਇਸ ਕੈਂਪ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਵੱਖ-ਵੱਖ ਸਿੱਖਿਆ ਸੰਸਥਾਨਾਂ ਤੋਂ ਕੁੱਲ 410 ਕੈਡਟਸ ਨੇ ਵੱਡੇ ਉਤਸ਼ਾਹ ਅਤੇ ਸਮਰਪਣ ਨਾਲ ਭਾਗ ਲਿਆ।ਕੈਂਪ ਦੀ ਸਮਾਪਤੀ ਸ਼ਾਨਦਾਰ ਢੰਗ ਨਾਲ ਹੋਈ। ਕੈਂਪ ਦੀ ਸਫਲਤਾ ਸਾਰੇ ਸਟਾਫ ਮੈਂਬਰਾਂ ਦੀ ਦੂਰਦਰਸ਼ਤਾ, ਮਿਹਨਤ ਅਤੇ ਕੀਮਤੀ ਯੋਗਦਾਨ ਦੇ ਕਾਰਨ ਸੰਭਵ ਹੋਈ, ਜਿਨ੍ਹਾਂ ਨੇ ਨੌਜਵਾਨ ਕੈਡੇਟਸ ਲਈ ਵੱਖ-ਵੱਖ ਟ੍ਰੇਨਿੰਗ ਅਤੇ ਵਿਕਾਸਕਾਰੀ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਕਰਵਾਇਆ। ਹਰ ਸੰਭਵ ਕੋਸ਼ਿਸ਼ ਕੀਤੀ ਗਈ ਕਿ ਟ੍ਰੇਨਿੰਗ ਉਦੇਸ਼ਪੂਰਕ, ਰੁਚੀਪੂਰਣ ਅਤੇ ਸਰਬਪੱਖੀ ਹੋਵੇ। ਕੈਡੇਟਸ ਨੇ ਫਾਇਰਿੰਗ ਅਤੇ ਖੇਡ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਕੈਡੇਟਸ ਨੂੰ ਸਮਾਜਿਕ ਸੁਰੱਖਿਆ ਯੋਜਨਾਵਾਂ, ਟ੍ਰੈਫਿਕ ਨਿਯਮ ਅਤੇ ਸੜਕ ਸੁਰੱਖਿਆ, ਸਾਈਬਰ ਅਪਰਾਧ ਜਾਗਰੂਕਤਾ, ਸ਼ਸਤ੍ਰ ਬਲਾਂ ਵਿੱਚ ਕਰੀਅਰ ਦੇ ਮੌਕੇ, ਸਿਹਤ ਅਤੇ ਸਫਾਈ, ਤਣਾਅ ਪ੍ਰਬੰਧਨ ਅਤੇ ਅੱਗ ਬੁਝਾਉਣ ਦੀਆਂ ਕਵਾਇਦਾਂ ਵਰਗੇ ਵਿਸ਼ਿਆਂ 'ਤੇ ਆਧਾਰਿਤ ਜਾਣਕਾਰੀ ਦਿੱਤੀ ਗਈ।ਸਮਾਰੋਹ ਦੌਰਾਨ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਤਮਗੇ ਅਤੇ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ।ਕਮਾਂਡਿੰਗ ਅਫਸਰ ਕਰਨਲ ਕੀਰਤੀਦੇਵ ਜਡੇਜਾ ਨੇ ਆਪਣੇ ਸੰਬੋਧਨ ਵਿੱਚ ਕੈਡਟਾਂ ਨੂੰ ਸਦਾ ਸਿੱਖਦੇ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਅਜੈ ਕੁਮਾਰ ਤਿਵਾਰੀ, ਕਮਾਂਡੈਂਟ, 100 ਬਟਾਲੀਅਨ ਬੀਐੱਸਐੱਫ ਅਤੇ ਬਲਜਿੰਦਰ ਸਿੰਘ ਪ੍ਰਿੰ. ਆਈਟੀਆਈ ਰਾਮ ਤੀਰਥ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਪ੍ਰਸ਼ਾਸਕੀ ਸਹੂਲਤਾਂ, ਹਥਿਆਰ ਪ੍ਰਦਰਸ਼ਨੀ ਅਤੇ ਮੋਟੀਵੇਟਿਵ ਫ਼ਿਲਮ ਸਕ੍ਰੀਨਿੰਗ ਅਤੇ ਕੈਡਟਸ ਲਈ ਰਿਫਰੈਸ਼ਮੈਂਟ ਦੀ ਵਿਵਸਥਾ ਕੀਤੀ।ਕਮਾਂਡੈਂਟ 100 ਬਟਾਲੀਅਨ ਬੀਐੱਸਐੱਫ ਅਜੈ ਕੁਮਾਰ ਤਿਵਾਰੀ ਜੋ ਖੁਦ ਵੀ ਸਾਬਕਾ ਐੱਨਸੀਸੀ ਕੈਡੇਟ ਰਹੇ ਹਨ, ਨੇ ਕੈਡਟਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਉਤਮਤਾ ਪ੍ਰਾਪਤ ਕਰਨ ਅਤੇ ਜ਼ਿੰਮੇਵਾਰ ਤੇ ਸਰਗਰਮ ਨਾਗਰਿਕ ਬਣ ਕੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਨੌਜਵਾਨਾਂ ਲਈ ਬਾਰਡਰ ਸਕਿਉਰਿਟੀ ਫੋਰਸ ਵਿੱਚ ਉਪਲਬਧ ਕਰੀਅਰ ਦੇ ਮੌਕਿਆਂ ਬਾਰੇ ਵੀ ਜਾਣਕਾਰੀ ਦਿੱਤੀ।

# 11 ਸਾਲ ਉਮਰ ਵਰਗ ਕਬੱਡੀ ਮੁਕਾਬਲਿਆਂ 'ਚ ਜ਼ਿਲ੍ਹਾ ਗੁਰਦਾਸਪੁਰ ਬਣਿਆ ਪੰਜਾਬ ਚੈਂਪੀਅਨ

**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**

ਇਸ ਵੇਲੇ ਸਿੱਖਿਆ ਵਿਭਾਗ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ।ਐਲੀਮੈਂਟਰੀ ਸਕੂਲ ਵਿਦਿਆਰਥੀਆਂ ਦੇ 11 ਸਾਲ ਦੀ ਉਮਰ ਵਰਗ ਦੇ ਖੇਡ ਮੁਕਾਬਲੇ ਵੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਰਵਾਏ ਜਾ ਰਹੇ ਹਨ।ਸੰਗਰੂਰ ਵਿੱਚ ਹੋਈਆਂ ਖੇਡਾਂ ਦੌਰਾਨ ਓਪਨ ਕਬੱਡੀ ਮੁਕਾਬਲਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਟੀਮ ਫਾਈਨਲ ਵਿੱਚ ਜਿੱਤ ਪ੍ਰਾਪਤ ਕਰਕੇ ਪੰਜਾਬ ਚੈਂਪੀਅਨ ਬਣੀ ਹੈ।ਇਸ ਟੀਮ ਦਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਾਪਸ ਆਉਣ ਤੇ ਬਲਾਕ ਸਿੱਖਿਆ ਅਧਿਕਾਰੀ ਕਾਹਨੂੰਵਾਨ ਦੋ ਬਲਵਿੰਦਰ ਸਿੰਘ ਗਿੱਲ ਅਤੇ ਸਮੂਹ ਅਧਿਆਪਕਾਂ ਦੀ ਹਾਜ਼ਰੀ ਵਿੱਚ ਪਿੰਡ ਨੈਣੇਕੋਟ ਨੇੜੇ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਜੇਤੂ ਖਿਡਾਰੀਆਂ ਅਤੇ ਪ੍ਰਬੰਧਕਾਂ ਨੂੰ ਪਹੁੰਚੇ ਹੋਏ ਅਧਿਆਪਕਾਂ ਅਤੇ ਅਧਿਕਾਰੀਆਂ ਨੇ ਹਾਰ ਪਾ ਕੇ ਸਵਾਗਤ ਕੀਤਾ।ਇਸ ਤੋਂ ਇਲਾਵਾ ਢੋਲ ਦੇ ਡਗੇ 'ਤੇ ਜੇਤੂ ਖਿਡਾਰੀਆਂ ਅਤੇ ਵਿਦਿਆਰਥੀਆਂ ਨੇ ਭੰਗੜੇ ਵੀ ਪਾਏ।ਇਸ ਮੌਕੇ ਗੱਲਬਾਤ ਕਰਦੇ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਦੀ ਸਮੁੱਚੀ ਅਧਿਆਪਕਾਂ ਦੀ ਟੀਮ ਅਤੇ ਵਿਦਿਆਰਥੀਆਂ ਨੂੰ ਕੋਚਿੰਗ ਦੇਣ ਵਾਲੀ ਟੀਮ ਤੋਂ ਇਲਾਵਾ ਵਿਦਿਆਰਥੀਆਂ ਅਤੇ ਮਾਪਿਆਂ ਦੇ ਸਾਂਝੇ ਯਤਨਾਂ ਸਦਕਾ ਇਹ ਜਿੱਤ ਪ੍ਰਾਪਤ ਹੋਈ ਹੈ।ਉਨ੍ਹਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਖੋਹ ਖੋਹ ਅਤੇ ਰੱਸਾ ਕੱਸੀ ਦੇ ਮੁਕਾਬਲਿਆਂ ਵਿੱਚ ਵੀ ਉਨ੍ਹਾਂ ਦੇ ਵਿਦਿਆਰਥੀਆਂ ਨੇ ਨਾਮਣਾ ਖੱਟਿਆ ਹੈ।ਬੀਪੀਈਓ ਗਿੱਲ ਨੇ ਦੱਸਿਆ ਕਿ ਉਨ੍ਹਾਂ ਦੀਆਂ ਕੁਝ ਵਿਦਿਆਰਥਣਾਂ ਅਥਲੈਟਿਕਸ ਵਿੱਚ ਵੀ ਅਗਲੇ ਦਿਨਾਂ ਵਿੱਚ ਪੰਜਾਬ ਪੱਧਰ ਦੇ ਮਾਮਲਿਆਂ ਵਿੱਚ ਹਿੱਸਾ ਲੈਣਗੀਆਂ।ਕਬੱਡੀ ਟੀਮ ਦੇ ਵਿਸ਼ੇਸ਼ ਕੋਚ ਹੌਲਦਾਰ ਸਰਬਜੀਤ ਸਿੰਘ ਭੱਟੀਆਂ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਖੇਡਾਂ ਅਤੇ ਗਰਾਊਂਡ ਦੇ ਲੜ ਲਾਉਣ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਖੇਡਣ ਵਾਲੇ ਖਿਡਾਰੀਆਂ ਅਤੇ ਪ੍ਰਬੰਧਕੀ ਟੀਮ ਨੂੰ ਬਣਦੇ ਖਰਚੇ ਵੀ ਮੁਹੱਈਆ ਸਮੇਂ ਸਿਰ ਕਰਵਾਵੇ।ਇਸ ਮੌਕੇ ਅਧਿਆਪਕ ਰਸ਼ਪਾਲ ਸਿੰਘ, ਸਿਮਰਨ ਸਿੰਘ, ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜੇਤੂ ਟੀਮ ਨੇ ਪੰਜਾਬ ਦੇ ਅੱਧਾ ਦਰਜਨ ਜ਼ਿਲ੍ਹਿਆਂ ਤਰਨ ਤਾਰਨ ਅੰਮ੍ਰਿਤਸਰ ਪਠਾਨਕੋਟ ਮਾਨਸਾ ਆਦੀ ਜ਼ਿਲ੍ਹਿਆਂ ਦੀਆਂ ਟੀਮਾਂ ਨਾਲ ਫਸਵੇਂ ਮੁਕਾਬਲਿਆਂ ਦੌਰਾਨ ਇਸ ਚੈਂਪੀਅਨਸ਼ਿਪ ਪ੍ਰਾਪਤ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਫਾਈਨਲ ਵਿੱਚ ਗੁਰਦਾਸਪੁਰ ਦੀ ਟੀਮ ਨੇ ਸੰਗਰੂਰ ਦੀ ਟੀਮ ਨੂੰ ਹਰਾ ਕੇ ਇਸ ਚੈਂਪੀਅਨਸ਼ਿਪ ਵਿੱਚ ਜਿੱਤ ਪ੍ਰਾਪਤ ਕੀਤੀ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਅਧਿਆਪਕਾਂ ਨੇ ਵਿਦਿਆਰਥੀਆਂ ਅਤੇ ਖੇਡ ਪ੍ਰਬੰਧਕਾਂ ਤੋਂ ਇਲਾਵਾ ਕੋਚ ਸਰਬਜੀਤ ਸਿੰਘ, ਮਾਸਟਰ ਅਮਰਜੀਤ ਸਿੰਘ ਚਾਹਲ, ਅਧਿਆਪਕ ਆਗੂ ਅਸ਼ਵਨੀ ਫੱਜੂਪੁਰ ਅਤੇ ਜਸਵਿੰਦਰ ਸਿੰਘ ਜਾਗੋਵਾਲ ਬਾਂਗਰ ਵੀ ਹਾਜ਼ਰ ਸਨ ।



# ਵਿਰਸੇ 'ਚੋਂ ਲੋਕ ਸੇਵਾ ਤੇ ਵਿਕਾਸ ਕਾਰਜਾਂ ਦੀ ਮਿਲੀ ਗੁੜ੍ਹਤੀ ਨੂੰ ਸਦਾ ਬਰਕਰਾਰ ਰੱਖਾਂਗਾ : ਰਮਨ ਬਹਿਲ








**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਰਮਨ ਬਹਿਲ ਹਲਕਾ ਇੰਚਾਰਜ ਗੁਰਦਾਸਪੁਰ ਵੱਲੋਂ ਆਪਣੇ ਪਿਤਾ ਸਵ: ਖੁਸ਼ਹਾਲ ਬਹਿਲ (ਸਾਬਕਾ ਮੰਤਰੀ ਪੰਜਾਬ) ਦੀ 98ਵੀਂ ਜਯੰਤੀ ਮੌਕੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਮਰਪਣ ਦਿਵਸ, ਬਹਿਰਾਮ ਰੋਡ ਸਥਿਤ ਪਬਲਿਕ ਸਕੂਲ ਵਿਖੇ ਮਨਾਇਆ ਗਿਆ।ਇਸ ਮੌਕੇ ਆਦਿੱਤਿਆ ਉੱਪਲ, ਡਿਪਟੀ ਕਮਿਸ਼ਨਰ ਅਤੇ ਆਦਿੱਤਿਆ ਐੱਸਐੱਸਪੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਸਵ: ਖੁਸ਼ਹਾਲ ਬਹਿਲ ਵੱਲੋਂ ਸਮਾਜ ਦੀ ਬਿਹਤਰੀ ਲਈ ਕੀਤੇ ਗਏ ਕਾਰਜਾਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਰਮਨ ਬਹਿਲ ਨੇ ਸਵਰਗੀ ਖੁਸ਼ਹਾਲ ਬਹਿਲ ਦੇ ਜੀਵਨ ਨਾਲ ਜੁੜੇ ਅਹਿਮ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਰਮਨ ਬਹਿਲ ਨੇ ਕਿਹਾ ਕਿ ਉਨ੍ਹਾਂ ਨੂੰ ਵਿਰਸੇ ਵਿੱਚੋਂ ਲੋਕ ਸੇਵਾ ਅਤੇ ਵਿਕਾਸ ਕਾਰਜਾਂ ਦੀ ਗੁੜ੍ਹਤੀ ਮਿਲੀ ਹੈ ਅਤੇ ਉਹ ਹਲਕੇ ਗੁਰਦਾਸਪੁਰ ਦੇ ਵਾਸੀਆਂ ਦੀ ਮੁਸ਼ਕਿਲਾਂ ਹੱਲ ਕਰਨ ਅਤੇ ਹਲਕੇ ਦਾ ਸਰਬਪੱਖੀ ਵਿਕਾਸ ਕਰਨ ਲਈ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਸਮੂਹ ਹਾਜ਼ਰੀਨ ਵੱਲੋਂ ਸਵਰਗੀ ਖੁਸ਼ਹਾਲ ਬਹਿਲ ਦੀ ਤਸਵੀਰ ਸਾਹਮਣੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਮੌਕੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਅਸ਼ੋਕ ਚੱਕਰ ਦੇ ਪਿਤਾ ਕੈਪਟਨ ਜੋਗਿੰਦਰ ਸਿੰਘ, ਸ਼ਹੀਦ ਮੇਜਰ ਭਗਤ ਸਿੰਘ ਵੀਰ ਚੱਕਰ ਦੇ ਭਤੀਜੇ ਹਰਬੰਸ ਸਿੰਘ, ਪੁਲਵਾਮਾ ਹਮਲੇ ਦੇ ਸ਼ਹੀਦ ਕਾਂਸਟੇਬਲ ਮਨਿੰਦਰ ਸਿੰਘ ਦੇ ਪਿਤਾ ਸੱਤਪਾਲ ਅੱਤਰੀ, ਸ਼ਹੀਦ ਸੂਬੇਦਾਰ ਨਿਰਮਲ ਸਿੰਘ ਵੀਰ ਚੱਕਰ ਦੇ ਭਤੀਜੇ ਕੁਲਬੀਰ ਸਿੰਘ, ਸ਼ਹੀਦ ਲਾਂਸਨਾਇਕ ਡਿਪਟੀ ਸਿੰਘ ਸੈਨਾ ਮੈਡਲ ਦੇ ਭਤੀਜੇ ਵਰਿੰਦਰ ਸਿੰਘ, ਸ਼ਹੀਦ ਸਿਪਾਹੀ ਸੁਖਵਿੰਦਰ ਸਿੰਘ ਦੇ ਪਿਤਾ ਹਵਲਦਾਰ ਸੀਤਾ ਰਾਮ, ਸ਼ਹੀਦ ਸਿਪਾਹੀ ਮੱਖਣ ਸਿੰਘ ਦੇ ਪਿਤਾ ਹੰਸ ਰਾਜ, ਸ਼ਹੀਦ ਸਿਪਾਹੀ ਜਤਿੰਦਰ ਕੁਮਾਰ ਦੇ ਪਿਤਾ ਰਾਜੇਸ਼ ਕੁਮਾਰ, ਸ਼ਹੀਦ ਇੰਸਪੈਕਟਰ ਪ੍ਰੇਮ ਮਸੀਹ ਦੀ ਪਤਨੀ ਰਾਣੀ ਦੇਵੀ, ਸ਼ਹੀਦ ਨਾਇਕ ਗੁਰਪ੍ਰੀਤ ਸਿੰਘ ਦੀ ਪਤਨੀ ਗੁਰਵਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਰੁਣਾ ਬਹਿਲ, ਹਨੀ ਬਹਿਲ, ਬਾਵਾ ਬਹਿਲ, ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਨੀਰਜ ਸਲਹੋਤਰਾ ਹਲਕਾ ਪ੍ਰਧਾਨ, ਰੋਟੇਰੀਅਨ ਜੇਬੀਐੱਸ ਪ੍ਰਧਾਨ, ਅਮਰਬੀਰ ਸਿੰਘ ਚਾਹਲ, ਸੰਜੀਵ ਸਰਪਾਲ, ਜਨਕ ਸ਼ਰਮਾ, ਅਵਤਾਰ ਸਿੰਘ, ਭਾਰਤ ਵਿਕਾਸ ਪਰੀਸ਼ਦ ਗੁਰਦਾਸਪੁਰ ਤੋਂ ਰਾਜੇਸ਼ ਸਲਹੋਤਰਾ ਪ੍ਰਧਾਨ, ਬੀ. ਬੀ. ਗੁਪਤਾ, ਵਿਜੇ ਬਾਂਸਲ, ਰਮੇਸ਼ ਕੁਮਾਰ ਮੋਹਨ, ਰਮੇਸ਼ ਕੁਮਾਰ ਸਲਹੋਤਰਾ, ਸ਼ਸ਼ੀਕਾਂਤ ਮਹਾਜਨ, ਕਾਇਦੇ ਕੁਮਾਰ, ਪ੍ਰਧਾਨ ਰਵੀ ਮਹਾਜਨ, ਕਮਲ ਮਹਾਜਨ, ਗੋਲਡੀ ਮਹਾਜਨ, ਕਾਲਾ ਮੰਨਾ, ਧਰਮਿੰਦਰ ਸਿੰਘ, ਪਵਨ ਕੁਮਾਰ ਅਤੇ ਵੱਖ-ਵੱਖ ਪਿੰਡਾਂ ਪੰਚ ਸਰਪੰਚ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਮੌਜੂਦ ਸਨ।

13-Nov-PAGE-4.qxd 11/12/2025 10:48 PM Page 1

ਨਵਾਂ ਜ਼ਮਾਨਾ
ਵੀਰਵਾਰ, 13 ਨਵੰਬਰ 2025

# ਜਲਵਾਯੂ ਜੋਖਮ

*'ਜਰਮਨ ਵਾਚ ਗਲੋਬਲ ਰਿਸਕ ਇੰਡੈਕਸ' ਦੀ ਨਵੀਂ ਰਿਪੋਰਟ ਕਹਿੰਦੀ ਹੈ ਕਿ 1995 ਤੋਂ 2024 ਦੇ ਤਿੰਨ ਦਹਾਕਿਆਂ ਵਿੱਚ ਭਾਰਤ ਵਿਸ਼ਵ ਪੱਧਰ 'ਤੇ ਉਨ੍ਹਾਂ ਦੇਸ਼ਾਂ ਵਿੱਚ ਨੌਵੇਂ ਸਥਾਨ 'ਤੇ ਹੈ, ਜਿਹੜੇ ਜਲਵਾਯੂ ਆਫਤਾਂ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ। ਹਾਲਾਂਕਿ ਭਾਰਤ ਨੇ ਆਪਣੀ ਰੈਂਕਿੰਗ ਵਿੱਚ ਕੁਝ ਸੁਧਾਰ ਕੀਤਾ ਹੈ, ਪਰ ਉਹ ਅਜੇ ਵੀ ਸਭ ਤੋਂ ਵੱਧ ਪ੍ਰਭਾਵਤ 10 ਦੇਸ਼ਾਂ ਵਿੱਚ ਬਰਕਰਾਰ ਹੈ। ਰਿਪੋਰਟ ਵਿੱਚ 1995 ਤੋਂ 2024 ਤੱਕ ਵੱਡੀਆਂ ਮੌਸਮੀ ਘਟਨਾਵਾਂ ਨਾਲ ਹੋਈਆਂ ਮੌਤਾਂ ਤੇ ਆਰਥਕ ਨੁਕਸਾਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਰਿਪੋਰਟ ਦੇ ਅੰਕੜਿਆਂ ਮੁਤਾਬਕ ਭਾਰਤ ਨੇ ਪਿਛਲੇ 30 ਸਾਲਾਂ ਵਿੱਚ ਲਗਭਗ 430 ਵੱਡੀਆਂ ਮੌਸਮੀ ਘਟਨਾਵਾਂ ਦਾ ਸਾਹਮਣਾ ਕੀਤਾ, ਜਿਸ ਦੇ ਨਤੀਜੇ ਵਜੋਂ 80 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋਈ ਅਤੇ ਕਰੀਬ 170 ਅਰਬ ਡਾਲਰ ਦਾ ਨੁਕਸਾਨ ਹੋਇਆ। ਵਿਸ਼ਵ ਪੱਧਰ 'ਤੇ ਇਸ ਸਮੇਂ ਵਿਚ 9700 ਵੱਡੀਆਂ ਮੌਸਮੀ ਘਟਨਾਵਾਂ ਵਿੱਚ 8 ਲੱਖ 32 ਹਜ਼ਾਰ ਲੋਕਾਂ ਦੀਆਂ ਜਾਨਾਂ ਗਈਆਂ ਅਤੇ ਸਾਢੇ ਚਾਰ ਖਰਬ ਡਾਲਰ ਦਾ ਆਰਥਕ ਨੁਕਸਾਨ ਹੋਇਆ।*

*ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਭਾਰਤ ਕਿਸ ਹੱਦ ਤੱਕ ਵੱਖ-ਵੱਖ ਤਰ੍ਹਾਂ ਦੇ ਜਲਵਾਯੂ ਖਤਰਿਆਂ ਤੋਂ ਅਸੁਰੱਖਿਅਤ ਹੈ। ਰਿਪੋਰਟ ਵਿੱਚ 1999 ਦੇ ਓਡੀਸ਼ਾ ਦੇ ਸੁਪਰ ਸਾਈਕਲੋਨ, 2013 ਦੇ ਉੱਤਰਾਖੰਡ ਦੇ ਹੜ੍ਹ, 2014 ਦੇ ਚੱਕਰਵਾਤ ਹੁਦਹੁਦ ਅਤੇ 2020 ਦੇ ਚੱਕਰਵਾਤ ਅੰਫਾਨ ਨਾਲ ਹੋਈਆਂ ਮੌਤਾਂ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 1998, 2002, 2003 ਤੇ 2015 ਵਿੱਚ ਚੱਲੀ ਲੂ ਦਾ ਵੀ ਹਵਾਲਾ ਦਿੱਤਾ ਗਿਆ ਹੈ, ਜਿਸ ਨਾਲ ਕਾਫੀ ਜਾਨਾਂ ਗਈਆਂ ਤੇ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪੁੱਜਾ। ਭਾਰਤ ਦੇ ਸੰਘਣੀ ਆਬਾਦੀ ਵਾਲੇ ਤੱਟਵਰਤੀ ਖੇਤਰ ਤੇ ਨਦੀਆਂ ਕੰਢੇ ਦੇ ਇਲਾਕੇ ਹੋਂਦ ਦੇ ਸੰਕਟ ਦਾ ਲਗਾਤਾਰ ਸਾਹਮਣਾ ਕਰ ਰਹੇ ਹਨ। ਰਿਪੋਰਟ ਦੀ ਸਹਿ-ਲੇਖਕਾ ਵੀਰਾ ਕਿਊਨਜ਼ੇਲ ਮੁਤਾਬਕ ਤਬਾਹੀ ਇਸ ਤਰ੍ਹਾਂ ਹੁੰਦੀ ਹੈ ਕਿ ਭਾਰਤ ਵਰਗੇ ਦੇਸ਼ ਪੁਨਰ-ਨਿਰਮਾਣ ਤੇ ਰਾਹਤ ਕਾਰਜ ਮੁਕੰਮਲ ਕਰ ਨਹੀਂ ਪਾਉਂਦੇ ਕਿ ਨਵਾਂ ਸੰਕਟ ਆ ਜਾਂਦਾ ਹੈ। ਭਾਰਤ ਦੇ ਮਾਮਲੇ ਵਿੱਚ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇੱਥੇ ਵਿਕਸਤ ਪੱਛਮੀ ਦੇਸ਼ਾਂ ਦੇ ਉਲਟ ਜਾਨੀ ਤੇ ਮਾਲੀ ਨੁਕਸਾਨ ਦਾ ਵੱਡਾ ਹਿੱਸਾ ਬੀਮੇ ਦੇ ਦਾਇਰੇ ਵਿੱਚ ਨਹੀਂ ਆਉਂਦਾ। ਨਤੀਜੇ ਵਜੋਂ ਸਭ ਤੋਂ ਕਮਜ਼ੋਰ ਲੋਕਾਂ ਨੂੰ ਹੀ ਵੱਡੀ ਮਾਲੀ ਮਾਰ ਪੈਂਦੀ ਹੈ। ਵਾਰ-ਵਾਰ ਏਨੇ ਵੱਡੇ ਜਾਨੀ ਤੇ ਮਾਲੀ ਨੁਕਸਾਨ ਨੂੰ ਰੋਕਣ ਲਈ ਸਰਕਾਰ ਨੂੰ ਠੋਸ ਨੀਤੀਆਂ ਬਣਾਉਣ ਦੀ ਲੋੜ ਹੈ। ਚਾਰ-ਮਾਰਗੀ ਸੜਕਾਂ ਬਣਾਉਣ ਲਈ ਪਹਾੜਾਂ ਨੂੰ ਵਿਸਫੋਟਾਂ ਨਾਲ ਉਡਾ ਕੇ ਕਮਜ਼ੋਰ ਕਰਨ ਦੇ ਨਤੀਜੇ ਇਨ੍ਹਾਂ ਬਰਸਾਤਾਂ ਵਿੱਚ ਵੀ ਹਿਮਾਚਲ ਤੇ ਉੱਤਰਾਖੰਡ ਵਿੱਚ ਦੇਸ਼ ਵਾਸੀ ਦੇਖ ਚੁੱਕੇ ਹਨ। ਕਾਰਪੋਰੇਟੀਆਂ ਨੂੰ ਲਾਭ ਪਹੁੰਚਾਉਣ ਲਈ ਪਹਾੜੀ ਤੇ ਤੱਟਵਰਤੀ ਇਲਾਕਿਆਂ ਵਿੱਚ ਵਿਕਾਸ ਦੇ ਨਾਂਅ 'ਤੇ ਕੋਈ ਵੀ ਪ੍ਰੋਜੈਕਟ ਲਾਗੂ ਕਰਨ ਤੋਂ ਪਹਿਲਾਂ ਸਥਾਨਕ ਹਾਲਤਾਂ ਦਾ ਸਹੀ ਜਾਇਜ਼ਾ ਤੇ ਸਥਾਨਕ ਲੋਕਾਂ ਦੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ।*

## ਸਾਦੇ ਵਿਆਹਾਂ ਤੇ ਸਾਦੇ ਭੋਗਾਂ ਨੂੰ ਤਰਜੀਹ ਕਿਉਂ ਨਹੀਂ

2020 'ਚ ਪੂਰੇ ਵਿਸ਼ਵ ਵਿੱਚ ਕਰੋਨਾ ਮਹਾਂਮਾਰੀ ਕਾਰਨ ਹਾਹਾਕਾਰ ਮਚੀ ਹੋਈ ਸੀ। ਤਕਰੀਬਨ ਭਾਰਤ ਵਿੱਚ 22 ਮਾਰਚ ਤੋਂ ਤਾਲਾਬੰਦੀ ਕੀਤੀ ਗਈ ।ਜਿੱਥੇ ਕੋਰੋਨਾ ਮਹਾਂਮਾਰੀ ਕਾਰਨ ਆਰਥਿਕ ਪੱਖੋਂ ਕਾਫ਼ੀ ਨੁਕਸਾਨ ਹੋਇਆ ਹੈ, ਉੱਥੇ ਇਸ ਦਾ ਕੁਝ ਕੁ ਫਾਇਦਾ ਵੀ ਹੋਇਆ ਸੀ ।ਤਾਲਾਬੰਦੀ ਤਿੰਨ ਤੇ ਚਾਰ ਦੌਰਾਨ ਕੁਝ ਚੀਜ਼ਾਂ 'ਤੇ ਛੋਟ ਦਿੱਤੀ ਗਈ ।ਜਦੋਂ ਸਾਰੇ ਪਾਸੇ ਤਾਲਾਬੰਦੀ ਸੀ ਤਾਂ ਦੇਖਿਆ ਗਿਆ ਕਿ ਵਾਤਾਵਰਨ ਸਾਫ਼-ਸੁਥਰਾ ਹੋ ਚੁੱਕਿਆ ਸੀ ਤੇ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਸੀ ।ਕੁਦਰਤ ਨਵ-ਵਿਆਹੀ ਵਹੁਟੀ ਦੀ ਤਰ੍ਹਾਂ ਸਜ ਗਈ ।ਦਰਿਆ ਸਾਫ ਹੋ ਚੁੱਕੇ ਸਨ ।ਜੋ ਸਮੇਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ, ਉਹ ਕੋਰੋਨਾ ਵਾਇਰਸ ਨੇ ਕਰ ਦਿਖਾਇਆ ਸੀ।ਜਿਵੇਂ ਜਿਵੇਂ ਤਾਲਾਬੰਦੀ ਦੌਰਾਨ ਛੋਟ ਦਿੱਤੀ ਗਈ, ਸਨਅਤ ਦਾ ਪਹੀਆ ਘੁੰਮਣਾ ਸ਼ੁਰੂ ਹੋਇਆ। ਫਿਰ ਦਰਿਆ ਪ੍ਰਦੂਸ਼ਤ ਹੋਣ ਲੱਗੇ । ਹਵਾ ਪ੍ਰਦੂਸ਼ਤ ਹੋਣ ਕਰਕੇ ਦਮਾ ਤੇ ਫੇਫੜਿਆਂ ਦੇ ਮਰੀਜ਼ ਲਗਾਤਾਰ ਵਧਣਾ ਸ਼ੁਰੂ ਹੋ ਚੁੱਕੇ ਹਨ। ਬੁੱਢਾ ਨਾਲਾ ਫਿਰ ਪ੍ਰਦੂਸ਼ਤ ਹੋਣ ਲੱਗਾ।ਸਰਸਾ ਦਰਿਆ ਵਿੱਚ ਮੱਛੀਆਂ ਮਰੀਆਂ ਹੋਈਆਂ ਪਾਈਆਂ ਗਈਆਂ ।ਦੇਖਣ ਵਿੱਚ ਆਇਆ ਹੈ ਕਿ ਸਾਰੇ ਕਾਰੋਬਾਰ ਕੰਮਕਾਜ ਠੱਪ ਹੋ ਚੁੱਕੇ ਹਨ। ਫਿਰ ਵੀ ਇਨਸਾਨ ਨਹੀਂ ਸੁਧਰਿਆ ,ਉਹ ਆਪਣੀ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ।ਪ੍ਰਦੂਸ਼ਣ ਫਿਰ ਵੱਧ ਗਿਆ ਹੈ ।ਵਿਚਾਰਨ ਵਾਲੀ ਗੱਲ ਹੈ ਕਿ ਕੁਦਰਤ ਨੇ ਸਾਨੂੰ ਮੌਕਾ ਤਾਂ ਦਿੱਤਾ ਹੈ ਕਿ ਤੁਸੀਂ ਸੰਭਲ ਜਾਓ, ਪਰ ਫਿਰ ਵੀ ਕਿਉਂ ਨਹੀਂ ਅਸੀਂ ਕੁਦਰਤ ਦੇ ਮੁਤਾਬਕ ਜ਼ਿੰਦਗੀ ਨੂੰ ਬਸਰ ਕਰ ਰਹੇ ।

ਫਜ਼ੂਲ-ਖਰਚੀ ਨੂੰ ਬਹੁਤ ਜਿਆਦਾ ਠੱਲ੍ਹ ਪਈ ਸੀ ।ਜਿਨ੍ਹਾਂ ਪਰਵਾਰਾਂ ਵਿੱਚ ਕਿਸੇ ਬਿਮਾਰੀ ਕਾਰਨ ਮੌਤਾਂ ਹੋਈਆਂ ਸਨ, ਉੱਥੇ ਸਿਰਫ਼ ਪੰਜ ਜਾਂ ਸੱਤ ਮੈਂਬਰਾਂ ਦੀ ਮੌਜੂਦਗੀ ਵਿੱਚ ਹੀ ਸਾਦੇ ਭੋਗ ਪਾਏ ਗਏ ਸਨ ।ਆਮ ਦੇਖਣ ਵਿੱਚ ਆ ਰਿਹਾ ਹੈ ਕਿ ਜੇ ਕਿਸੇ ਬਜ਼ੁਰਗ ਦੀ ਮੌਤ ਹੁੰਦੀ, ਖਾਣੇ 'ਤੇ ਪਤਾ ਨਹੀਂ ਕਿੰਨੇ ਪੈਸੇ ਖਰਚ ਕਰ ਦਿੱਤੇ ਜਾ ਰਹੇ ਹਨ।ਟਰਾਲੀਆਂ ਦੀਆਂ ਟਰਾਲੀਆਂ, ਗੱਡੀਆਂ ਭਰ ਕੇ ਜਲੇਬੀਆਂ ਖਾਣ ਜਾਂ ਰਹੇ ਹਨ ।ਲਾਕਡਾਊਨ ਦੌਰਾਨ ਸਭ ਨੇ ਸਾਦੇ ਖਾਣੇ ਨੂੰ ਤਰਜੀਹ ਦਿੱਤੀ ਸੀ। ਚਾਹੇ ਸੂਬਾ ਸਰਕਾਰਾਂ ਨੇ ਹੋਟਲ/ਰੈਸਟੋਰੈਂਟ ਖੋਲ੍ਹ ਦਿੱਤੇ ਹਨ, ਪਰ ਸਾਨੂੰ ਬਾਹਰ ਦੇ ਖਾਣੇ ਨੂੰ ਤਰਜੀਹ ਨਹੀਂ ਦੇਣੀ ਚਾਹੀਦੀ । ਬਾਹਰ ਹੋਟਲਾਂ ਵਿਚ ਤਰ੍ਹਾਂ-ਤਰ੍ਹਾਂ ਦੇ ਮਸਾਲੇ ਪਾ ਕੇ ਖਾਣੇ ਨੂੰ ਜ਼ਾਇਕੇਦਾਰ ਬਣਾ ਦਿੱਤਾ ਜਾਂਦਾ ਹੈ, ਜੋ ਕਿ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ । ਅੱਜਕੱਲ ਤਾਂ ਵੈਸੇ ਹੀ ਹਰ ਬੰਦਾ ਬਲੱਡ ਪ੍ਰੈਸ਼ਰ ਦਾ ਮਰੀਜ਼ ਹੋ ਚੁੱਕਿਆ ਹੈ।

ਪੰਜਾਬੀ ਵਿਆਹਾਂ 'ਤੇ ਲੱਖਾਂ ਲੱਖਾਂ ਰੁਪਏ ਰੋੜ੍ਹ ਦਿੰਦੇ ਹਨ ।ਵਿਆਹ ਤੋਂ ਪਹਿਲੇ ਪ੍ਰੀ-ਵੈਡਿੰਗ ਸ਼ੂਟ ਕੀਤਾ ਜਾਂਦਾ ਹੈ, ਜਿਸ ਉੱਤੇ ਪੰਜ- ਪੰਜ ਲੱਖ ਰੁਪਏ ਖਰਚਾ ਤੱਕ ਆ ਜਾਂਦਾ ਹੈ। ਸਭ ਨੇ ਵੇਖਿਆ ਸੀ ਕੋਰੋਨਾ ਮਹਾਂਮਾਰੀ ਕਰਕੇ ਸਿਰਫ ਸੀਮਿਤ ਸਾਧਨਾਂ ਵਿੱਚ ਹੀ ਸ਼ੁੱਭ ਕਾਰਜ ਨੇਪੜੇ ਚੜ੍ਹਾਏ ।ਪਰਵਾਰਾਂ ਦੇ ਪੰਜ-ਪੰਜ ਮੈਂਬਰਾਂ ਨੇ ਹੀ ਇਸ ਸ਼ੁੱਭ ਕਾਰਜ ਨੂੰ ਨੇਪਰੇ ਚੜ੍ਹਾ ਕੇ ਆਪਣੇ ਫਰਜ਼ ਨਿਭਾਏ ।ਹੋਟਲ,ਬੈਂਡ ਵਾਜੇ, ਡੀ ਜੇ, ਆਰਕੈਸਟਰਾ ਸਾਰੇ ਹੀ ਆਪਣੇ ਵਿਆਹ ਵਿੱਚ ਇਨ੍ਹਾਂ ਨੂੰ ਬੁੱਕ ਕਰਦੇ ਸਨ ।ਲੱਖਾਂ ਰੁਪਿਆ ਇਨ੍ਹਾਂ ਉੱਤੇ ਖਰਚ ਆ ਜਾਂਦਾ ਸੀ ।

ਆਮ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਕੁੜੀ ਦਾ ਵਿਆਹ ਰੱਖਿਆ ਜਾਂਦਾ ਹੈ, ਤਾਂ ਪਰਵਾਰ ਛੇ-ਛੇ ਮਹੀਨੇ ਪਹਿਲਾਂ ਹੀ ਖਰੀਦਦਾਰੀ ਸ਼ੁਰੂ ਕਰ ਦਿੰਦਾ ਹੈ। ਆਪਣੀ ਕੁੜੀ ਦਾ ਵਧੀਆ ਕਾਰਜ ਨੇਪੜੇ ਚਾੜ੍ਹਨ ਲਈ ਬੈਂਕਾਂ, ਆੜ੍ਹਤੀਆਂ ਤੋਂ ਕਰਜ਼ਾ ਚੁੱਕਦਾ ਹੈ। ਸਮੇਂ ਸਿਰ ਕਰਜ਼ਾ ਨਾ ਚੁੱਕਣ ਕਰਕੇ ਉਸ ਨੂੰ ਖੁਦਕੁਸ਼ੀ ਵੀ ਕਰਨੀ ਪੈਂਦੀ ਹੈ । ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਵੀ ਵੱਡਾ ਕਾਰਨ ਇਹ ਹੈ ਕਿ ਗਰੀਬੀ ਕਾਰਨ ਉਹ ਪਿਓ ਆਪਣੀ ਕੁੜੀ ਦਾ ਵਧੀਆ ਕਾਰਜ ਨਹੀਂ ਕਰ ਸਕਦਾ, ਜਿਸ ਕਾਰਨ ਕੁੜੀ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ। ਜਦੋਂ ਹੁਣ ਫਿਰ ਸਰਕਾਰ ਰਾਹੀਂ ਵਿਆਹਾਂ 'ਤੇ ਪਾਬੰਦੀ ਹਟਾਈ ਗਈ ਹੈ, ਤਾਂ ਫਿਰ ਅੱਜਕੱਲ੍ਹ ਵਿਆਹ ਵਿੱਚ ਬਹੁਤ ਫ਼ਜ਼ੂਲ-ਖ਼ਰਚੀ ਹੋ ਰਹੀ । ਅਸੀਂ ਕੋਰੋਨਾ ਕਾਲ ਤੋ ਕੁਝ ਵੀ ਨਹੀਂ ਸਿੱਖਿਆ। ਅਕਸਰ ਅਸੀਂ ਦੇਖਿਆ ਹੀ ਹੈ ਕਿ ਜਦੋਂ ਕਰੋਨਾ ਸਮੇਂ ਵਿਆਹ ਦੀ ਰਸਮ ਸੀ ਜਾਂ ਭੋਗ ਦੀ ਰਸਮ ਸੀ ਤਾਂ ਸੀਮਤ ਲੋਕਾਂ ਨੇ ਹੀ ਰਸਮਾਂ ਨੂੰ ਨੇਪਰੇ ਚੜ੍ਹਾਇਆ । ਅੱਜਕੱਲ੍ਹ ਦੇ ਹਾਲਾਤ ਤੋਂ ਤਾਂ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਲੋਕਾਂ ਨੇ ਕੋਰੋਨਾ ਦੌਰਾਨ ਕੁਝ ਵੀ ਨਹੀਂ ਸਿੱਖਿਆ।ਆਮ ਦੇਖਣ ਵਿਚ ਆ ਰਿਹਾ ਹੈ ਕਿ ਵਿਆਹ, ਭੋਗਾਂ 'ਤੇ ਫਿਰ ਫ਼ਜ਼ੂਲਖਰਚੀ ਦਾ ਸਿਲਸਿਲਾ ਜਾਰੀ ਹੈ। ਲਾਕਡਾਊਨ ਦੌਰਾਨ ਸਭ ਨੇ ਹੀ ਸਾਦੇ ਵਿਆਹ, ਸਾਦੇ ਭੋਗ ਦੇਖੇ।ਸਾਨੂੰ ਸਾਰਿਆਂ ਨੂੰ ਹੀ ਲਾਕਡਾਊਨ ਵਿੱਚ ਹੋਏ ਵਿਆਹਾਂ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਫਜ਼ੂਲਖਰਚੀ ਨੂੰ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ, ਸੰਪਰਕ : 7888966168**

# ਵਿਸ਼ਵ ਰਾਜਨੀਤੀ 'ਚ ਭਾਰਤੀ ਹਿੱਸੇਦਾਰੀ



**ਗੁਰਮੀਤ ਸਿੰਘ ਪਲਾਹੀ**

ਜਦੋਂ ਵਿਸ਼ਵ ਭਰ ਵਿੱਚ ਪ੍ਰਵਾਸੀਆਂ ਬਾਰੇ ਇੱਕ ਵੱਡੀ ਚਰਚਾ ਛਿੜੀ ਹੋਈ ਹੈ, ਸੌੜੀ ਸੋਚ ਵਾਲੇ ਰਾਸ਼ਟਰਵਾਦੀ ਲੋਕ ਬ੍ਰਹਿਮੰਡੀ ਅਤੇ ਮਨੁੱਖੀ ਸਾਂਝੀਵਾਲਤਾ ਦੀ ਧਾਰਨਾ ਅਤੇ ਸੋਚ ਨਕਾਰ ਕੇ 'ਆਪਣੇ ਲੋਕਾਂ' ਅਤੇ ਆਪੋ-ਆਪਣੇ ਹਿੱਤ ਸਾਧਣ ਦੇ ਰਾਹ ਤੁਰੇ ਹੋਏ ਹਨ। ਉਸ ਵੇਲੇ ਪ੍ਰਵਾਸੀ ਲੋਕਾਂ ਦੀਆਂ ਵੱਖੋ-ਵੱਖਰੇ ਦੇਸ਼ਾਂ 'ਚ ਜਾ ਕੇ ਕੀਤੀਆਂ ਪ੍ਰਾਪਤੀਆਂ ਬਾਰੇ ਵੱਡਾ ਜ਼ਿਕਰ ਕਰਨਾ ਬਣਦਾ ਹੈ।

ਇਸ ਦੇ ਨਾਲ-ਨਾਲ ਇਹ ਗੱਲ ਵੀ ਵਿਚਾਰੀ ਜਾਣੀ ਬਣਦੀ ਹੈ ਕਿ ਸੌੜੀ ਸੋਚ ਵਾਲੇ ਲੋਕ ਜਿਹੜੇ ਮਨੁੱਖ ਨੂੰ ਨਸਲ, ਦੇਸ਼, ਧਰਮ ਦੇ ਅਧਾਰ 'ਤੇ ਵੰਡਣਾ ਚਾਹੁੰਦੇ ਹਨ, ਆਮ ਲੋਕ ਅਜਿਹੀ ਸੌੜੀ ਸੋਚ ਰੱਖਣ ਵਾਲੇ ਲੋਕਾਂ ਨੂੰ ਨਕਾਰ ਰਹੇ ਹਨ।

ਅਮਰੀਕਾ 'ਚ ਨਿਊਯਾਰਕ ਦੇ ਵੋਟਰਾਂ ਨੇ 34 ਵਰ੍ਹਿਆਂ ਦੇ ਜ਼ੋਹਰਾਨ ਮਮਦਾਨੀ ਨੂੰ 50 ਫ਼ੀਸਦੀ ਤੋਂ ਵੱਧ ਵੋਟਾਂ ਦੇ ਕੇ ਨਿਊ ਯਾਰਕ ਦਾ ਮੇਅਰ ਚੁਣ ਲਿਆ । ਜ਼ੋਹਰਾਨ ਮਮਦਾਨੀ 34 ਵਰ੍ਹਿਆਂ ਦਾ ਹੈ, ਉਸ ਦੀ ਮਾਂ ਮੀਰਾ ਨਾਇਰ ਭਾਰਤੀ ਹੈ, ਉਸ ਦਾ ਪਿਤਾ ਮਹਿਮੂਦ ਮਮਦਾਨੀ ਯੂਗਾਂਡਾ 'ਚ ਜਨਮਿਆ ਵਿਦਵਾਨ ਹੈ। ਮਮਦਾਨੀ ਲਗਭਗ 7 ਵਰ੍ਹੇ ਪਹਿਲਾਂ ਅਮਰੀਕਾ ਪੁੱਜਿਆ । ਉਸ ਨੇ ਥੋੜ੍ਹੇ ਸਮੇਂ 'ਚ ਹੀ ਆਪਣੀ ਮਜ਼ਬੂਤ ਸਥਿਤੀ ਦਰਜ ਕੀਤੀ ਅਤੇ ਦੇਸ਼ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਮੀਦਵਾਰ ਨੂੰ ਹਰਾ ਕੇ ਇੱਕ ਡੈਮੋਕਰੇਟਿਕ ਉਮੀਦਵਾਰ ਦੇ ਤੌਰ 'ਤੇ ਮੇਅਰ ਦਾ ਅਹੁਦਾ ਹੀ ਪ੍ਰਾਪਤ ਨਹੀਂ ਕੀਤਾ, ਸਗੋਂ ਟਰੰਪ ਦੀ ਰਾਸ਼ਟਰਵਾਦੀ ਸੋਚ ਨੂੰ ਚੈਲਿੰਜ ਕੀਤਾ ਅਤੇ ਇੱਕ ਨਵੇਂ ਰਾਸ਼ਟਰ ਦੇ ਪੁਨਰ-ਜਨਮ ਦੀ ਗੱਲ ਕੀਤੀ।

ਜ਼ੋਹਰਾਨ ਮਮਦਾਨੀ ਵਾਂਗ ਦੁਨੀਆਂ ਭਰ ਦੇ 29 ਦੇਸ਼ਾਂ ਵਿੱਚ 260 ਤੋਂ ਜ਼ਿਆਦਾ ਭਾਰਤਵੰਸ਼ੀ ਜਨ ਪ੍ਰਤੀਨਿਧਤਾ ਨਿਭਾਅ ਚੁੱਕੇ ਹਨ ਜਾਂ ਨਿਭਾ ਰਹੇ ਹਨ। ਇਹਨਾਂ ਵਿੱਚ ਵਿਸ਼ੇਸ਼ ਤੌਰ 'ਤੇ ਬਰਤਾਨੀਆ, ਮਾਰੀਸ਼ਸ, ਫਰਾਂਸ, ਅਮਰੀਕਾ, ਕੈਨੇਡਾ ਆਦਿ ਮੁੱਖ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਇਹ ਭਾਰਤੀ ਸਿਖ਼ਰਾਂ 'ਤੇ ਪੁੱਜੇ ਨਜ਼ਰ ਆਉਂਦੇ ਹਨ।

ਦੁਨੀਆ ਦੇ ਹੋਰ ਦੇਸ਼ਾਂ ਵਿੱਚ 3.43 ਕਰੋੜ ਤੋਂ ਵੱਧ ਭਾਰਤੀ ਰਹਿੰਦੇ ਹਨ। ਹੁਣੇ ਜਿਹੇ ਸਰਕਾਰ ਨੇ 29 ਦੇਸ਼ਾਂ ਦੀ ਸੂਚੀ ਦਿੱਤੀ ਹੈ, ਜਿਹਨਾਂ ਵਿੱਚ ਭਾਰਤੀ ਮੂਲ ਦੇ ਜਨ-ਪ੍ਰਤੀਨਿਧੀਆਂ ਦੀ ਸੰਖਿਆ ਅਤੇ ਸੂਚੀ ਦਿੱਤੀ ਗਈ ਹੈ।

ਮਾਰੀਸ਼ਸ ਵਿੱਚ ਸਭ ਤੋਂ ਜ਼ਿਆਦਾ 45 ਭਾਰਤੀ ਮੂਲ ਦੇ ਲੋਕ , ਲੋਕ-ਪ੍ਰਤੀਨਿਧਾਂ ਵਜੋਂ ਚੁਣੇ ਗਏ। ਭਾਰਤੀ ਮੂਲ ਦੇ ਨਵੀਨ ਰਾਮ ਗੁਲਾਮ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਹਨ। ਇਸੇ ਤਰ੍ਹਾਂ ਗੁਆਨਾ ਵਿੱਚ ਭਾਰਤੀ ਮੂਲ ਦੇ 33 ਲੋਕ ਜਨ-ਪ੍ਰਤੀਨਿਧ ਚੁਣੇ ਗਏ। ਬਰਤਾਨੀਆ ਵਿੱਚ 31, ਫਰਾਂਸ ਵਿੱਚ 24, ਸੂਰੀਨਾਮ ਵਿੱਚ 21, ਫਿਜ਼ੀ ਅਤੇ ਮਲੇਸ਼ੀਆ 'ਚ 17-17 ਹਨ। ਅਮਰੀਕਾ ਵਿੱਚ ਭਾਰਤੀ ਮੂਲ ਦੇ 6 ਲੋਕ ਉੱਚ ਅਹੁਦਿਆਂ 'ਤੇ ਜਨ-ਪ੍ਰਤੀਨਿਧ ਹਨ।

ਕਮਲਾ ਸੁਸ਼ੀਲਾ ਪ੍ਰਸਾਦ ਵਿਸੇਸਰ ਭਾਰਤੀ ਮੂਲ ਦੀ ਪ੍ਰਤੀਨਿਧ ਤ੍ਰਿਨੀਦਾਦ ਅਤੇ ਟੋਬੈਗੋ 'ਚ ਪ੍ਰਧਾਨ ਮੰਤਰੀ 2010 ਤੋਂ 2015 ਤੱਕ ਚੁਣੀ ਗਈ। ਹੁਣ ਫਿਰ 2025 ਵਿੱਚ ਤ੍ਰਿਨੀਦਾਦ ਦੀ ਪ੍ਰਧਾਨ ਮੰਤਰੀ ਹੈ।

ਸਿੰਗਾਪੁਰ ਵਿੱਚ 2023 ਵਿੱਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਭਾਰਤੀ ਮੂਲ ਦੇ ਥਰਮਨ ਸ਼ਾਨਮੁਗਰਥਨਮ ਨੇ ਜਿੱਤ ਹਾਸਲ ਕੀਤੀ ਤੇ ਸਿੰਗਾਪੁਰ ਦੇ 9ਵੇਂ ਰਾਸ਼ਟਰਪਤੀ ਬਣੇ । ਇਨ੍ਹਾਂ ਚੋਣਾਂ 'ਚ ਉਹਨਾ ਨੇ 70.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ। ਭਾਰਤੀ ਥਰਮਨ ਦਾ ਜਨਮ 25 ਫਰਵਰੀ 1957 ਵਿੱਚ ਸਿੰਗਾਪੁਰ 'ਚ ਹੋਇਆ ਅਤੇ ਉਹਨਾ ਦੇ ਦਾਦਾ ਤਾਮਿਲਨਡੂ ਦੇ ਮੂਲ ਨਿਵਾਸੀ ਸਨ। ਪਿਤਾ ਵਿਗਿਆਨੀ ਸਨ । ਉਹਨਾਂ ਕੈਂਬਰਿਜ ਯੂਨੀਵਰਸਿਟੀ ਲੰਦਨ ਤੋਂ ਪੜ੍ਹਾਈ ਕੀਤੀ। ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਦੇਵੇਨ ਨਾਗਰ ਅਤੇ ਐੱਸ ਆਰ ਨਾਥਨ ਸਿੰਘਾਪੁਰ ਦੇ ਰਾਸ਼ਟਰਪਤੀ ਰਹੇ।

42 ਦੇਸ਼ ਵਿਸ਼ਵ ਵਿੱਚ ਇਹੋ ਜਿਹੇ ਹਨ, ਜਿਥੇ ਸਰਕਾਰ ਵਿੱਚ ਜਾਂ ਵਿਰੋਧੀ ਧਿਰਾਂ 'ਚ ਭਾਰਤੀਵੰਸ਼ੀ ਲੋਕ ਪ੍ਰਤੀਨਿਧੀ ਬਣੇ ਹਨ । ਕੈਨੇਡਾ 'ਚ ਸਭ ਤੋਂ ਜ਼ਿਆਦਾ ਪਾਰਲੀਮੈਂਟ ਮੈਂਬਰ ਹਨ । ਇਹਨਾਂ ਵਿੱਚ ਤਿੰਨ ਕੈਬਨਿਟ ਮੰਤਰੀ ਭਾਰਤੀ ਮੂਲ ਦੇ ਹਨ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਭਾਰਤੀ ਮੂਲ ਦੀ ਸੀ। ਰਿਸ਼ੀ ਸੂਨਕ ਬਰਤਾਨੀਆ ਦੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਸਨ ਅਤੇ 200 ਸਾਲ ਵਿੱਚ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਸਨ।

ਇਸ ਵੇਲੇ ਗੁਆਨਾ ਦੇਸ਼ ਦੀ ਨੁਮਾਇੰਦਗੀ ਵੀ ਭਾਰਤੀ ਮੂਲ ਦੇ ਮੁਹੰਮਦ ਇਰਫਾਨ ਅਲੀ ਕੋਲ ਹੈ ਅਤੇ ਉਹ ਰਾਸ਼ਟਰਪਤੀ ਹਨ। ਭਾਰਤਵੰਸ਼ੀ ਰਾਜਨੇਤਾ ਪਰਵਿੰਦਰ ਕੁਮਾਰ 2017-18 ਤੋਂ 2024 ਤੱਕ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਰਹੇ । ਆਇਰਲੈਂਡ ਦੇ ਮੁਖੀ ਵੀ 2022 ਤੋਂ 2024 ਤੱਕ ਭਾਰਤੀ ਮੂਲ ਦੇ ਨੇਤਾ ਏਰਿਕ ਬਰਾਡਕਰ ਨੇ ਕੀਤਾ। ਪ੍ਰਿਥਵੀਰਾਜ ਸਿੰਘ 2019 ਤੋਂ 2024 ਤੱਕ ਮਾਰੀਸ਼ਸ ਦੇ ਸੱਤਵੇਂ ਰਾਸ਼ਟਰਪਤੀ ਰਹੇ।

ਵਿਕਾਸਸ਼ੀਲ ਦੇਸ਼ਾਂ ਅਮਰੀਕਾ, ਕੈਨੇਡਾ ਬਰਤਾਨੀਆ, ਅਸਟਰੇਲੀਆ , ਨਿਊਜ਼ੀਲੈਂਡ ਸਮੇਤ 15 ਮੁਲਕਾਂ ਵਿੱਚ 200 ਤੋਂ ਜ਼ਿਆਦਾ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀ ਅਗਵਾਈ ਵਾਲੇ ਅਹੁਦਿਆਂ 'ਤੇ ਕਾਬਜ਼ ਹਨ। ਇਹ ਰਿਪੋਰਟ ਭਾਰਤੀ ਭਾਈਚਾਰੇ ਦਰਮਿਆਨ ਕੰਮ ਕਰ ਰਹੇ ਅਮਰੀਕੀ ਸੰਗਠਨ ਦੀ ਹੈ, ਜੋ ਪਹਿਲੀ ਵੇਰ ਛਾਪੀ ਗਈ ਹੈ। ਇਹਨਾਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿੱਚੋਂ 60 ਵਿਅਕਤੀ ਕੈਬਨਿਟ ਰੈਂਕ ਦੇ ਅਹੁਦਿਆਂ ਉੱਤੇ ਬਿਰਾਜਮਾਨ ਹਨ ।ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਦੇ ਰੂਪ 'ਚ ਪਹਿਲੀ ਸ਼ਖ਼ਸੀਅਤ ਭਾਰਤੀ ਵਿਰਾਸਤ ਤੋਂ ਕਿਸੇ ਦਾ ਹੋਣਾ ਵੱਡੇ ਮਾਣ ਵਾਲੀ ਗੱਲ ਹੈ ।

ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੇ ਰਾਜ-ਭਾਗ ਵਿੱਚ 130 ਤੋਂ ਜ਼ਿਆਦਾ ਭਾਰਤੀ ਚੰਗੇ ਅਹੁਦਿਆਂ 'ਤੇ ਸਨ ਅਤੇ ਟਰੰਪ ਦੀ ਪ੍ਰਧਾਨਗੀ ਵਿੱਚ 80 ਤੋਂ ਵੱਧ ਲੋਕ ਚੰਗੇ ਰਾਜਨੀਤਕ ਪ੍ਰਬੰਧਕੀ ਅਹੁਦਿਆਂ 'ਤੇ ਕੰਮ ਕਰ ਰਹੇ ਸਨ ।

ਭਾਰਤ ਵਿੱਚੋਂ ਪ੍ਰਵਾਸ 18-19ਵੀਂ ਸਦੀ 'ਚ ਵਿਸ਼ੇਸ਼ ਤੌਰ 'ਤੇ ਗਿਣਿਆ ਜਾਂਦਾ ਹੈ, ਜਦੋਂ ਭਾਰਤੀ ਲੋਕ ਆਪਣਾ ਚੰਗੇਰੇ ਭਵਿੱਖ ਲਈ ਦੇਸ਼ ਛੱਡ ਕੇ ਵਿਦੇਸ਼ ਗਏ। ਇਹਨਾਂ ਪ੍ਰਵਾਸੀਆਂ ਨੇ ਮਿਹਨਤ ਕਰਕੇ ਓਪਰੇ ਸੱਭਿਆਚਾਰ ਵਿੱਚ ਆਪਣੀ ਥਾਂ ਬਣਾਈ ਅਤੇ ਫਿਰ ਮੋਹਰੀ ਬਣ ਕੇ ਨਾਮਣਾ ਖੱਟਿਆ। ਖੇਤਰ ਭਾਵੇਂ ਖੇਤੀਬਾੜੀ ਦਾ ਸੀ ਜਾਂ ਇੰਜੀਨਿਅਰਿੰਗ ਦਾ, ਲੇਖਣੀ ਦਾ ਸੀ ਜਾਂ ਪੱਤਰਕਾਰੀ ਦਾ, ਕਾਰੋਬਾਰ ਦਾ ਸੀ ਜਾਂ ਸਿਆਸਤ ਦਾ, ਪ੍ਰਵਾਸੀਆਂ ਨੇ ਨਵੀਆਂ ਪੈੜਾਂ ਪਾਈਆਂ ਅਤੇ ਹੋਰ ਲੋਕਾਂ ਲਈ ਰਾਹ-ਦਸੇਰਾ ਬਣੇ। ਅੱਜ ਵੀ ਜਦੋਂ ਪੂਰਾ ਬ੍ਰਹਿਮੰਡ ਇੱਕ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਭਾਰਤੀ ਪ੍ਰਭਾਵਸ਼ਾਲੀ ਲੋਕ ਇਸ ਵਿਸ਼ਵ ਪਿੰਡ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

ਪਰਵਾਸ ਹੰਢਾ ਰਹੇ ਭਾਰਤੀਆਂ ਦਾ ਇਤਿਹਾਸ ਪੁਰਾਣਾ ਹੈ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ 'ਚ ਵਸੇ ਪਰਵਾਸੀਆਂ ਦੀਆਂ ਪਹਿਲੀਆਂ ਪੀੜ੍ਹੀਆਂ ਆਮ ਤੌਰ 'ਤੇ ਅਨਪੜ੍ਹ ਜਾਂ ਬਹੁਤੀਆਂ ਪੜ੍ਹੀਆਂ-ਲਿਖੀਆਂ ਨਹੀਂ ਸਨ, ਪਰ ਇਹਨਾਂ ਪਰਵਾਸੀ ਭਾਰਤੀਆਂ ਨੇ ਵੱਡੀ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਅਤੇ ਉੱਥੋਂ ਦੀ ਸਭਿਅਤਾ ਵਿੱਚ ਵਿਚਰਨ ਦਾ ਮੌਕਾ ਦਿੱਤਾ।

ਬਿਨਾਂ ਸ਼ੱਕ ਅੱਜ ਪ੍ਰਵਾਸੀਆਂ ਦੇ ਵਿਰੋਧ ਵਿੱਚ ਅਮਰੀਕਾ, ਕੈਨੇਡਾ, ਬਰਤਾਨੀਆ 'ਚ ਉੱਥੋਂ ਦੇ ਕੁਝ ਨਾਗਰਿਕਾਂ ਵੱਲੋਂ ਪ੍ਰਦਰਸ਼ਨ ਹੋ ਰਹੇ ਹਨ, ਪ੍ਰਵਾਸੀਆਂ ਨੂੰ ਦੇਸ਼ੋਂ ਕੱਢਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਨਸਲੀ ਟਿੱਪਣੀਆਂ ਵੀ ਹੋ ਰਹੀਆਂ ਹਨ, ਉਹਨਾਂ ਖ਼ਿਲਾਫ਼ ਵੱਡੇ ਗਰੁੱਪ ਬਣ ਰਹੇ ਹਨ ।

ਅਮਰੀਕਾ, ਕੈਨੇਡਾ, ਯੂ ਕੇ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉੱਥੋਂ ਕੱਢਿਆ ਵੀ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਪ੍ਰਵਾਸੀਆਂ ਵਿੱਚ ਡਰ ਦੀ ਭਾਵਨਾ ਬਣੀ ਹੋਈ ਹੈ। ਖ਼ਾਸ ਤੌਰ 'ਤੇ ਉਹਨਾਂ ਪ੍ਰਵਾਸੀਆਂ ਲਈ, ਜਿਹੜੇ ਵਿੰਗੇ-ਟੇਡੇ ਢੰਗ ਨਾਲ, ਜਾਂ ਸਿਆਸੀ ਸ਼ਰਨ ਲੈ ਕੇ ਉੱਥੇ ਪੁੱਜੇ । ਗ਼ਲਤ-ਬਿਆਨੀ ਕਰਕੇ ਉੱਥੇ ਦੇ ਕਾਨੂੰਨੀ ਦਸਤਾਵੇਜ ਹਾਸਲ ਕੀਤੇ।

ਅਸਲ 'ਚ ਸਮੇਂ-ਸਮੇਂ ਰੂੜ੍ਹੀਵਾਦੀ ਸੋਚ ਵਾਲੇ ਲੋਕ ਮਨੁੱਖੀ ਅਧਿਕਾਰਾਂ ਦਾ ਹਨਨ ਕਰਦਿਆਂ ਕੁਝ ਇਹੋ ਜਿਹੇ ਕਾਰਜ ਕਰਦੇ ਹਨ, ਜਿਹੜੇ ਕਿਸੇ ਵੀ ਹਾਲਤ ਵਿੱਚ ਲੋਕ-ਹਿਤੈਸ਼ੀ ਨਹੀਂ ਹੁੰਦੇ। ਦੌਰ ਭਾਵੇਂ ਡਿਕਟੇਟਰਾਨ ਸੋਚ ਵਾਲੇ ਲੋਕਾਂ ਦਾ ਕਦੇ ਉਭਰਦਾ ਰਿਹਾ ਹੋਵੇ, ਪਰ ਅੰਤ ਜਿੱਤ ਹੱਥੀਂ ਕੰਮ ਕਰਨ ਵਾਲਿਆਂ, ਸੂਝਵਾਨ ਲੋਕਾਂ ਦੀ ਹੁੰਦੀ ਹੈ, ਜੋ ਧਰਮ, ਨਸਲ, ਜਾਤ, ਦੇਸ਼ ਦੇ ਪਾੜ ਨੂੰ ਨਕਾਰਦੇ ਹਨ।

ਭਾਰਤੀ ਪ੍ਰਵਾਸੀਆਂ ਦੀ ਤੂਤੀ ਦੇਸ਼-ਵਿਦੇਸ਼ ਵਿੱਚ ਇਸ ਕਰਕੇ ਬੋਲਦੀ ਹੈ, ਕਿਉਂਕਿ ਉਹ ਲੋਕ-ਭਲਾਈ ਹਿੱਤ ਕਾਰਜ ਕਰਨ ਨੂੰ ਸਦਾ ਤਰਜੀਹ ਦਿੰਦੇ ਰਹੇ ਹਨ ਅਤੇ ਜਿੱਥੇ-ਜਿੱਥੇ ਵੀ ਜਾ ਕੇ ਉਹ ਵਸੇ, ਉਹਨਾਂ ਉੱਥੋਂ ਦੇ ਲੋਕਾਂ ਨਾਲ ਡੂੰਘੀ ਸਾਂਝ ਪਾ ਕੇ ਉਸ ਖਿੱਤੇ ਦੀ ਤਰੱਕੀ ਲਈ ਜੀਊਣਾ-ਮਰਨਾ ਆਪਣਾ ਫ਼ਰਜ਼ ਸਮਝਿਆ। ਇਹ ਗੱਲ ਵੀ ਵਰਨਣਯੋਗ ਹੈ ਕਿ ਵਿਸ਼ਵ ਰਾਜਨੀਤੀ ਵਿੱਚ ਕਈ ਥਾਵਾਂ ਉੱਥੇ ਭਾਰਤਵੰਸ਼ੀ ਸਿਆਸਤਦਾਨਾਂ ਨੇ ਉੱਥੋਂ ਦੇ ਸਿਆਸੀ ਮਾਹੌਲ ਨੂੰ ਹੀ ਬਦਲ ਕੇ ਰੱਖ ਦਿੱਤਾ ਅਤੇ ਉੱਥੋਂ ਦੇ ਰਾਸ਼ਟਰ ਦੇ ਨਿਰਮਾਣ ਜਾਂ ਪੁਨਰਗਠਨ ਵਿੱਚ ਬਣਦਾ ਯੋਗਦਾਨ ਪਾਇਆ।

**# ਸੰਪਰਕ : 98158-02070**

# ਵਿਗਿਆਨਕ ਵਿਚਾਰਾਂ ਦੀ ਲੋੜ ਅੱਜ ਪਹਿਲਾਂ ਨਾਲੋਂ ਕਿਤੇ ਵੱਧ

**ਮਾਸਟਰ ਪਰਮਵੇਦ**

ਲੋਕਾਂ ਵਿੱਚ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ-ਪਸਾਰ ਲਈ ਕੰਮ ਕਰਨ ਦੀ ਲੋੜ ਅੱਜ ਪਹਿਲਾਂ ਨਾਲੋਂ ਵੀ ਵੱਧ ਜ਼ਰੂਰੀ ਹੋ ਗਈ ਹੈ। ਇਹ ਜਾਣਨ ਲਈ ਪਿਛਲੇ ਕੁਝ ਸਮੇਂ ਤੋਂ ਜੋ ਕੁਝ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਹੋ ਰਿਹਾ ਹੈ, ਉਸ ਉੱਤੇ ਨਿਗ੍ਹਾ ਮਾਰਨ ਦੀ ਲੋੜ ਹੈ।

ਸਰਕਾਰਾਂ ਲੋਕਾਂ ਦੇ ਅਸਲ ਮਸਲੇ ਹੱਲ ਕਰਨ ਦੀ ਬਜਾਏ ਉਹਨਾਂ ਮਸਲਿਆਂ ਤੋਂ ਧਿਆਨ ਤਿਲਕਾਉਣ ਲਈ ਧਾਰਮਿਕ ਮਸਲਿਆਂ ਸੰਬੰਧੀ ਕਾਨੂੰਨ ਲਿਆ ਕੇ ਆਪਣੀਆਂ ਕਮਜ਼ੋਰੀਆਂ, ਅਸਫ਼ਲਤਾਵਾਂ 'ਤੇ ਪਰਦਾ ਪਾਉਣਾ ਚਾਹੁੰਦੀ ਹੈ। ਲੋਕਾਂ ਦੇ ਟੈਕਸਾਂ ਦੇ ਪੈਸੇ ਉੱਤੇ ਲੋਕਾਂ ਨੂੰ ਧਰਮ, ਜਾਤ, ਫਿਰਕਿਆਂ ਵਿੱਚ ਵੰਡ ਕੇ ਕਿਸਮਤਵਾਦੀ ਤੇ ਲਾਈਲੱਗ ਬਣਾ ਕੇ ਉਨ੍ਹਾਂ ਦੀ ਸੋਚ ਨੂੰ ਬੌਣਾ ਕਰਕੇ ਜਾਗਰੂਕਤਾ ਤੇ ਚੇਤੰਨਤਾ ਤੋਂ ਦੂਰ ਲਿਜਾ ਕੇ ਅੰਧਵਿਸ਼ਵਾਸਾਂ ਦੇ ਗੱਫੇ ਪਰੋਸ ਰਹੀ ਹੈ,ਚਾਰੇ ਪਾਸੇ ਅੰਧਕਾਰ, ਨ੍ਹੇਰਾ ਫੈਲਾਇਆ ਜਾ ਰਿਹਾ ਹੈ, ਲੋਕਾਂ ਦੀ ਸੋਚ ਖੁੰਢੀ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ ।ਤਰਕਸ਼ੀਲ ਸੁਸਾਇਟੀ ਪੰਜਾਬ ਅੰਧ-ਵਿਸ਼ਵਾਸ ਰੋਕੂ ਕਨੂੰਨ ਬਣਾਉਣ ਲਈ ਆਏ ਸਾਲ ਸਰਕਾਰੀ ਨੁਮਾਇੰਦਿਆਂ ਨੂੰ ਮੰਗ ਪੱਤਰ ਦਿੰਦੀ ਆ ਰਹੀ ਹੈ, ਪਰ ਪਰਨਾਲਾ ਉੱਥੇ ਦਾ ਉੱਥੇ।

ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਆਪਣੀ ਪੁਲਸ ਨੂੰ ਕਾਂਵੜੀਆਂ ਉੱਤੇ ਫੁੱਲ ਬਰਸਾਉਣ, ਉਹਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਇਥੋਂ ਤੱਕ ਕਿ ਉਹਨਾਂ ਦੇ ਪੈਰ ਘੁਟਣ ਤੱਕ ਲਗਾ ਰੱਖਿਆ ਸੀ। ਪੁਲਸ ਦਾ ਜਿਹੜਾ ਅਸਲ ਕੰਮ ਹੁੰਦਾ ਹੈ ਕਿ ਇਹੋ ਜਿਹੇ ਮੌਕਿਆਂ ਉੱਤੇ ਹੁੜਦੁੰਗ ਮਚਾਉਣ ਨੂੰ ਰੋਕਿਆ ਜਾਵੇ, ਉਸ ਵੱਲੋਂ ਯੂ ਪੀ ਪੁਲਸ ਨੇ ਬਿਲਕੁਲ ਅੱਖਾਂ ਮੀਚੀਆਂ ਹੋਈਆਂ ਸਨ। ਸਿੱਟੇ ਵਜੋਂ ਜਿਸ ਪੱਧਰ ਦਾ ਮਾਹੌਲ ਕਾਂਵੜ ਯਾਤਰਾ ਦੌਰਾਨ ਇਸ ਵਾਰ ਦੇਖਣ ਨੂੰ ਮਿਲਿਆ , ਉਹ ਬਹੁਤ ਸ਼ਰਮਨਾਕ ਸੀ।

ਇਹਨਾਂ ਤੋਂ ਵੀ ਉੱਤੇ ਕੇਂਦਰ ਸਰਕਾਰ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਧਾਰਮਿਕ ਕੱਟੜਤਾ ਅਤੇ ਫਿਰਕਾਪ੍ਰਸਤੀ ਨੂੰ ਸਰਪ੍ਰਸਤੀ ਦੇ ਰਹੀ ਹੈ, ਉਸ ਨਾਲ ਸਿਰਫ ਸੰਵਿਧਾਨ ਦੇ ਧਰਮ ਨਿਰਪੱਖਤਾ ਉੱਤੇ ਹੀ ਨਹੀਂ, ਬਲਕਿ ਭਾਈਚਾਰਕ ਸਾਂਝ ਵਾਲੇ ਸਮਾਜਿਕ ਮਾਹੌਲ ਅਤੇ ਮਾਨਵਵਾਦੀ ਸੋਚ ਉੱਤੇ ਵੱਡੀ ਸੱਟ ਵੱਜ ਰਹੀ ਹੈ। ਇਸ ਵੱਲੋਂ ਵਿਦਿਅਕ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਕੱਟੜ ਸੋਚ ਵਾਲੇ ਲੋਕਾਂ ਨੂੰ ਭਰਿਆ ਜਾ ਰਿਹਾ ਹੈ, ਵਿਦਿਆਰਥੀ ਨੂੰ ਪੜ੍ਹਾਏ ਜਾਣ ਵਾਲੇ ਪਾਠਕ੍ਰਮਾਂ ਵਿੱਚੋਂ ਵਿਗਿਆਨਕ ਸੋਚ ਪੈਦਾ ਕਰਨ ਵਾਲੇ ਹਿੱਸੇ (ਜਿਵੇਂ ਕਿ ਜੀਵ ਵਿਕਾਸ) ਨੂੰ ਖਾਰਜ ਕੀਤਾ ਗਿਆ ਹੈ। ਯੂਨੀਵਰਸਟੀਆਂ ਵਿੱਚ ਜੋਤਿਸ਼ ਅਤੇ ਕਰਮਕਾਂਡ ਵਰਗੇ ਗੈਰ-ਵਿਗਿਆਨਕ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਤਰਕ ਨਾਲ ਲੋਕ ਪੱਖੀ ਗੱਲ ਕਰਨ ਵਾਲਿਆਂ ਨੂੰ ਸਰਕਾਰੀ ਮਸ਼ੀਨਰੀ ਵਰਤ ਕੇ ਦਬਾਇਆ ਜਾ ਰਿਹਾ ਹੈ।

ਵਿਗਿਆਨ ਦੀ ਖੋਜ ਟੈਲੀਵਿਜ਼ਨ, ਜਿਸ ਨੇ ਸੱਚ ਨੂੰ ਪੇਸ਼ ਕਰਨ ਦਾ ਸਾਧਨ ਹੋਣਾ ਸੀ, ਲੋਕ ਮਨਾਂ ਵਿੱਚ ਵਿਗਿਆਨ ਦਾ ਚਾਨਣ ਕਰਕੇ ਮਨਾਂ ਨੂੰ ਰੁਸ਼ਨਾਉਣਾ ਸੀ, ਉਹ ਝੂਠਾ ਪ੍ਰਾਪੇਗੰਡਾ ਕਰਨ ਤੇ ਲੋਕਾਂ ਦੇ ਮਨਾਂ ਨੂੰ ਹਨੇਰੇ ਨਾਲ ਭਰਨ ਦਾ ਸਭ ਤੋਂ ਵੱਡਾ ਸਾਧਨ ਬਣ ਗਿਆ ਹੈ, ਗੈਰ-ਵਿਗਿਆਨਕ ਕਥਾਵਾਂ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਫੈਲਾਉਣ ਦਾ ਸਾਧਨ ਬਣ ਗਿਆ ਹੈ । ਸੋਸ਼ਲ ਮੀਡੀਆ, ਜਿਸ ਨੇ ਲੋਕਾਂ ਦਾ ਮੀਡੀਆ ਬਣਨਾ ਸੀ, ਉਸ 'ਤੇ ਸੱਤਾਧਾਰੀ ਧਿਰਾਂ ਦੇ ਆਈ ਟੀ ਸੈੱਲਾਂ ਅਤੇ ਟਰੋਲ ਆਰਮੀਆਂ ਨੇ ਕਬਜ਼ਾ ਕਰ ਲਿਆ ਹੈ।

ਆਰਥਕ ਖੇਤਰ ਵਿੱਚ ਕਾਰਪੋਰੇਟ ਵਰਗ ਵੱਲੋਂ ਵੱਡਾ ਹੱਲਾ ਕੀਤਾ ਜਾ ਰਿਹਾ ਹੈ, ਜੋ ਸਾਰੇ ਸਾਧਨਾਂ ਨੂੰ ਲੋਕਾਂ ਤੋਂ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲੈਣਾ ਚਾਹੁੰਦੇ ਹਨ। ਸੱਤਾਧਾਰੀ ਧਿਰਾਂ ਵੱਲੋਂ ਉੱਪਰ ਬਿਆਨ ਕੀਤਾ ਵਿਚਾਰਧਾਰਕ ਹਮਲਾ ਕਾਰਪੋਰੇਟਾਂ ਦੇ ਇਸ ਆਰਥਕ ਹਮਲੇ ਦਾ ਸਭ ਤੋਂ ਵੱਡਾ ਸਹਿਯੋਗੀ ਹੈ। ਸਰਕਾਰੀ ਸਰਪ੍ਰਸਤੀ ਨਾਲ ਫੈਲਾਈ ਜਾ ਰਹੀ ਗੈਰ-ਵਿਗਿਆਨਕ ਸੋਚ ਮਿਥਿਹਾਸਕ ਕਥਾਵਾਂ, ਧਾਰਮਿਕ ਕੱਟੜਤਾ ਅਤੇ ਫਿਰਕਾਪ੍ਰਸਤੀ, ਕਾਰਪੋਰੇਟਾਂ ਦੇ ਇਸ ਆਰਥਿਕ ਹੱਲੇ ਖਿਲਾਫ ਲੜਾਈ ਨੂੰ ਬਹੁਤ ਕਮਜ਼ੋਰ ਕਰਦੀ ਹੈ, ਉਨ੍ਹਾਂ ਦੀ ਇੱਕਜੁਟਤਾ ਵਿੱਚ ਪਾਟਕ ਪਾਉਂਦੀ ਹੈ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਦੀ ਹੈ।

ਅਗਾਂਹਵਧੂ ਵਿਗਿਆਨਕ ਸੋਚ ਵਾਲੇ ਲੋਕਾਂ ਦਾ ਕਾਰਜ ਇਸ ਵਿਚਾਰਧਾਰਕ ਹਮਲੇ ਨੂੰ ਰੋਕਣ ਲਈ ਲੋਕਾਂ ਨੂੰ ਵਿਗਿਆਨਕ ਚੇਤਨਾ ਨਾਲ ਲੈਸ ਕਰਨਾ ਹੈ। ਜੇ ਸਰਕਾਰ ਵਿਦਿਆਰਥੀਆਂ ਨੂੰ ਵਿਗਿਆਨਕ ਸਿੱਖਿਆ ਤੋਂ ਵਾਂਝਾ ਕਰਦੀ ਹੈ ਤਾਂ ਅਗਾਂਹਵਧੂ ਸੋਚ ਦੇ ਮਾਲਕਾਂ ਨੂੰ ਵਿਗਿਆਨਕ ਸਿੱਖਿਆ ਵਿਦਿਆਰਥੀਆਂ ਤੱਕ ਲੈ ਕੇ ਜਾਣੀ ਚਾਹੀਦੀ ਹੈ। ਜੇ ਉਹ ਲੋਕਾਂ ਨੂੰ ਪਾੜਨ ਲਈ ਉਨ੍ਹਾਂ ਵਿੱਚ ਧਾਰਮਿਕ ਕੱਟੜਵਾਦ ਅਤੇ ਫਿਰਕਾਪ੍ਰਸਤੀ ਫੈਲਾਉਂਦੀ ਹੈ ਤਾਂ ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਧਰਮਾਂ ਦੀ ਅਸਲੀਅਤ ਲੋਕਾਂ ਸਾਹਮਣੇ ਬਿਆਨ ਕਰਨੀ ਚਾਹੀਦੀ ਹੈ ।

ਸੋ ਜੇ ਅਸੀਂ ਇੱਕ ਬਿਹਤਰ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਲੋਕਾਂ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਸੋਚ ਦਾ ਚਾਨਣ ਵੱਧ ਤਾਕਤ ਨਾਲ ਫੈਲਾਇਆ ਜਾਵੇ । ਖੁਸ਼ਹਾਲ ਤੇ ਬਿਹਤਰ ਸਮਾਜ ਲਈ ਵਿਗਿਆਨਕ ਸੋਚ ਦਾ ਪਸਾਰਾ ਅਤੀ ਜ਼ਰੂਰੀ।

**# ਸੰਪਰਕ : 94174-22349**

# ਸਾਇਬਰ ਸੁਰੱਖਿਆ-ਆਪਣੇ ਡਾਟੇ ਦੀ ਰੱਖਿਆ ਕਿਵੇਂ ਕਰੀਏ

**ਰਮਨਦੀਪ ਖੀਵਾ**

ਸਮਾਂ ਬਦਲ ਗਿਆ ਹੈ, ਅੱਜ ਸਾਡੀ ਜ਼ਿੰਦਗੀ ਸਿਰਫ਼ ਸਾਡੇ ਘਰਾਂ ਦੀਆਂ ਚਾਰ ਦੀਵਾਰਾਂ ਜਾਂ ਖੇਤਾਂ ਦੀਆਂ ਵੱਟਾਂ ਤੱਕ ਸੀਮਤ ਨਹੀਂ, ਸਗੋਂ ਇਹ ਵੱਡੇ ਪੱਧਰ 'ਤੇ ਡਿਜੀਟਲ ਸਕਰੀਨਾਂ ਵਿੱਚ ਸਮਾ ਚੁੱਕੀ ਹੈ । ਸਾਡਾ ਬੈਂਕ ਖਾਤਾ, ਸਾਡੇ ਪਰਵਾਰ ਦੀਆਂ ਤਸਵੀਰਾਂ, ਸਾਡੀਆਂ ਨਿੱਜੀ ਗੱਲਬਾਤਾਂ, ਇੱਥੋਂ ਤੱਕ ਕਿ ਸਾਡੇ ਸਿਹਤ ਰਿਕਾਰਡ ਵੀ, ਸਭ ਇੰਟਰਨੈੱਟ ਨਾਮਕ ਇੱਕ ਵਿਸ਼ਾਲ ਜਾਲ ਵਿੱਚ ਤੈਰ ਰਹੇ ਹਨ । ਅਸੀਂ ਇੱਕ ਅਜਿਹੇ ਦੌਰ ਵਿੱਚ ਰਹਿ ਰਹੇ ਹਾਂ, ਜਿੱਥੇ ਡਾਟਾ ਹੀ ਨਵਾਂ ਸੋਨਾ ਹੈ ।ਜਿੱਥੇ ਇਸ ਡਿਜੀਟਲ ਕ੍ਰਾਂਤੀ ਨੇ ਜ਼ਿੰਦਗੀ ਨੂੰ ਸੌਖਾ ਬਣਾਇਆ ਹੈ, ਉੱਥੇ ਹੀ ਇਸ ਨੇ ਸਾਇਬਰ ਖ਼ਤਰੇ ਦੀ ਇੱਕ ਗੰਭੀਰ ਚੁਣੌਤੀ ਵੀ ਪੈਦਾ ਕਰ ਦਿੱਤੀ ਹੈ । ਅੱਜ ਸਾਡੇ ਡਾਟਾ 'ਤੇ ਨਜ਼ਰ ਰੱਖਣ ਵਾਲੇ ਚੋਰ ਹੁਣ ਸਿਰਫ਼ ਰਾਹਾਂ 'ਤੇ ਨਹੀਂ ਘੁੰਮਦੇ, ਸਗੋਂ ਉਹ ਵਰਚੁਅਲ ਗਲੀਆਂ ਵਿੱਚ ਘੁੰਮਦੇ ਹਨ—ਇਹ ਹਨ ਹੈਕਰ ਜਾਂ ਸਾਇਬਰ ਅਪਰਾਧੀ। ਡਿਜੀਟਲ ਦੁਨੀਆ ਵਿੱਚ ਲਾਪਰਵਾਹੀ ਸਭ ਤੋਂ ਵੱਡਾ ਖ਼ਤਰਾ ਹੈ ਅਤੇ ਜਾਗਰੂਕਤਾ ਸਭ ਤੋਂ ਵੱਡਾ ਬਚਾਅ ।ਆਪਣੇ ਡਾਟਾ ਦੀ ਰੱਖਿਆ ਕਰਨ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਸਾਇਬਰ ਅਪਰਾਧੀ ਕਿਸ ਤਰ੍ਹਾਂ ਦੇ ਹਥਿਆਰ ਵਰਤਦੇ ਹਨ। ਇਹ ਮੁੱਖ ਤੌਰ 'ਤੇ ਹੇਠ ਲਿਖੀਆਂ ਕਿਸਮਾਂ ਦੇ ਹਨ:

ਫਿਸ਼ਿੰਗ (Phishing): ਇਹ ਸਾਇਬਰ ਹਮਲਿਆਂ ਦਾ ਸਭ ਤੋਂ ਆਮ ਰੂਪ ਹੈ । ਹੈਕਰ ਬੈਂਕਾਂ, ਕੰਪਨੀਆਂ ਜਾਂ ਸਰਕਾਰੀ ਅਦਾਰਿਆਂ ਵਰਗੇ ਭਰੋਸੇਯੋਗ ਸਰੋਤਾਂ ਦਾ ਰੂਪ ਧਾਰ ਕੇ ਤੁਹਾਨੂੰ ਈਮੇਲ ਜਾਂ ਟੈਕਸਟ ਭੇਜਦੇ ਹਨ । ਇਸ ਵਿੱਚ ਇੱਕ ਲਿੰਕ ਹੁੰਦਾ ਹੈ, ਜੋ ਤੁਹਾਨੂੰ ਇੱਕ ਨਕਲੀ ਵੈੱਬਸਾਈਟ 'ਤੇ ਲੈ ਜਾਂਦਾ ਹੈ, ਜਿੱਥੇ ਤੁਹਾਡੇ ਤੋਂ ਤੁਹਾਡਾ ਯੂਜ਼ਰਨੇਮ ਅਤੇ ਪਾਸਵਰਡ ਮੰਗਿਆ ਜਾਂਦਾ ਹੈ। ਜਿਵੇਂ ਹੀ ਤੁਸੀਂ ਜਾਣਕਾਰੀ ਦਰਜ ਕਰਦੇ ਹੋ, ਉਹ ਹੈਕਰਾਂ ਦੇ ਹੱਥ ਲੱਗ ਜਾਂਦੀ ਹੈ । ਕਿਸੇ ਵੀ ਈਮੇਲ ਵਿੱਚ ਲਿੰਕ 'ਤੇ ਕਲਿੱਕ ਕਰਨ ਤੋਂ ਪਹਿਲਾਂ ਸੈਂਡਰ ਦੇ ਐਡਰੈੱਸ ਦੀ ਜਾਂਚ ਕਰੋ। ਜੇਕਰ ਕੋਈ ਈਮੇਲ ਅਚਾਨਕ ਤੁਹਾਡੀ ਨਿੱਜੀ ਜਾਣਕਾਰੀ ਮੰਗਦੀ ਹੈ, ਤਾਂ ਸਿੱਧੇ ਉਸ ਸੰਸਥਾ ਦੀ ਅਸਲ ਵੈੱਬਸਾਈਟ 'ਤੇ ਜਾ ਕੇ ਜਾਂਚ ਕਰੋ।

ਮਾਲਵੇਅਰ (Malicious Software) ਇੱਕ ਅਜਿਹਾ ਸਾਫਟਵੇਅਰ ਹੈ, ਜੋ ਤੁਹਾਡੇ ਸਿਸਟਮ ਨੂੰ ਨੁਕਸਾਨ ਪਹੁੰਚਾਉਣ ਲਈ ਤਿਆਰ ਕੀਤਾ ਗਿਆ ਹੈ। ਰੈਨਸਮਵੇਅਰ ਇਸ ਦਾ ਇੱਕ ਖ਼ਤਰਨਾਕ ਰੂਪ ਹੈ, ਜੋ ਤੁਹਾਡੇ ਡਾਟਾ ਨੂੰ ਏਨਕ੍ਰਿਪਟ (ਕੋਡਬੱਧ) ਕਰ ਦਿੰਦਾ ਹੈ ਅਤੇ ਇਸ ਨੂੰ ਡੀਕ੍ਰਿਪਟ ਕਰਨ ਬਦਲੇ ਫਿਰੌਤੀ (Ransom) ਦੀ ਮੰਗ ਕਰਦਾ ਹੈ। ਆਪਣੀ ਡਿਵਾਈਸ 'ਤੇ ਭਰੋਸੇਯੋਗ ਐਂਟੀਵਾਇਰਸ ਸਾਫਟਵੇਅਰ ਦੀ ਵਰਤੋਂ ਕਰੋ ਅਤੇ ਇਸ ਨੂੰ ਨਿਯਮਤ ਤੌਰ 'ਤੇ ਅੱਪਡੇਟ ਕਰਦੇ ਰਹੋ। ਕਦੇ ਵੀ ਅਣਜਾਣ ਸਰੋਤਾਂ ਤੋਂ ਫਾਈਲਾਂ ਡਾਊਨਲੋਡ ਨਾ ਕਰੋ ।

ਹੈਕਰ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਰਦੇ ਹਨ, ਜਿਵੇਂ ਕਿ 'ਬ੍ਰਟ ਫੋਰਸ' (ਲੱਖਾਂ ਸੰਭਾਵਿਤ ਪਾਸਵਰਡਾਂ ਦੀ ਕੋਸ਼ਿਸ਼ ਕਰਨਾ) ਜਾਂ 'ਡਿਕਸ਼ਨਰੀ ਅਟੈਕ' (ਆਮ ਸ਼ਬਦਾਂ ਦੀ ਵਰਤੋਂ ਕਰਨਾ) ਤੁਹਾਡੇ ਪਾਸਵਰਡ ਦਾ ਅੰਦਾਜ਼ਾ ਲਗਾਉਣ ਲਈ।

ਮਜ਼ਬੂਤ ਪਾਸਵਰਡ ਦੀ ਵਰਤੋਂ ਅਤੇ ਦੋ-ਪੱਖੀ ਪ੍ਰਮਾਣਿਕਤਾ (Two-Factor Authentication - 261) ਜ਼ਰੂਰੀ ਹੈ, ਜਿਸ ਬਾਰੇ ਅਸੀਂ ਅੱਗੇ ਵਿਸਥਾਰ ਵਿੱਚ ਗੱਲ ਕਰਾਂਗੇ।ਪਾਸਵਰਡ ਘੱਟੋ-ਘੱਟ 12 ਤੋਂ 15 ਅੱਖਰਾਂ ਦਾ ਹੋਣਾ ਚਾਹੀਦਾ ਹੈ। ਜਿੰਨਾ ਲੰਮਾ, ਓਨਾ ਹੀ ਸੁਰੱਖਿਅਤ। ਆਪਣੇ ਪਾਸਵਰਡ ਵਿੱਚ ਛੋਟੇ ਅੱਖਰ (a-z), ਵੱਡੇ ਅੱਖਰ (A-Z), ਨੰਬਰ (0-9) ਅਤੇ ਖਾਸ ਚਿੰਨ੍ਹ ਦਾ ਸੁਮੇਲ ਹੋਣਾ ਚਾਹੀਦਾ ਹੈ। ਆਪਣਾ ਨਾਂਅ, ਜਨਮ ਤਰੀਕ, ਫੋਨ ਨੰਬਰ, ਪਾਲਤੂ ਜਾਨਵਰ ਦਾ ਨਾਂਅ, ਜਾਂ '123456' ਵਰਗੇ ਆਮ ਸ਼ਬਦਾਂ ਦੀ ਵਰਤੋਂ ਕਦੇ ਨਾ ਕਰੋ। ਵਾਕੰਸ਼ਾਂ ਦੀ ਵਰਤੋਂ: ਪਾਸਵਰਡ ਵਜੋਂ ਸਿਰਫ਼ ਇੱਕ ਸ਼ਬਦ ਦੀ ਬਜਾਏ, ਇੱਕ ਛੋਟਾ ਵਾਕੰਸ਼ (Passphrase) ਚੁਣੋ।

ਏਨੇ ਸਾਰੇ ਮਜ਼ਬੂਤ ਪਾਸਵਰਡ ਯਾਦ ਰੱਖਣਾ ਔਖਾ ਹੋ ਸਕਦਾ ਹੈ। ਇਸ ਲਈ, LastPass, APassword, ਜਾਂ Bitwarden ਵਰਗੇ ਪਾਸਵਰਡ ਮੈਨੇਜਰ ਦੀ ਵਰਤੋਂ ਕਰੋ । ਇਹ ਸਾਰੇ ਪਾਸਵਰਡਾਂ ਨੂੰ ਏਨਕ੍ਰਿਪਟ ਕਰਕੇ ਸੁਰੱਖਿਅਤ ਰੱਖਦੇ ਹਨ ਅਤੇ ਤੁਹਾਨੂੰ ਸਿਰਫ਼ ਇੱਕ ਮਾਸਟਰ ਪਾਸਵਰਡ ਯਾਦ ਰੱਖਣ ਦੀ ਲੋੜ ਹੁੰਦੀ ਹੈ।

ਹਰ ਖਾਤੇ ਲਈ ਵੱਖਰਾ ਪਾਸਵਰਡ ਇਹ ਸਭ ਤੋਂ ਅਹਿਮ ਨਿਯਮ ਹੈ। ਜੇਕਰ ਤੁਸੀਂ ਸਾਰੇ ਖਾਤਿਆਂ ਲਈ ਇੱਕੋ ਪਾਸਵਰਡ ਵਰਤਦੇ ਹੋ ਅਤੇ ਹੈਕਰ ਇੱਕ ਨੂੰ ਤੋੜ ਲੈਂਦਾ ਹੈ, ਤਾਂ ਤੁਹਾਡੇ ਸਾਰੇ ਖਾਤੇ (ਈਮੇਲ, ਬੈਂਕ, ਸੋਸ਼ਲ ਮੀਡੀਆ) ਇੱਕੋ ਝਟਕੇ ਵਿੱਚ ਖ਼ਤਰੇ ਵਿੱਚ ਪੈ ਜਾਣਗੇ।

ਜੇਕਰ ਪਾਸਵਰਡ ਤੁਹਾਡੇ ਦਰਵਾਜ਼ੇ ਦਾ ਜਿੰਦਾ ਹੈ, ਤਾਂ ਦੋ-ਪੱਖੀ ਪ੍ਰਮਾਣਿਕਤਾ (261) ਇੱਕ ਵਾਧੂ ਸੁਰੱਖਿਆ ਗਾਰਡ ਹੈ, ਜੋ ਦਰਵਾਜ਼ੇ 'ਤੇ ਖੜ੍ਹਾ ਹੈ। ਇਹ ਅੱਜ ਦੇ ਸਮੇਂ ਦੀ ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਹੈ।

**261 ਕੀ ਹੈ?**

261 ਦਾ ਮਤਲਬ ਹੈ ਕਿ ਜਦੋਂ ਤੁਸੀਂ ਕਿਸੇ ਖਾਤੇ ਵਿੱਚ ਲੌਗਇਨ ਕਰਦੇ ਹੋ, ਤਾਂ ਸਿਰਫ਼ ਪਾਸਵਰਡ ਹੀ ਕਾਫ਼ੀ ਨਹੀਂ ਹੁੰਦਾ। ਤੁਹਾਨੂੰ ਦੋ ਵੱਖ-ਵੱਖ ਕਿਸਮਾਂ ਦੀਆਂ ਚੀਜ਼ਾਂ ਦੀ ਲੋੜ ਪੈਂਦੀ ਹੈ:

* ਜੋ ਤੁਸੀਂ ਜਾਣਦੇ ਹੋ (ਤੁਹਾਡਾ ਪਾਸਵਰਡ)
* ਜੋ ਤੁਹਾਡੇ ਕੋਲ ਹੈ (ਤੁਹਾਡੇ ਫ਼ੋਨ 'ਤੇ ਇੱਕ ਕੋਡ ਜਾਂ ਫਿੰਗਰਪ੍ਰਿੰਟ) ਜ਼ਿਆਦਾਤਰ ਸੇਵਾਵਾਂ (ਜਿਵੇਂ ਕਿ Google, Facebook, ਬੈਂਕ) ਹੁਣ 261 ਦੀ ਪੇਸ਼ਕਸ਼ ਕਰਦੀਆਂ ਹਨ। ਜਦੋਂ ਤੁਸੀਂ ਲੌਗਇਨ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਫ਼ੋਨ 'ਤੇ SMS ਰਾਹੀਂ ਜਾਂ Google Authenticator ਵਰਗੀਆਂ ਐਪਾਂ ਰਾਹੀਂ ਇੱਕ ਇੱਕ-ਵਾਰੀ ਕੋਡ ਪ੍ਰਾਪਤ ਹੁੰਦਾ ਹੈ। ਹੈਕਰ ਕੋਲ ਤੁਹਾਡਾ ਪਾਸਵਰਡ ਹੋਣ ਦੇ ਬਾਵਜੂਦ ਉਹ ਤੁਹਾਡੇ ਫ਼ੋਨ ਤੋਂ ਬਿਨਾਂ ਤੁਹਾਡੇ ਖਾਤੇ ਤੱਕ ਪਹੁੰਚ ਨਹੀਂ ਕਰ ਸਕਦਾ।

ਹੈਕਰ ਅਕਸਰ ਸਾਫਟਵੇਅਰ ਅਤੇ ਓਪਰੇਟਿੰਗ ਸਿਸਟਮਾਂ ਵਿੱਚ ਮੌਜੂਦ 'ਕਮਜ਼ੋਰੀਆਂ' (Vulnerabilities) ਦਾ ਫਾਇਦਾ ਉਠਾਉਂਦੇ ਹਨ। ਸਾਫਟਵੇਅਰ ਕੰਪਨੀਆਂ ਇਨ੍ਹਾਂ ਕਮਜ਼ੋਰੀਆਂ ਨੂੰ ਠੀਕ ਕਰਨ ਲਈ ਲਗਾਤਾਰ ਪੈਚ (Patches) ਜਾਰੀ ਕਰਦੀਆਂ ਹਨ, ਜਿਨ੍ਹਾਂ ਨੂੰ ਅਸੀਂ 'ਅੱਪਡੇਟ' ਕਹਿੰਦੇ ਹਾਂ। ਆਪਣੇ ਕੰਪਿਊਟਰ ਦਾ ਓਪਰੇਟਿੰਗ ਸਿਸਟਮ (Windows, macOS), ਆਪਣੇ ਫ਼ੋਨ ਦਾ OS (Android, iOS) ਅਤੇ ਸਾਰੇ ਐਪਸ ਨੂੰ ਹਮੇਸ਼ਾ ਨਵੀਨਤਮ ਸੰਸਕਰਣ (Latest Version) 'ਤੇ ਅੱਪਡੇਟ ਰੱਖੋ। ਜ਼ਿਆਦਾਤਰ ਲੋਕ ਅੱਪਡੇਟ ਨੂੰ ਪਰੇਸ਼ਾਨੀ ਸਮਝਦੇ ਹਨ, ਪਰ ਉਹ ਅਸਲ ਵਿੱਚ ਤੁਹਾਡੀ ਡਿਜੀਟਲ ਰੱਖਿਆ ਦੀ ਕੰਧ ਨੂੰ ਮਜ਼ਬੂਤ ਕਰਦੇ ਹਨ । ਜੇਕਰ ਤੁਸੀਂ ਕੋਈ ਐਪ ਜਾਂ ਸਾਫਟਵੇਅਰ ਨਹੀਂ ਵਰਤ ਰਹੇ ਹੋ, ਤਾਂ ਉਸ ਨੂੰ ਅਨਇੰਸਟਾਲ ਕਰ ਦਿਓ। ਹਰ ਐਪ ਇੱਕ ਸੰਭਾਵੀ ਸੁਰੱਖਿਆ ਖ਼ਤਰਾ ਲੈ ਕੇ ਆਉਂਦੀ ਹੈ। ਜਿੰਨੀਆਂ ਘੱਟ ਐਪਸ, ਓਨਾ ਹੀ ਘੱਟ ਖ਼ਤਰਾ। ਹਰ ਡਿਵਾਈਸ, ਖਾਸ ਕਰਕੇ ਵਿੰਡੋਜ਼ ਕੰਪਿਊਟਰਾਂ 'ਤੇ, ਭਰੋਸੇਯੋਗ ਐਂਟੀਵਾਇਰਸ (ਜਿਵੇਂ ਕਿ McAfee, Norton ਜਾਂ Windows Defender) ਲਾਜ਼ਮੀ ਤੌਰ 'ਤੇ ਸਥਾਪਤ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਹਮੇਸ਼ਾ ਆਟੋਮੈਟਿਕ ਅੱਪਡੇਟ 'ਤੇ ਰੱਖੋ।

ਸੋਸ਼ਲ ਮੀਡੀਆ ਸਾਡੇ ਲਈ ਇੱਕ ਅਜਿਹਾ ਪਲੇਟਫਾਰਮ ਹੈ, ਜਿੱਥੇ ਅਸੀਂ ਖੁਦ ਹੀ ਆਪਣੀ ਜਾਣਕਾਰੀ ਹੈਕਰਾਂ ਲਈ ਤਿਆਰ ਕਰ ਦਿੰਦੇ ਹਾਂ। ਹੈਕਰ ਤੁਹਾਡੀ ਨਿੱਜੀ ਜ਼ਿੰਦਗੀ ਨਾਲ ਜੁੜੀ ਜਾਣਕਾਰੀ ਦੀ ਵਰਤੋਂ ਤੁਹਾਡੇ ਪਾਸਵਰਡਾਂ ਦਾ ਅੰਦਾਜ਼ਾ ਲਗਾਉਣ ਜਾਂ ਫਿਸ਼ਿੰਗ ਹਮਲਿਆਂ ਲਈ ਕਰਦੇ ਹਨ। ਆਪਣੇ ਸਾਰੇ ਸੋਸ਼ਲ ਮੀਡੀਆ ਖਾਤਿਆਂ (Facebook, Instagram, LinkedIn) ਦੀਆਂ ਗੋਪਨੀਯਤਾ ਸੈਟਿੰਗਜ਼ ਦੀ ਨਿਯਮਤ ਤੌਰ 'ਤੇ ਜਾਂਚ ਕਰੋ। ਆਪਣੀਆਂ ਪੋਸਟਾਂ ਨੂੰ ਸਿਰਫ਼ 'ਦੋਸਤਾਂ' ਤੱਕ ਸੀਮਤ ਰੱਖੋ, ਨਾ ਕਿ 'ਪਬਲਿਕ' ਤੱਕ। ਅੱਜਕੱਲ੍ਹ ਲੋਕ ਆਪਣੀ ਹਰ ਗਤੀਵਿਧੀ ਸਾਂਝੀ ਕਰਦੇ ਹਨ—ਛੁੱਟੀਆਂ 'ਤੇ ਜਾਣ ਦੀਆਂ ਤਰੀਕਾਂ, ਬੱਚਿਆਂ ਦੇ ਸਕੂਲ ਦਾ ਨਾਂਅ, ਇੱਥੋਂ ਤੱਕ ਕਿ ਆਪਣੀ ਮਾਂ ਦਾ ਪਹਿਲਾ ਨਾਂਅ (ਜੋ ਅਕਸਰ ਸੁਰੱਖਿਆ ਸਵਾਲਾਂ ਦਾ ਜਵਾਬ ਹੁੰਦਾ ਹੈ)। ਇਹ ਜਾਣਕਾਰੀ ਹੈਕਰਾਂ ਲਈ ਬਹੁਤ ਕੀਮਤੀ ਹੈ।

ਸੋਸ਼ਲ ਮੀਡੀਆ 'ਤੇ ਲਾਈਵ ਲੋਕੇਸ਼ਨ ਸ਼ੇਅਰਿੰਗ ਨੂੰ ਬੰਦ ਰੱਖੋ, ਖਾਸ ਕਰਕੇ ਜਦੋਂ ਤੁਸੀਂ ਘਰੋਂ ਬਾਹਰ ਹੋ। ਇਹ ਚੋਰਾਂ ਨੂੰ ਸਿੱਧਾ ਸੰਕੇਤ ਦਿੰਦਾ ਹੈ ਕਿ ਤੁਹਾਡਾ ਘਰ ਖਾਲੀ ਹੈ।

ਤੁਹਾਡੇ ਘਰ ਦਾ ਵਾਈ-ਫਾਈ ਜਾਂ ਜਨਤਕ ਥਾਵਾਂ 'ਤੇ ਉਪਲੱਬਧ ਵਾਈ-ਫਾਈ ਨੈੱਟਵਰਕ ਵੀ ਸੁਰੱਖਿਆ ਦਾ ਇੱਕ ਵੱਡਾ ਖ਼ਤਰਾ ਹੋ ਸਕਦਾ ਹੈ। ਕੌਫੀ ਸ਼ਾਪ, ਏਅਰਪੋਰਟ ਜਾਂ ਮਾਲ ਵਿੱਚ ਜਨਤਕ ਵਾਈ-ਫਾਈ 'ਤੇ ਕਦੇ ਵੀ ਬੈਂਕਿੰਗ ਟ੍ਰਾਂਜੈਕਸ਼ਨਾਂ ਜਾਂ ਸੰਵੇਦਨਸ਼ੀਲ (Sensitive) ਲੌਗਇਨ ਨਾ ਕਰੋ। ਇਹ ਨੈੱਟਵਰਕ ਅਸੁਰੱਖਿਅਤ ਹੁੰਦੇ ਹਨ ਅਤੇ ਹੈਕਰ ਆਸਾਨੀ ਨਾਲ ਤੁਹਾਡਾ ਡਾਟਾ ਚੋਰੀ ਕਰ ਸਕਦੇ ਹਨ । ਜੇਕਰ ਜ਼ਰੂਰੀ ਹੋਵੇ ਤਾਂ ਹਮੇਸ਼ਾ VPN (ਵਰਚੁਅਲ ਪ੍ਰਾਈਵੇਟ ਨੈੱਟਵਰਕ) ਦੀ ਵਰਤੋਂ ਕਰੋ। ਸਾਇਬਰ ਸੁਰੱਖਿਆ ਵਿੱਚ ਭਾਵੇਂ ਤੁਸੀਂ ਕਿੰਨੇ ਵੀ ਸਾਵਧਾਨ ਹੋਵੋ, ਹਮਲੇ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਲਈ ਬੈਕਅੱਪ ਤੁਹਾਡਾ ਆਖਰੀ ਅਤੇ ਸਭ ਤੋਂ ਮਹੱਤਵਪੂਰਨ ਸੁਰੱਖਿਆ ਉਪਾਅ ਹੈ। ਸੁਰੱਖਿਅਤ ਬੈਕਅੱਪ ਲਈ 3-2-1 ਨਿਯਮ ਦੀ ਪਾਲਣਾ ਕਰੋ।ਆਪਣੇ ਡਾਟਾ ਦੀਆਂ ਘੱਟੋ-ਘੱਟ 3 ਕਾਪੀਆਂ ਰੱਖੋ।ਇਨ੍ਹਾਂ ਕਾਪੀਆਂ ਨੂੰ 2 ਵੱਖ-ਵੱਖ ਮੀਡੀਆ (ਜਿਵੇਂ ਕਿ ਕੰਪਿਊਟਰ ਅਤੇ ਐਕਸਟਰਨਲ ਹਾਰਡ ਡਰਾਈਵ) 'ਤੇ ਸਟੋਰ ਕਰੋ। ਇਨ੍ਹਾਂ ਵਿੱਚੋਂ 1 ਕਾਪੀ ਔਫ-ਸਾਈਟ (ਜਿਵੇਂ ਕਿ ਕਲਾਊਡ ਸਟੋਰੇਜ ਜਾਂ ਘਰ ਤੋਂ ਬਾਹਰ ਕਿਸੇ ਜਗ੍ਹਾ) 'ਤੇ ਰੱਖੋ। ਜੇਕਰ ਤੁਹਾਡਾ ਸਿਸਟਮ ਰੈਨਸਮਵੇਅਰ ਦਾ ਸ਼ਿਕਾਰ ਹੋ ਵੀ ਜਾਂਦਾ ਹੈ, ਤਾਂ ਤੁਸੀਂ ਫਿਰੌਤੀ ਦਿੱਤੇ ਬਿਨਾਂ ਆਪਣੇ ਡਾਟਾ ਨੂੰ ਬੈਕਅੱਪ ਤੋਂ ਆਸਾਨੀ ਨਾਲ ਰੀਸਟੋਰ ਕਰ ਸਕਦੇ ਹੋ।

ਸਾਇਬਰ ਸੁਰੱਖਿਆ ਅੱਜ ਦੇ ਡਿਜੀਟਲ ਨਾਗਰਿਕ ਲਈ ਕੋਈ ਵਿਕਲਪ ਨਹੀਂ, ਸਗੋਂ ਇੱਕ ਜ਼ਰੂਰਤ ਹੈ। ਸਾਨੂੰ ਇਹ ਗੱਲ ਸਮਝਣੀ ਪਵੇਗੀ ਕਿ ਸਾਇਬਰ ਅਪਰਾਧੀ ਹਮੇਸ਼ਾ ਸਾਡੀਆਂ ਕਮਜ਼ੋਰੀਆਂ ਦੀ ਭਾਲ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੀ ਸਫਲਤਾ ਦਾ ਵੱਡਾ ਹਿੱਸਾ ਸਾਡੀ ਅਣਜਾਣਤਾ ਜਾਂ ਲਾਪਰਵਾਹੀ 'ਤੇ ਨਿਰਭਰ ਕਰਦਾ ਹੈ।

ਹੈਕਿੰਗ ਤੋਂ ਬਚਾਅ ਲਈ ਉਪਰੋਕਤ ਸਧਾਰਣ ਪਰ ਪ੍ਰਭਾਵਸ਼ਾਲੀ ਤਰੀਕੇ, ਜਿਵੇਂ ਕਿ ਮਜ਼ਬੂਤ ਅਤੇ ਵੱਖਰੇ ਪਾਸਵਰਡ, 261 ਦੀ ਵਰਤੋਂ, ਨਿਯਮਤ ਅੱਪਡੇਟ ਅਤੇ ਸੋਸ਼ਲ ਮੀਡੀਆ ਦੀ ਸਿਆਣਪ ਨਾਲ ਵਰਤੋਂ, ਸਾਡੇ ਡਿਜੀਟਲ ਜੀਵਨ ਨੂੰ ਸੁਰੱਖਿਅਤ ਬਣਾ ਸਕਦੇ ਹਨ।

ਆਖਿਰਕਾਰ, ਸਾਡੀ ਡਾਟਾ ਸੁਰੱਖਿਆ ਦੀ ਜ਼ਿੰਮੇਵਾਰੀ ਸਾਡੇ ਆਪਣੇ ਹੱਥਾਂ ਵਿੱਚ ਹੈ। ਜਿਵੇਂ ਅਸੀਂ ਆਪਣੇ ਘਰਾਂ ਅਤੇ ਕੀਮਤੀ ਸਮਾਨ ਦੀ ਰਾਖੀ ਕਰਦੇ ਹਾਂ, ਉਸੇ ਤਰ੍ਹਾਂ ਸਾਨੂੰ ਆਪਣੇ ਡਿਜੀਟਲ ਡਾਟਾ ਦੀ ਰੱਖਿਆ ਲਈ ਵੀ ਹਮੇਸ਼ਾ ਸੁਚੇਤ ਅਤੇ ਤਿਆਰ ਰਹਿਣਾ ਚਾਹੀਦਾ ਹੈ। ਸਾਇਬਰ ਸੁਰੱਖਿਆ ਸਿਰਫ਼ ਇੱਕ ਉਤਪਾਦ ਨਹੀਂ, ਸਗੋਂ ਇੱਕ ਮਾਨਸਿਕਤਾ ਹੈ।

**# ਸੰਪਰਕ : 84378-13558**

13 Nov Page 5.qxd 11/12/2025 10:58 PM Page 1



## ਇਲੈਕਟ੍ਰੋਹੋਮਿਓ 'ਤੇ ਪੰਜ ਦਿਨਾ ਸੈਮੀਨਾਰ



**ਮੋਗਾ (ਇਕਬਾਲ ਸਿੰਘ ਖਹਿਰਾ)-** ਇਲੈਕਟ੍ਰੋਹੋਮਿਓਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਪੰਜਾਬ ਵਲੋਂ ਚੇਅਰਮੈਨ ਡਾਕਟਰ ਜਤਿੰਦਰ ਸਿੰਘ ਸੋਢੀ ਦੀ ਰਹਿਨੁਮਾਈ ਹੇਠ ਪੰਜਾਬ ਅਤੇ ਹਰਿਆਣਾ ਤੋਂ ਬਹੁਤ ਹੀ ਵੱਡੀ ਗਿਣਤੀ ਵਿਚ ਇਲੈਕਟ੍ਰੋਹੋਮਿਓਪੈਥਿਕ ਡਾਕਟਰ ਹਿਮਾਚਲ ਪ੍ਰਦੇਸ਼ ਚੰਬਾ ਵਿਖੇ ਹੋ ਰਹੇ ਪੰਜ ਦਿਨਾ ਸੈਮੀਨਾਰ ਵਿਚ ਭਾਗ ਲੈਣ ਪਹੁੰਚੇ। ਇਸ ਸੈਮੀਨਾਰ ਵਿਚ ਇਲੈਕਟ੍ਰੋਹੋਮਿਓਪੈਥਿਕ ਦਵਾਈਆਂ ਦੀ ਨਵੀਂ ਜਾਣਕਾਰੀ ਅਤੇ ਦਵਾਈਆਂ ਵਿੱਚ ਵਰਤੇ ਜਾਣ ਪੌਦੇ ਜੋ ਕਿ ਹਿਮਾਲਿਆ ਦੀਆਂ ਪਹਾੜੀਆਂ ਵਿੱਚ ਮਿਲਦੇ ਹਨ, ਜਾ ਕੇ ਬਹੁਤ ਹੀ ਕਰੀਬ ਤੋਂ ਦੇਖਣ ਦਾ ਮੌਕਾ ਮਿਲਿਆ ਅਤੇ ਇਲੈਕਟ੍ਰੋਹੋਮਿਓਪੈਥਿਕ ਦਵਾਈਆਂ ਕਿਸ ਤਰੀਕੇ ਬਣਦੀਆਂ ਹਨ ਉਸ ਲੈਬ ਵੀ ਨੂੰ ਵੀ ਦਿਖਾਇਆ। ਇਸ ਸੈਮੀਨਾਰ ਦਾ ਸੰਚਾਰ ਰੈਬੀਸਨ ਇੰਡੀਆ ਇਲੈਕਟ੍ਰੋਹੋਮਿਓਪੈਥਿਕ ਫਾਰਮਾ ਦੇ ਚੇਅਰਮੈਨ ਡਾਕਟਰ ਸੰਜੀਵ ਸ਼ਰਮਾ ਅਤੇ ਡਾਕਟਰ ਸੁਰਿੰਦਰ ਠਾਕੁਰ ਦੇ ਸਿਰ ਬੱਝਦਾ ਹੈ। ਇਸ ਸੈਮੀਨਾਰ ਵਿਚ ਪੂਰੇ ਭਾਰਤ ਦੇ ਲੱਗਭਗ 17 ਸਟੇਟਾਂ ਤੋਂ ਕਰੀਬ 350 ਦੇ ਇਲੈਕਟ੍ਰੋਹੋਮਿਓਪੈਥਿਕ ਡਾਕਟਰਾਂ ਭਾਗ ਲਿਆ। ਇਸ ਮੌਕੇ ਡਾਕਟਰ ਜਗਜੀਤ ਸਿੰਘ ਗਿੱਲ, ਡਾਕਟਰ ਕਮਲਜੀਤ ਕੌਰ ਸੇਖੋਂ, ਪ੍ਰਧਾਨ ਡਾਕਟਰ ਜਗਜੀਤ ਸਿੰਘ ਧੂਰਕੋਟ, ਜਨਰਲ ਸਕੱਤਰ ਪਰਮਿੰਦਰ ਪਾਠਕ ਰਾਏਕੋਟ, ਡਾਕਟਰ ਜਸਪਾਲ ਸਿੰਘ ਵਿਰਕ, ਡਾਕਟਰ ਰਵੀ ਕੁਮਾਰ, ਡਾਕਟਰ ਰਾਜੇਸ਼ ਕੁਮਾਰ ਸਿਰਸਾ, ਡਾਕਟਰ ਅੰਮ੍ਰਿਤਪਾਲ ਸਿੰਘ ਮੱਲਣ, ਡਾਕਟਰ ਮਨਦੀਪ ਮੱਖਣ, ਡਾਕਟਰ ਸ਼ੰਜੀਵ ਜੁਨੇਜਾ, ਡਾਕਟਰ ਪ੍ਰਦੀਪ ਕੁਮਾਰ ਦਿੱਲੀ, ਆਦਿ ਮੌਜੂਦ ਸਨ।

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਭਾਸ਼ਾ ਮੰਚ ਵੱਲੋਂ ਨਾਟਕ 'ਬੱਚੇ ਜੋ ਬਚੇ ਨਹੀਂ' ਦੀ ਸਫ਼ਲ ਪੇਸ਼ਕਾਰੀ

**ਦੋਰਾਹਾ (ਹਰਮਿੰਦਰ ਸੇਠ)** ਗੁਰੂ ਨਾਨਕ ਨੈਸ਼ਨਲ ਕਾਲਜ ਦੇ ਭਾਸ਼ਾ ਮੰਚ ਵੱਲੋਂ ਨਾਟਕ 'ਬੱਚੇ ਜੋ ਬਚੇ ਨਹੀਂ' ਦੀ ਸਫ਼ਲ ਪੇਸ਼ਕਾਰੀ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਲਾ ਭਵਨ ਵਿਖੇ ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਤੇ ਸਤੀਸ਼ ਕੁਮਾਰ ਵਰਮਾ ਖੋਜ ਪਰਚਾਰ ਵੱਲੋਂ ਪੰਜਾਬੀ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਦੂਜਾ ਤਿੰਨ ਰੋਜ਼ਾ ਬਾਲ ਰੰਗਮੰਚ ਉਤਸਵ ਕਰਵਾਇਆ ਗਿਆ।ਇਸ ਬਾਲ ਉਤਸਵ ਦੇ ਤੀਜੇ ਦਿਨ ਡਾ. ਕੁਲਦੀਪ ਸਿੰਘ ਦੀਪ ਦੁਆਰਾ ਲਿਖਤ ਤੇ ਡਾ. ਸੋਮਪਾਲ ਹੀਰਾ ਦੁਆਰਾ ਨਿਰਦੇਸ਼ਿਤ ਨਾਟਕ 'ਬੱਚੇ ਜੋ ਬਚੇ ਨਹੀਂ' ਦੀ ਭਾਸ਼ਾ ਮੰਚ, ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਵਿਦਿਆਰਥੀਆਂ ਦੁਆਰਾ ਸਫਲ ਪੇਸ਼ਕਾਰੀ ਕੀਤੀ ਗਈ। ਨਾਟਕ ਵਿੱਚ ਉਨ੍ਹਾਂ ਬੱਚਿਆਂ ਦੀ ਕਹਾਣੀ ਦਰਸਾਈ ਗਈ, ਜੋ ਵੱਡਿਆਂ ਵੱਲੋਂ ਕੀਤੀ ਗਈ ਰਾਜਨੀਤੀ ਤੇ ਆਪਸੀ ਦੁਸ਼ਮਣੀ ਕਰਕੇ ਜ਼ੁਲਮ ਦਾ ਸ਼ਿਕਾਰ ਬਣੇ।ਕਾਲਜ ਵਿਦਿਆਰਥਣ ਪ੍ਰਭਨੂਰ ਕੌਰ ਨੂੰ ਬੈਸਟ ਐਕਟਰਸ ਤੇ ਬੱਲੀ ਖਾਨ ਨੂੰ ਬੈਸਟ ਐਕਟਰ ਦਾ ਪੁਰਸਕਾਰ ਦਿੱਤਾ ਗਿਆ।ਇਸ ਪੇਸ਼ਕਾਰੀ ਲਈ ਪੰਜਾਬੀ ਸਾਹਿਤ ਤੇ ਰੰਗਮੰਚ ਦੀਆਂ ਉੱਘੀਆਂ ਸ਼ਖ਼ਸੀਅਤਾਂ ਡਾ. ਸੁਰਜੀਤ ਸਿੰਘ ਭੱਟੀ, ਡਾ. ਸਤੀਸ਼ ਕੁਮਾਰ ਵਰਮਾ, ਵਿਰਾਸਤ ਕਥਾਕਾਰ ਤੇ ਰਾਜੀਵ ਸ਼ਰਮਾ ਨੇ ਡਾ. ਸੋਮਪਾਲ ਹੀਰਾ ਦੀ ਬਹੁਤ ਸ਼ਲਾਘਾ ਕੀਤੀ।ਇਸ ਪ੍ਰਾਪਤੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ਼੍ਰੀਮਤੀ ਰੁਪਿੰਦਰ ਕੌਰ ਬਰਾੜ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਡਾ. ਸੋਮਪਾਲ ਹੀਰਾ ਤੇ ਕਲਾਕਾਰ ਵਿਦਿਆਰਥੀਆਂ ਦੀ ਉਚੇਚੇ ਤੌਰ 'ਤੇ ਹੌਸਲਾ ਅਫ਼ਜ਼ਾਈ ਕੀਤੀ। ਨਾਟਕ ਦੀ ਸਫ਼ਲਤਾਪੂਰਵਕ ਪੇਸ਼ਕਾਰੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ਼੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਭਾਸ਼ਾ ਮੰਚ ਅਤੇ ਡਾ. ਸੋਮਪਾਲ ਹੀਰਾ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।



## ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਤੇ ਬਾਬਾ ਹਰਨਾਮ ਸਿੰਘ ਦੀ ਬਰਸੀ ਮਨਾਈ

**ਜਗਰਾਉਂ (ਸੰਜੀਵ ਅਰੋੜਾ)** ਗੁਰਦੁਆਰਾ ਡੇਰਾ ਹਰਨਾਮਸਰ ਜ਼ੀਰਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਤੇ ਸੰਤ ਬਾਬਾ ਹਰਨਾਮ ਸਿੰਘ ਦੀ ਬਰਸੀ ਸ਼ਰਧਾ-ਭਾਵਨਾ ਨਾਲ ਮਨਾਈ ਗਈ। ਇਹ ਸਾਰੇ ਸਮਾਗਮ ਸੰਤ ਬਾਬਾ ਹਰੀ ਸਿੰਘ ਜ਼ੀਰੇ ਵਾਲਿਆਂ ਦੀ ਦੇਖ-ਰੇਖ ਹੇਠ ਕਰਾਏ ਗਏ। ਸਮਾਗਮ ਦੌਰਾਨ ਸ਼ਹਿਰ ਤੇ ਆਸ-ਪਾਸ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ 'ਚ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਗੁਰਦੁਆਰਾ ਸਾਹਿਬ ਨੂੰ ਰੰਗ-ਬਰੰਗੀਆਂ ਲੜੀਆਂ ਨਾਲ ਸੁੰਦਰ ਤਰੀਕੇ ਨਾਲ ਸਜਾਇਆ ਗਿਆ, ਜੋ ਮਨਮੋਹਕ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਸੰਗਤਾਂ ਨੇ ਸ਼ਰਧਾ ਨਾਲ ਗੁਰੂ ਘਰ ਮੱਥਾ ਟੇਕ ਕੇ ਅਸੀਸਾਂ ਪ੍ਰਾਪਤ ਕੀਤੀਆਂ। ਸਮਾਗਮ ਦੌਰਾਨ ਸੰਤ ਅਨਹਦ ਰਾਜ ਸਿੰਘ ਸਮਰਾਲਾ ਚੌਕ ਵਾਲੇ, ਭਾਈ ਜਸਪਾਲ ਸਿੰਘ ਤਰਨਤਾਰਨ ਵਾਲੇ, ਭਾਈ ਸੁਖਵਿੰਦਰ ਸਿੰਘ, ਭਾਈ ਅਪਾਰ ਸਿੰਘ ਜ਼ੀਰੇ ਵਾਲੇ, ਗੁਰਵਿੰਦਰ ਸਿੰਘ, ਭਾਈ ਹਰਪ੍ਰੀਤ ਸਿੰਘ, ਬਾਬਾ ਜਗਤਾਰ ਸਿੰਘ, ਭਾਈ ਸੰਦੀਪ ਸਿੰਘ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਪ੍ਰਿੰ: ਸੁਖਵੰਤ ਸਿੰਘ, ਪ੍ਰਿੰ. ਜਸਪਾਲ ਸਿੰਘ, ਬਾਬਾ ਸੁੱਚਾ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਗੁਰਮੁਖ ਸਿੰਘ ਜ਼ੀਰੇ ਵਾਲੇ ਤੇ ਭਾਈ ਹਰਪ੍ਰੀਤ ਸਿੰਘ ਆਦਿ ਨੇ ਕਥਾ ਕੀਰਤਨ ਕਰਦੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ। ਭਾਈ ਅਪਾਰ ਸਿੰਘ ਜ਼ੀਰੇ ਵਾਲਿਆਂ ਨੇ ਗੁਰਮਤਿ ਵਿਚਾਰਾਂ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਪਦੇਸ਼ਾਂ ਬਾਰੇ ਵਿਸਤਾਰ ਨਾਲ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਰੀ ਮਨੁੱਖਤਾ ਨੂੰ ਸੱਚ, ਨਾਮ ਅਤੇ ਸੇਵਾ ਦੇ ਰਾਹ ਤੁਰਨ ਦਾ ਪਾਠ ਪੜ੍ਹਾਇਆ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਦੇ ਬਚਨਾਂ ਨੂੰ ਆਪਣੇ ਜੀਵਨ 'ਚ ਅਮਲ ਲਿਆਉਣਾ ਚਾਹੀਦਾ ਹੈ। ਸਮਾਗਮ ਦੌਰਾਨ ਵੱਖ-ਵੱਖ ਬਿਮਾਰੀਆਂ ਦੇ ਕੈਂਪ ਵੀ ਲਾਏ ਗਏ, ਜਿਨ੍ਹਾਂ ਦਾ ਸੰਗਤਾਂ ਨੇ ਭਰਪੂਰ ਫ਼ਾਇਦਾ ਲਿਆ। ਇਸ ਮੌਕੇ ਸੰਤ ਬਾਬਾ ਹਰੀ ਸਿੰਘ ਜ਼ੀਰੇ ਵਾਲਿਆਂ ਨੇ ਸਮਾਗਮਾਂ ਦੌਰਾਨ ਵੱਖ-ਵੱਖ ਸੰਪ੍ਰਦਾਵਾਂ ਦੇ ਸੰਤਾਂ-ਮਹਾਂਪੁਰਸ਼ਾਂ, ਰਾਗੀ, ਢਾਡੀ ਸਿੰਘਾਂ ਦਾ ਧੰਨਵਾਦ ਕੀਤਾ, ਉਥੇ ਸੰਗਤਾਂ ਦਾ ਵੀ ਵਿਸ਼ੇਸ ਤੌਰ 'ਤੇ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ।



## ਕਿਸਾਨਾਂ ਨੂੰ ਝੋਨੇ ਦੀ ਫ਼ਸਲ 'ਚੋਂ 100 ਕਰੋੜ ਦਾ ਪਿਆ ਵੱਡਾ ਘਾਟਾ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਮਾਛੀਵਾੜਾ ਇਲਾਕੇ ਨਾਲ ਸਬੰਧਤ ਕਿਸਾਨਾਂ ਨੂੰ 100 ਕਰੋੜ ਰੁਪਏ ਦਾ ਵੱਡਾ ਘਾਟਾ ਪਿਆ ਹੈ, ਜਿਸ ਦਾ ਕਾਰਨ ਕਿਸਾਨਾਂ ਵਲੋਂ ਪੁੱਤਾਂ ਵਾਂਗ ਪਾਲੀ ਝੋਨੇ ਦੀ ਫ਼ਸਲ ਜੋ ਹੜ੍ਹਾਂ ਦੀ ਮਾਰ ਅਤੇ ਬਿਮਾਰੀਆਂ ਦੀ ਲਪੇਟ ਵਿਚ ਆਉਣ ਕਾਰਨ ਘੱਟ ਝਾੜ ਨਿਕਲਣ ਕਾਰਨ ਘਾਟੇ ਵਾਲਾ ਸੌਦਾ ਸਾਬਤ ਹੋਈ। ਮਾਛੀਵਾੜਾ ਮਾਰਕੀਟ ਕਮੇਟੀ ਤੋਂ ਮਿਲੇ ਅੰਕੜਿਆਂ ਅਨੁਸਾਰ ਇਸ ਵਾਰ ਸਰਕਾਰੀ ਖਰੀਦ ਏਜੰਸੀਆਂ ਵਲੋਂ ਝੋਨੇ ਦੀ 10 ਲੱਖ 21 ਹਜ਼ਾਰ ਕੁਇੰਟਲ ਫਸਲ ਖਰੀਦ ਹੋਈ। ਪਿਛਲੇ ਸਾਲ ਮਾਛੀਵਾੜਾ ਮੰਡੀ ਵਿਚ 13 ਲੱਖ 70 ਹਜ਼ਾਰ ਕੁਇੰਟਲ ਝੋਨੇ ਦੀ ਖਰੀਦ ਹੋਈ ਸੀ। ਪਿਛਲੇ ਸਾਲ ਦੇ ਮੁਕਾਬਲੇ 3 ਲੱਖ 49 ਹਜ਼ਾਰ ਕੁਇੰਟਲ ਝੋਨੇ ਦਾ ਘੱਟ ਝਾੜ ਨਿਕਲਿਆ। ਇਲਾਕੇ ਵਿਚ ਬਾਸਮਤੀ ਦੀ ਬੰਪਰ ਪੈਦਾਵਾਰ ਹੁੰਦੀ ਹੈ ਤੇ ਪਿਛਲੇ ਸਾਲ ਮੰਡੀ ਵਿਚ 1 ਲੱਖ 67 ਹਜ਼ਾਰ ਕੁਇੰਟਲ ਬਾਸਮਤੀ ਦੀ ਖਰੀਦ ਹੋਈ ਸੀ, ਪਰ ਇਸ ਵਾਰ ਘੱਟ ਝਾੜ ਨਿਕਲਣ ਕਾਰਨ ਇਹ 1 ਲੱਖ 13 ਹਜ਼ਾਰ ਕੁਇੰਟਲ ਤੱਕ ਸੀਮਿਤ ਰਹਿ ਗਈ ਹੈ। ਕਿਸਾਨਾਂ ਵਲੋਂ ਸਰਕਾਰ ਦੀਆਂ ਹਦਾਇਤਾਂ 'ਤੇ ਯੂਨੀਵਰਸਿਟੀ ਤੋਂ ਪ੍ਰਮਾਣਿਤ ਝੋਨੇ ਦੇ ਬੀਜ ਖਰੀਦ ਕੇ ਉਸਦੀ ਪੈਦਾਵਾਰ ਕੀਤੀ ਪਰ ਹਾਲਾਤ ਇਹ ਨਿਕਲੇ ਕਿ ਇਸ ਵਾਰ ਝੋਨੇ ਦੀ ਫਸਲ ਨੂੰ ਬੌਣਾ ਵਾਈਰਸ ਤੇ ਹਲਦੀ ਰੋਗ ਦੀ ਅਜਿਹੀ ਮਾਰ ਪਈ ਕਿ ਪਿਛਲੇ ਸਾਲ ਜੋ ਝੋਨੇ ਦਾ ਝਾੜ 30 ਤੋਂ 32 ਕੁਇੰਟਲ ਪ੍ਰਤੀ ਏਕੜ ਨਿਕਲਦਾ ਸੀ, ਉਹ ਇਸ ਵਾਰ 15 ਤੋਂ 22 ਕੁਇੰਟਲ ਤੱਕ ਸੀਮਿਤ ਰਹਿ ਗਿਆ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਬੀਮਾਰੀਆਂ ਕਾਰਨ 25 ਤੋਂ 26 ਫੀਸਦੀ ਫਸਲ ਦਾ ਝਾੜ ਘੱਟ ਨਿਕਲਿਆ। ਇਸ ਤੋਂ ਇਲਾਵਾ ਸਤਲੁਜ ਦਰਿਆ ਅੰਦਰ ਹੜ੍ਹਾਂ ਦੀ ਮਾਰ ਕਾਰਨ ਕਰੀਬ 300 ਏਕੜ ਤੋਂ ਵੱਧ ਝੋਨੇ ਦੀ ਫਸਲ ਬਿਲਕੁਲ ਹੀ ਤਬਾਹ ਹੋ ਗਈ ਜਿਨ੍ਹਾਂ ਦੇ ਪੀੜ੍ਹਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜਾ ਮਿਲ ਗਿਆ। ਜਿਹੜੇ ਕਿਸਾਨਾਂ ਦੀ ਫਸਲ ਬੌਣਾ ਵਾਈਰਸ ਤੇ ਹਲਦੀ ਮਾਰ ਹੇਠਾਂ ਆ ਗਈ ਅਤੇ ਕਈ ਕਿਸਾਨਾਂ ਦੀ ਫਸਲ ਦਾ ਝਾੜ ਤਾਂ 8 ਤੋਂ 10 ਕੁਇੰਟਲ ਪ੍ਰਤੀ ਏਕੜ ਨਿਕਲਿਆ, ਉਨ੍ਹਾਂ ਨੂੰ ਨਾ ਕੇਂਦਰ ਅਤੇ ਨਾ ਹੀ ਪੰਜਾਬ ਸਰਕਾਰ ਨੇ ਕੋਈ ਮੁਆਵਜਾ ਦੇਣ ਦਾ ਐਲਾਨ ਕੀਤਾ। ਅੰਕੜਿਆਂ ਅਨੁਸਾਰ ਮਾਛੀਵਾੜਾ ਇਲਾਕੇ ਦੇ ਕਿਸਾਨਾਂ ਨੂੰ ਇਸ ਵਾਰ ਝੋਨੇ ਦੀ ਫਸਲ 'ਚੋਂ 100 ਕਰੋੜ ਦਾ ਘਾਟਾ ਪਿਆ, ਪਰ ਮੁਆਵਜਾ ਅਜੇ ਤੱਕ ਕੁਝ ਵੀ ਨਹੀਂ ਮਿਲਿਆ। ਉਧਰ ਦੂਜੇ ਪਾਸੇ ਝੋਨੇ ਦੇ ਘੱਟ ਝਾੜ ਦਾ ਅਸਰ ਸ਼ੈਲਰ ਮਾਲਕਾਂ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। 3 ਲੱਖ 49 ਹਜ਼ਾਰ ਕੁਇੰਟਲ ਫਸਲ ਦਾ ਘੱਟ ਝਾੜ ਨਿਕਲਣ ਕਾਰਨ ਸ਼ੈਲਰ ਮਾਲਕਾਂ ਨੂੰ ਪਿਛਲੇ ਸਾਲ ਦੇ ਮੁਕਾਬਲੇ 65 ਫੀਸਦੀ ਝੋਨਾ ਹੀ ਪਿੜਾਈ ਲਈ ਮਿਲਿਆ, ਜਦਕਿ 35 ਫੀਸਦੀ ਕੱਟ ਲੱਗ ਗਿਆ। ਸ਼ੈਲਰ ਐਸੋ. ਦੇ ਪ੍ਰਧਾਨ ਅਸ਼ੋਕ ਸੂਦ ਨੇ ਕਿਹਾ ਕਿ ਕਰੋੜਾਂ ਰੁਪਏ ਦੇ ਉਦਯੋਗ ਲਗਾ ਕੇ ਪਿਛਲੇ ਸਾਲ ਦੇ ਮੁਕਾਬਲੇ 65 ਫੀਸਦੀ ਕੰਮ ਮਿਲਿਆ ਜਿਸ ਕਾਰਨ ਉਨ੍ਹਾਂ ਨੂੰ ਵੀ ਆਰਥਿਕ ਮੰਦੀ 'ਚੋਂ ਲੰਘਣਾ ਪੈ ਰਿਹਾ ਹੈ।



## ਰਮਨ ਗਾਂਧੀ ਰੂਬੀ ਖੱਤਰੀ ਸਭਾ ਦੇ ਮੈਂਬਰ ਬਣੇ, ਭਰਵਾਂ ਸਵਾਗਤ

**ਮੋਗਾ (ਇਕਬਾਲ ਸਿੰਘ ਖਹਿਰਾ)-** ਖੱਤਰੀ ਭਵਨ ਵਿੱਚ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਦੀ ਅਗਵਾਈ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਵਿੱਚ ਫੋਰ ਜੀ ਰੈਸਟੋਰੈਂਟ ਦੇ ਮਾਲਕ ਰਮਨ ਗਾਂਧੀ ਰੂਬੀ ਨੇ ਖੱਤਰੀ ਸਭਾ ਦੀ ਮੈਂਬਰਸ਼ਿਪ ਪ੍ਰਾਪਤ ਕੀਤੀ। ਇਸ ਮੌਕੇ ਖੱਤਰੀ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਨੇ ਕਿਹਾ ਕਿ ਰਮਨ ਗਾਂਧੀ ਬਾਹਰ ਰਹਿ ਕੇ ਵੀ ਸਭਾ ਦੇ ਹਰ ਕਾਰਜ ਲਈ ਆਰਥਿਕ ਸਹਾਇਤਾ ਲੰਮੇ ਸਮੇਂ ਤੋਂ ਕਰਦੇ ਆ ਰਹੇ ਸਨ ਅਤੇ ਹੁਣ ਖੱਤਰੀ ਸਭਾ ਵਿੱਚ ਐਕਟਿਵ ਭੂਮਿਕਾ ਨਿਭਾਉਣ ਲਈ ਉਹ ਖੱਤਰੀ ਸਭਾ ਦੇ ਮੈਂਬਰ ਬਣੇ ਹਨ।ਧੀਰ ਅਤੇ ਜੈਦਕਾ ਨੇ ਕਿਹਾ ਕਿ ਖੱਤਰੀ ਸਭਾ ਦੇ ਸੀਨੀਅਰ ਆਗੂ ਵਿਕਾਸ ਕਪੂਰ, ਦੀਪਕ ਕੌੜਾ ਅਤੇ ਸੰਦੀਪ ਕੱਕੜ ਦੀ ਪ੍ਰੇਰਨਾ ਨੇ ਵੀ ਰਮਨ ਗਾਂਧੀ ਨੂੰ ਖੱਤਰੀ ਸਭਾ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ ਹੈ। ਇਸ ਸਮਾਗਮ ਵਿੱਚ ਵਿਜੇ ਧੀਰ ਐਡਵੋਕੇਟ ਤੋਂ ਇਲਾਵਾ ਡਾਕਟਰ ਐਮ ਐਲ ਜੈਦਕਾ, ਨਰੋਤਮ ਪੁਰੀ, ਡਾਕਟਰ ਜਸਵੀਰ ਸਿੰਘ ਸਹਿਗਲ, ਜਸਵੀਰ ਜਾਨੀ, ਸਰਬਜੀਤ ਮੈਂਗੀ, ਸੰਜੀਵ ਕੌੜਾ ਜੀ ਐਸ ਟੀ, ਰਕੇਸ਼ ਸਿਤਾਰਾ, ਬਲਜਿੰਦਰ ਸਿੰਘ ਸਹਿਗਲ, ਹਰਪ੍ਰੀਤ ਸਿੰਘ ਸਹਿਗਲ, ਆਦੇਸ਼ ਇੰਦਰ ਸਿੰਘ ਸਹਿਗਲ, ਮਹੇਸ਼ ਇੰਦਰ ਸਿੰਘ ਸਹਿਗਲ, ਰਕੇਸ਼ ਵਰਮਾ, ਰਕੇਸ਼ ਬੁੱਗੀ, ਮਨੋਜ ਜੈਸਵਾਲ, ਜਗਜੀਵ ਧੀਰ, ਵਰਿੰਦਰ ਸਿੰਘ ਵਧਾਵਨ, ਰਜੇਸ਼ ਕੌਛੜ, ਵਿਕਾਸ ਕਪੂਰ, ਸੰਦੀਪ ਕੱਕੜ, ਸੁਭਾਸ਼ ਉਪਲ, ਪ੍ਰੋਮਿਲਾ ਮਨਰਾਏ, ਸੁਸ਼ੀਲ ਸਿਆਲ, ਰਜੇਸ਼ ਖੰਨਾ, ਨਰੇਸ਼ ਧੀਰ, ਸੁਮਨ ਕਾਂਤ ਵਿਜ, ਵੀ ਪੀ ਸੇਠੀ, ਅਸ਼ੋਕ ਕਾਲੀਆ, ਦਿਨੇਸ਼ ਰਿਹਾਨ, ਪਵਨ ਕਪੂਰ, ਸੰਜੀਵ ਕੌੜਾ ਲੱਡੂ ਆਰੇ ਵਾਲਾ, ਸੁਧੀਰ ਕੋਹਲੀ, ਰਜਿੰਦਰ ਕੋਹਲੀ, ਵਿਪਿਨ ਲੂੰਬਾ, ਡਾਕਟਰ ਵਿਜੇ ਉਪਲ, ਸੱਤ ਪਾਲ ਭੋਲੇ ਵਾਲੀਆ, ਵਿਕਾਸ ਚੋਪੜਾ, ਰਜੇਸ਼ ਮਰਵਾਹਾ, ਆਦਰਸ਼ ਪੱਬੀ, ਪਰਦੀਪ ਧੀਰ, ਰਮਨ ਗਾਂਧੀ ਰੂਬੀ, ਅੰਜੂ ਵਿਨਾਇਕ, ਸੁਨੀਤਾ ਦੁਗਲ, ਮੁਕੇਸ਼ ਦੁੱਗਲ, ਸ਼ਿਵਾਂਗ ਸਾਹਨੀ, ਦੀਪਕ ਕੌੜਾ, ਹਰੀਸ਼ ਧੀਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਸੰਤ ਬਾਬਾ ਵਰਿਆਮ ਸਿੰਘ ਸਕੂਲ ਰਾਜਗੜ੍ਹ ਦੇ ਵਿਦਿਆਰਥੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ

**ਦੋਰਾਹਾ ( ਹਰਮਿੰਦਰ ਸੇਠ)-** ਦੋਰਾਹਾ ਦੇ ਨੇੜਲੇ ਪਿੰਡ ਰਾਜਗੜ੍ਹ ਦੇ ਸੰਤ ਵਰਿਆਮ ਸਿੰਘ ਯਾਦਗਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਬਲਾਕ ਪੱਧਰੀ ਮੈਥ ਮੁਕਾਬਲਿਆਂ ਵਿੱਚ ਸਕੂਲ ਦੀ ਹੋਣਹਾਰ ਅੱਠਵੀਂ ਕਲਾਸ ਦੀ ਵਿਦਿਆਰਥਣ ਕੁਦਰਤ ਦੀਪ ਕੌਰ ਵੱਲੋਂ ਪੜ੍ਹਾਈ ਦੇ ਬਲਾਕ ਪੱਧਰੀ ਮੁਕਾਬਲੇ ਵਿੱਚ ਤੀਜੀ ਪੁਜੀਸ਼ਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥਣ ਨੇ ਪਹਿਲਾਂ ਵੀ ਸੱਭਿਆਚਾਰਕ ਮੁਕਾਬਲੇ ਵਿੱਚ ਜ਼ਿਲਾ ਪੱਧਰ 'ਤੇ ਦੂਜੀ ਪੁਜ਼ੀਸ਼ਨ ਹਾਸਲ ਕੀਤੀ ਸੀ। ਇਸ ਮੌਕੇ ਸਮੁੱਚੇ ਸਟਾਫ ਅਤੇ ਕਲਾਸ ਇੰਚਾਰਜ ਮੈਡਮ ਹਰਦੀਪ ਕੌਰ ਵਲੋਂ ਖੁਸ਼ੀ ਜ਼ਾਹਰ ਕਰਦੇ ਹੋਏ ਅੱਗੇ ਵੀ ਵਿਦਿਆਰਥਣ ਨੂੰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਵੀਨ ਕਪਲਾ, ਮੈਡਮ ਰਮਨਦੀਪ ਕੌਰ, ਸਤਿੰਦਰ ਕੌਰ, ਇੰਗਲਿਸ਼ ਟੀਚਰ ਸੁਖਜੀਤ ਕੌਰ, ਅਮਨਦੀਪ ਕੌਰ, ਮੈਡਮ ਰਮਨਦੀਪ ਕੌਰ, ਮੈਡਮ ਨਿਧੀ ਸਿਆਲ, ਜਤਿੰਦਰ ਕੁਮਾਰ, ਵੀਰ ਵਰਿੰਦਰ ਸਿੰਘ, ਜਤਿੰਦਰ ਸਿੰਘ, ਮੈਡਮ ਅਰਵਿੰਦਰ ਕੌਰ, ਗੁਰਬਚਨ ਸਿੰਘ ਵੱਲੋਂ ਖੁਸ਼ੀ ਜ਼ਾਹਰ ਕੀਤੀ ਗਈ।



## 21 ਗ੍ਰਾਮ ਚਿੱਟਾ, 73 ਬੋਤਲਾਂ ਸ਼ਰਾਬ ਸਮੇਤ ਹੋਰ ਨਸ਼ੇ ਕਾਬੂ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਉਪ ਕਪਤਾਨ ਪੁਲਸ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਵਿਚ ਨਸ਼ੇ ਦਾ ਖਾਤਮਾ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਦੇ ਸਲੋਗਨ ਤਹਿਤ 01.03.2025 'ਤੇ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਮੁਹਿੰਮ ਦੌਰਾਨ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਮਾੜੇ ਅਨਸਰਾ ਨੂੰ ਕਾਬੂ ਕਰਨ ਲਈ ਪੁਲਸ ਦਾ ਸਹਿਯੋਗ ਦੇਣ ਲਈ ਹਰ ਇੱਕ ਪਿੰਡ ਅਤੇ ਸ਼ਹਿਰ ਦੇ ਵਾਰਡਾਂ ਵਿਚ ਲਗਾਤਾਰ ਸੈਮੀਨਾਰ/ਨਸ਼ਾ ਮੁਕਤੀ ਯਾਤਰਾ ਦਾ ਅਭਿਆਨ ਲਗਾਤਾਰ ਜਾਰੀ ਹੈ।ਮੁਹਿੰਮ ਦੌਰਾਨ ਨਸਾ ਤਸਕਰੀ ਕਰਨ ਵਾਲੇ ਛੋਟੇ ਵੱਡੇ ਸਮੱਗਲਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੇ ਹੋਏ ਸਬ ਡਵੀਜ਼ਨ ਧੂਰੀ ਦੇ ਥਾਣਾ ਸਦਰ ਧੂਰੀ, ਸਿਟੀ ਧੂਰੀ ਤੇ ਥਾਣਾ ਸੇਰਪੁਰ ਦੇ ਏਰੀਆ ਵਿਚ ਸਮੱਗਲਰਾਂ ਵਿਰੁੱਧ ਐਕਸਾਇਜ ਐਕਟ ਤਹਿਤ 03.11.2025 ਤੇ 09.11.2025 ਤੱਕ 07 ਮੁਕੱਦਮੇ ਦਰਜ ਕਰਕੇ 08 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 21 ਗ੍ਰਾਮ ਚਿੱਟਾ/ਹੈਰੋਇਨ, 110 ਨਸ਼ੀਲੀਆਂ ਗੋਲੀਆਂ, 73 ਬੋਤਲਾਂ ਸਰਾਬ ਠੇਕਾ ਦੇਸੀ ਬਰਾਮਦ ਕਰਾਈ ਗਈ ਹੈ।



## ਹੜ੍ਹ ਪੀੜਤਾਂ ਲਈ ਇਕੱਤਰ ਕੀਤੀ ਰਾਸ਼ੀ ਦਾ ਡਰਾਫਟ ਮੁੱਖ ਮੰਤਰੀ ਦਫ਼ਤਰ ਸੌਂਪਿਆ

**ਧੂਰੀ (ਸੁਖਦੇਵ ਧੂਰੀ)** ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ 1180 ਧੂਰੀ ਵੱਲੋਂ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ ਤੇ ਕਾਰਜਕਾਰੀ ਪ੍ਰਧਾਨ (ਜਨਰਲ) ਜਸਦੇਵ ਸਿੰਘ ਦੀ ਪ੍ਰੇਰਨਾ ਸਦਕਾ ਚਰਨਜੀਤ ਸਿੰਘ ਕੈਂਥ ਕਾਰਜਕਾਰੀ ਪ੍ਰਧਾਨ, ਡਾਕਟਰ ਅਮਰਜੀਤ ਸਿੰਘ ਸਕੱਤਰ, ਗੁਰਦਾਸ ਬਾਂਸਲ ਸਹਾਇਕ ਸਕੱਤਰ, ਇੰਦਰਜੀਤ ਸ਼ਰਮਾ ਮੁੱਖ ਸਲਾਹਕਾਰ , ਰਤਨ ਭੰਡਾਰੀ ਖਜ਼ਾਨਚੀ ਅਤੇ ਦਰਸ਼ਨ ਸਿੰਘ ਧਾਂਦਰਾ ਦੀ ਅਗਵਾਈ ਵਿੱਚ 53400 ਰੁਪਏ ਦਾ ਡਰਾਫਟ ਹੜ੍ਹ ਪੀੜਤਾਂ ਲਈ ਮੁੱਖ ਮੰਤਰੀ ਰਾਹਤ ਫੰਡ ਲਈ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜਾਂ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੂੰ ਸੌਂਪਿਆ। ਪ੍ਰਿੰਸੀਪਲ ਸੀਤਾ ਸਿੰਘ ਅਤੇ ਮਾਸਟਰ ਰਾਮ ਸਰੂਪ ਨੇ ਦੱਸਿਆ ਕਿ ਇਸ ਡ੍ਰਾਫਟ ਤੋਂ ਇਲਾਵਾ ਵੀ ਵੱਡੀ ਰਾਸ਼ੀ ਪੈਨਸ਼ਨਰਾਂ ਨੇ ਸਿੱਧੇ ਰੂਪ ਵਿੱਚ ਵੀ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜੀ ਹੈ।ਇਸ ਮੌਕੇ ਸੀਨੀਅਰ ਆਗੂ ਜਸਪਾਲ ਸਿੰਘ ਭੁੱਲਰ ਨੇ ਕਿਹਾ ਕਿ ਜਦੋਂ ਜਦੋਂ ਵੀ ਪੰਜਾਬ ਜਾਂ ਕਿਤੇ ਵੀ ਕੋਈ ਸੰਕਟ ਆਇਆ ਹੈ, ਤਦ ਪੰਜਾਬ ਦੇ ਬਹਾਦਰ ਲੋਕਾਂ ਨੇ ਤਨੋਂ ਮਨੋਂ ਧਨੋਂ ਦਿਲ ਖੋਲ੍ਹ ਕੇ ਸਹਾਇਤਾ ਕੀਤੀ ਹੈ।ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੇ ਚੇਅਰਮੈਨ ਦਲਬੀਰ ਸਿੰਘ ਢਿਲੋਂ ਨੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਸੰਕਟ ਸਮੇਂ ਆਪਣਿਆਂ ਵੱਲੋਂ ਆਪਣਿਆਂ ਦੀ ਕੀਤੀ ਸਹਾਇਤਾ ਇਨਸਾਨੀਅਤ ਨੂੰ ਜ਼ਿੰਦਾ ਰੱਖਦੀ ਹੈ ਤੇ ਬੇਬਸੀ ਵਿੱਚ ਵੱਡਾ ਸਹਾਰਾ ਬਣਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਪੈਨਸ਼ਨਰਾਂ ਨੇ ਇਸ ਸਹਾਇਤਾ ਰਾਸ਼ੀ ਰਾਹੀਂ ਅਹਿਸਾਸ ਕਰਵਾ ਦਿੱਤਾ ਹੈ ਕਿ ਪੈਨਸ਼ਨਰ ਸਮਾਜ ਦਾ ਇਕ ਚੇਤਨ ਹਿੱਸਾ ਹੈ, ਜੋ ਅਪਣੇ ਮੰਗਾਂ ਮਸਲਿਆਂ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਵੀ ਬਾਖੂਬੀ ਨਿਭਾਉਂਦਾ ਆ ਰਿਹਾ ਹੈ।ਉਨ੍ਹਾਂ ਪੈਨਸ਼ਨਰ ਜੱਥੇਬੰਦੀ ਨੂੰ ਹਰ ਬਿਹਤਰ ਸਹੂਲਤ ਮੁਹਈਆ ਕਰਵਾਉਣ ਦਾ ਭਰੋਸਾ ਵੀ ਦਿੱਤਾ।ਇਸ ਮੌਕੇ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।



## ਝਾੜ ਸਾਹਿਬ ਕਾਲਜ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਗੁਰੂ ਗੋਬਿਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਐੱਨ.ਐੱਸ.ਐੱਸ ਯੂਨਿਟ ਦੇ ਇੰਚਾਰਜ ਪ੍ਰੋ. ਜਸਵੀਰ ਕੌਰ, ਸੋਸ਼ਲ ਹੈਲਪ ਗਰੁੱਪ ਦੇ ਇੰਚਾਰਜ ਡਾ. ਸੁਨੀਤਾ ਕੌਸ਼ਲ ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਹੀਪਿੰਦਰ ਕੌਰ ਦੇ ਸਹਿਯੋਗ ਨਾਲ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਪਿੰਡ ਝਾੜ ਸਾਹਿਬ ਵਿਖੇ ਕੱਢੀ ਗਈ ਇਸ ਰੈਲੀ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਸੀ। ਰੈਲੀ ਵਿੱਚ ਵਿਦਿਆਰਥਣਾਂ ਵੱਲੋਂ ਤਖਤੀਆਂ ਉਤੇ ਨਸ਼ਿਆਂ ਵਿਰੁੱਧ ਲਿਖੇ ਗਏ ਸਲੋਗਨ ਤੇ ਪੋਸਟਰ ਹੱਥਾਂ ਵਿੱਚ ਫੜ ਕੇ ਸਲੋਗਨ ਉਚਾਰ ਦੇ ਹੋਏ ਲੋਕਾਂ ਨੂੰ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥਣਾਂ ਨੂੰ ਸਬੋਧਨ ਹੁੰਦਿਆਂ ਕਿਹਾ ਕਿ ਨਸ਼ਿਆਂ ਦੀ ਲਾਹਨਤ ਦੇ ਖਿਲਾਫ ਜਾਗਰੂਕਤਾ ਪੈਦਾ ਕਰਨ ਲਈ ਹਰ ਵਰਗ ਦੇ ਲੋਕਾਂ ਵੱਲੋਂ ਹੁੰਗਾਰਾ ਮਿਲਣਾ ਚਾਹੀਦਾ ਹੈ। ਰੈਲੀ ਦਾ ਮਕਸਦ ਨਸ਼ੇ ਤੋਂ ਮੁਕਤ ਜੀਵਨ ਦੀ ਮਹੱਤਤਾ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੁਕ ਕਰਨ ਦੇ ਨਾਲ-ਨਾਲ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਰੈਲੀ ਇੱਕ ਚੰਗੇ ਤੇ ਸਿਹਤਮੰਦ ਸਮਾਜ ਦੀ ਸਿਰਜਨਾ ਕਰਨ ਵਿੱਚ ਸਾਰਥਕ ਸਿੱਧ ਹੋਵੇਗੀ। ਕਾਲਜ ਵਿਖੇ ਸਮੇਂ-ਸਮੇਂ ਤੇ ਵਿਦਿਆਰਥਣਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਜਾਣੂ ਕਰਾਉਣ ਹਿੱਤ ਲੈਕਚਰ ਵੀ ਕਰਵਾਏ ਜਾਂਦੇ ਹਨ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੇ ਜਾਗਰੂਕਤਾ ਰੈਲੀ ਕੱਢਣ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਚੰਡੀਗੜ੍ਹ ਵਹੀਰਾਂ ਘੱਤਣ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ


**ਮਾਨਸਾ/ਝੁਨੀਰ (ਆਤਮਾ ਸਿੰਘ ਪਮਾਰ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਝੁਨੀਰ ਦੇ ਆਗੂ ਤੇਜਾ ਸਿੰਘ ਰਾਮਾਮਾਨੰਦੀ, ਗੁਰਮੇਲ ਸਿੰਘ ਮਾਖਾ, ਬਲਜਿੰਦਰ ਸਿੰਘ ਚਾਹਿਲ, ਹਰਬੰਸ ਸਿੰਘ ਟਾਡੀਆਂ, ਬਲਕਾਰ ਸਿੰਘ ਚਹਿਲ, ਬਲਜਿੰਦਰ ਸਿੰਘ ਮੋਫ਼ਰ, ਕੁਲਦੀਪ ਸਿੰਘ ਚਹਿਲ ਤੇ ਜਸਵੀਰ ਸਿੰਘ ਮੋਫਰ ਨੇ ਕਿਹਾ ਕਿ 26 ਨਵੰਬਰ ਨੂੰ ਚੰਡੀਗੜ੍ਹ ਜਾਣ ਲਈ ਤਿਆਰੀ ਮੀਟਿੰਗਾਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਨੂੰ ਦਿੱਲੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 750 ਦੇ ਕਰੀਬ ਸਾਥੀਆਂ ਦਾ ਚੌਥਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ ਤੇ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਦਾ 60 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਕਿਸਾਨਾਂ-ਮਜ਼ਦੂਰਾਂ ਦੇ ਘਰਾਂ ਦੇ ਹੋਏ ਨੁਕਸਾਨ ਦਾ ਵੀ 10 ਲੱਖ ਰੁਪਏ ਪ੍ਰਤੀ ਘਰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਖ਼ਤਮ ਕੀਤੀ 91 ਮੈਂਬਰੀ ਕਮੇਟੀ ਸੈਨੇਟ ਪਹਿਲਾਂ ਵਾਂਗ ਮੁੜ ਬਹਾਲ ਕੀਤੀ ਜਾਵੇ ਤੇ ਲੋਕਤੰਤਰੀ ਪ੍ਰਕ੍ਰਿਆ ਮੁੜ ਬਹਾਲ ਕਰਕੇ ਚੋਣਾਂ ਕਰਾਈਆਂ ਜਾਣ।ਪੰਜਾਬ ਦੀ ਧਰਤੀ ਤੇ ਪੰਜਾਬ ਦੇ ਲੋਕਾਂ ਦੁਆਰਾ ਬਣਾਈ ਯੂਨੀਵਰਸਿਟੀ ਦਾ ਨਿੱਜੀਕਰਨ ਕਰਨਾ ਬੰਦ ਕੀਤਾ ਜਾਵੇ।ਲੋਕਾਂ ਨੂੰ ਸਿਹਤ, ਸਿੱਖਿਆ ਅਤੇ ਸ਼ੁੱਧ ਪਾਣੀ ਦੀ ਸਹੂਲਤ ਮੁਫ਼ਤ ਤੇ ਵਧੀਆ ਸਰਕਾਰ ਵੱਲੋਂ ਦਿੱਤੀ ਜਾਵੇ।ਨਾ ਕਿ ਇੱਕ ਇੱਕ ਕਰਕੇ ਇਸ ਨੂੰ ਕਾਰਪੋਰੇਟਾਂ ਦੇ ਹੱਥਾਂ 'ਚ ਦਿੱਤਾ ਜਾਵੇ।ਇਸ ਤੋਂ ਇਲਾਵਾ ਕੇਂਦਰ ਦੀ ਮੋਦੀ ਸਰਕਾਰ ਹਰ ਗੱਲ ਤੇ ਲੋਕਾਂ ਨਾਲ ਮਜ਼ਾਕ ਕਰ ਰਹੀ ਹੈ, ਜਦੋਂ ਸਾਰਾ ਝੋਨਾ ਵਿਕ ਚੁੱਕਾ ਹੈ ਤਾਂ ਅੱਜ ਬਿਆਨ ਦੇ ਰਹੇ ਹਨ ਕਿ ਝੋਨੇ ਦੀ ਖਰੀਦ ਤੇ ਕੁਝ ਛੋਟਾਂ ਦਿੱਤੀਆਂ ਜਾਣਗੀਆਂ। ਬਿਜਲੀ ਬਿੱਲ 2020 ਰੱਦ ਕਰਨ ਦੀ ਬਜਾਏ ਉਸ ਤੋਂ ਵੀ ਘਾਤਕ ਬਿਜਲੀ ਸੋਧ ਬਿੱਲ 2025 ਲਿਆਉਣ ਦੀਆਂ ਤਿਆਰੀਆਂ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਲੋਕ ਵਿਰੋਧੀ ਨੀਤੀਆਂ ਨੂੰ ਲੈ ਕੇ ਹੀ ਕਾਫ਼ਲੇ 26 ਨਵੰਬਰ ਨੂੰ ਚੰਡੀਗੜ੍ਹ ਵੱਲ ਵੱਡੇ ਪੱਧਰ 'ਤੇ ਵਹੀਰਾਂ ਘੱਤਣਗੇ।

## ਝੁੱਗੀ-ਝੌਂਪੜੀ ਵਾਲੇ ਪਰਵਾਰ ਨੂੰ ਸਹਾਇਤਾ ਰਾਸ਼ੀ ਦਿੱਤੀ



**ਬੱਧਨੀ ਕਲਾ (ਲਵਲੀ ਕੁਮਾਰ)** ਸਰਬੱਤ ਦਾ ਭਲਾ ਸਮਾਜ ਸੇਵੀ ਸੰਸਥਾ ਹਠੂਰ ਵੱਲੋਂ ਪੁਲਸ ਥਾਣਾ ਹਠੂਰ ਦੇ ਨਜ਼ਦੀਕ ਰਹਿੰਦੇ ਝੁੱਗੀ-ਝੌਂਪੜੀ ਵਾਲੇ ਇੱਕ ਪਰਵਾਰ ਨੂੰ 5500 ਰੁਪਏ ਭੇਟ ਕੀਤੇ। ਸੰਸਥਾ ਦੇ ਸੇਵਾਦਾਰ ਸਰਬਜੀਤ ਸਿੰਘ ਹਠੂਰ ਨੇ ਦੱਸਿਆ ਕਿ ਝੁੱਗੀ-ਝੌਂਪੀ ਵਾਲੇ ਪਰਵਾਰ ਦੇ ਪੁੱਤਰ ਦੀ ਅਚਾਨਕ ਮੌਤ ਹੋ ਗਈ ਸੀ, ਜਿਸ ਦੀਆਂ ਅੰਤਮ ਰਸਮਾਂ ਕਰਨ ਲਈ ਉਨ੍ਹਾਂ ਕੋਲ ਕੋਈ ਪੈਸਾ ਨਹੀਂ ਸੀ, ਜਿਸ ਦਾ ਜਦੋਂ ਸੰਸਥਾ ਦੇ ਮੈਂਬਰਾਂ ਨੂੰ ਪਤਾ ਲੱਗਾ ਤਾਂ ਉਨ੍ਹਾ ਆਪਣਾ ਮੁੱਢਲਾ ਫ਼ਰਜ਼ ਸਮਝਦਿਆਂ ਨੌਜਵਾਨ ਦੀਆਂ ਅੰਤਮ ਰਸਮਾਂ ਕਰਨ ਲਈ 5500 ਰੁਪਏ ਭੇਟ ਕੀਤੇ ਅਤੇ ਆਉਣ ਵਾਲੇ ਸਮੇਂ 'ਚ ਹੋਰ ਸਹਾਇਤਾ ਕੀਤੀ ਜਾਵੇਗੀ।

## ਮੈਨੇਜਰ ਚਮਕੌਰ ਸਿੰਘ ਰਾਣੂ ਨਮਿਤ ਸ਼ਰਧਾਂਜਲੀ ਸਮਾਗਮ ਅੱਜ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-** ਸਹਿਕਾਰੀ ਬੈਂਕ ਦੇ ਸੇਵਾਮੁਕਤ ਸੀਨੀਅਰ ਬੈਂਕ ਮੈਨੇਜਰ ਚਮਕੌਰ ਸਿੰਘ ਰਾਣੂ ਸਦੀਵੀ ਵਿਛੋੜਾ ਦੇ ਗਏ ਹਨ। ਇਸ ਦੁਖਦਾਈ ਮੌਕੇ ਵੱਖ- ਵੱਖ ਰਾਜਸੀ, ਧਾਰਮਿਕ, ਸਮਾਜਿਕ ਆਗੂਆਂ, ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ, ਮੁਹਤਬਰਾਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਨੇ ਰਾਣੂ ਹਮੀਦੀ ਪਰਵਾਰ ਨਾਲ ਦੁਖ ਸਾਂਝਾ ਕੀਤਾ ਹੈ। ਉਨ੍ਹਾਂ ਦੇ ਸਪੁੱਤਰਾਂ ਮਨਪ੍ਰੀਤ ਸਿੰਘ ਰਾਣੂ ਕੈਨੇਡਾ, ਮਨਜੀਤ ਸਿੰਘ ਰਾਣੂ ਅਨੁਸਾਰ ਸੇਵਾਮੁਕਤ ਮੈਨੇਜਰ ਚਮਕੌਰ ਸਿੰਘ ਰਾਣੂ ਨਮਿਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 13 ਨਵੰਬਰ ਨੂੰ ਇਕ ਵਜੇ, ਹਮੀਦੀ- ਅਮਲਾ ਸਿੰਘ ਵਾਲਾ ਰੋਡ, ਨੇੜੇ ਪੈਰਾਡਾਈਜ਼ ਅਕੈਡਮੀ, ਪਿੰਡ ਹਮੀਦੀ (ਬਰਨਾਲਾ) ਵਿਖੇ ਹੋਵੇਗਾ ।

## ਪੁਲਸ ਸ਼ਹਿਰ ਦੀ ਸੁਰੱਖਿਆ ਨੂੰ ਯਕੀਨੀ ਜ਼ਰੂਰ ਬਣਾਵੇਗੀ : ਐੱਸ ਐੱਸ ਪੀ

**ਜਗਰਾਉਂ (ਸੰਜੀਵ ਅਰੋੜਾ)** ਦਿੱਲੀ ਵਿਖੇ ਹੋਏ ਬੰਬ ਧਮਾਕੇ ਨੂੰ ਲੈ ਕੇ ਪੂਰੇ ਭਾਰਤ ਅੰਦਰ ਰੈੱਡ ਅਲਰਟ ਕੀਤਾ ਗਿਆ ਹੈ ਤਾਂ ਜੁ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ, ਉਸੇ ਤਹਿਤ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾ. ਅੰਕੁਰ ਗੁਪਤਾ, ਡੀ. ਐਸ. ਪੀ. ਕੁਲਵੰਤ ਸਿੰਘ, ਐਸ. ਐਚ. ਓ. ਸਿਟੀ ਪ੍ਰਮਿੰਦਰ ਸਿੰਘ, ਐਸ. ਐਚ. ਓ. ਸਦਰ ਸੁਰਜੀਤ ਸਿੰਘ ਸਮੇਤ ਵੱਖ-ਵੱਖ ਚੌਕੀਆਂ ਦੇ ਇੰਚਾਰਜਾਂ ਨੇ ਰੇਲਵੇ ਸਟੇਸ਼ਨ ਸਮੇਤ ਵੱਖ-ਵੱਖ ਥਾਵਾਂ ਦੀ ਚੈਕਿੰਗ ਕੀਤੀ। ਇਸ ਮੌਕੇ ਐਸ.ਐਸ.ਪੀ. ਡਾ: ਅੰਕੁਰ ਗੁਪਤਾ ਨੇ ਕਿਹਾ ਕਿ ਸ਼ਹਿਰ ਦੀ ਸੁਰੱਖਿਆ ਨੂੰ ਪੂਰੀ ਤਰ੍ਹਾਂ ਯਕੀਨੀ ਬਣਾਉਣ ਲਈ ਪੁਲਸ ਵੱਲੋਂ ਪੂਰੀ ਮੁਸ਼ਤੈਦੀ ਵਰਤੀ ਜਾਵੇਗੀ ਅਤੇ ਦਿਨ-ਰਾਤ ਗਸ਼ਤ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਥਾਂ-ਥਾਂ ਨਾਕਾਬੰਦੀ ਕੀਤੀ ਜਾ ਰਹੀ ਹੈ, ਇਸ ਦੇ ਨਾਲ ਹੀ ਬੱਸ ਸਟੈਂਡ ਸਮੇਤ ਭੀੜ-ਭੀੜ ਵਾਲੀਆਂ ਥਾਵਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਗਰਾਉਂ ਸਮੇਤ ਮੁੱਲਾਂਪੁਰ, ਰਾਏਕੋਟ, ਸਿੱਧਵਾਂ ਬੇਟ ਤੇ ਸੁਧਾਰ ਆਦਿ ਥਾਵਾਂ ਦੀ ਵੀ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਪੁਲਿਸ ਪਾਰਟੀ ਵੱਲੋਂ ਲੁਧਿਆਣਾ ਦਿਹਾਤੀ ਅੰਦਰ ਵੱਖ-ਵੱਖ ਥਾਵਾਂ 'ਤੇ ਜ਼ਬਰਦਸਤ ਨਾਕਾਬੰਦੀ ਕੀਤੀ ਗਈ ਤੇ ਆਉਣ-ਜਾਣ ਵਾਲੀਆ ਗੱਡੀਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੁ ਕੋਈ ਮਾੜਾ ਅਨਸਰ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਨਾ ਦੇ ਸਕੇ। ਉਨ੍ਹਾਂ ਵੱਲੋਂ ਜ਼ਿਲ੍ਹੇ ਅੰਦਰ ਸਮੂਹ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਾ ਜਾਵੇ, ਉਹ ਚਾਹੇ ਜਿੰਨੀ ਮਰਜ਼ੀ ਉਚੀ ਪਹੁੰਚ ਰੱਖਦਾ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਸਬੰਧੀ ਪੁਲਸ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਕਿਹਾ ਕਿ ਪੁਲਸ ਹਰ ਵਕਤ ਜਨਤਾ ਦੀ ਸੇਵਾ ਵਿਚ ਹਾਜ਼ਰ ਹੈ ਤੇ ਜਨਤਾ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਦਾ ਖਿਆਲ ਰੱਖਣ। ਉਨ੍ਹਾਂ ਅੱਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕੋਈ ਸ਼ੱਕੀ ਵਿਅਕਤੀ ਦਾ ਪਤਾ ਲੱਗਦਾ ਹੈ ਤਾਂ ਪੁਲਸ ਨੂੰ ਤੁਰੰਤ ਸੂਚਨਾ ਦਿਓ।



## ਚੱਠੇਵਾਲਾ ਦੇ ਕਿਸਾਨ ਦੀ ਜ਼ਮੀਨ ਦੀ ਨਿਲਾਮੀ ਕਰਨ ਆਇਆ ਪ੍ਰਸ਼ਾਸਨ ਬੇਰੰਗ ਮੋੜਿਆ

**ਤਲਵੰਡੀ ਸਾਬੋ (ਜਗਦੀਪ ਗਿੱਲ)** ਪਿੰਡ ਚੱਠੇਵਾਲਾ ਦੇ ਕਿਸਾਨ ਗੁਰਮੇਲ ਸਿੰਘ ਪੁੱਤਰ ਕਰਤਾਰ ਸਿੰਘ ਦੀ ਜ਼ਮੀਨ ਦੀ ਨਿਲਾਮੀ ਲਈ ਤਹਿਸੀਲਦਾਰ ਸਮੇਤ ਪ੍ਰਸ਼ਾਸਨ ਪੂਰੀ ਤਿਆਰੀ ਨਾਲ ਪਿੰਡ ਚੱਠੇਵਾਲਾ ਦੀ ਸਹਿਕਾਰੀ ਸੁਸਾਇਟੀ ਵਿਚ ਪਹੁੰਚਿਆ ਸੀ। ਨਿਲਾਮੀ ਰਾਮਾ ਮੰਡੀ ਦੇ ਆੜ੍ਹਤੀਏ ਵਿਨੋਦ ਕੁਮਾਰ ਪੁੱਤਰ ਖੇਮ ਸਿੰਘ ਵੱਲੋਂ ਲਿਆਂਦੀ ਗਈ ਸੀ, ਪਰ ਜਥੇਬੰਦੀ ਵੱਲੋਂ ਭਾਰੀ ਵਿਰੋਧ ਕਰਨ ਕਰਕੇ ਜ਼ਮੀਨ ਦੀ ਨਿਲਾਮੀ ਕਰਨ ਆਇਆ ਪ੍ਰਸ਼ਾਸਨ ਬੇਰੰਗ ਮੋੜਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਅਗਵਾਈ ਹੇਠ ਕਿਸਾਨਾਂ ਦਾ ਵੱਡੀ ਗਿਣਤੀ ਵਿਚ ਇਕੱਠ ਹੋਇਆ ਤੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਬਲਾਕ ਆਗੂ ਨੇ ਦੱਸਿਆ ਕਿ ਸਰਕਾਰ ਸਾਮਰਾਜੀ ਹਿੱਤਾਂ ਨੂੰ ਪੂਰਨ ਲਈ ਜਲ, ਜੰਗਲ, ਜ਼ਮੀਨ ਸਮੇਤ ਅਨਾਜ ਤੇ ਹੋਰ ਖਣਿਜ ਪਦਾਰਥਾਂ ਤੇ ਕਬਜ਼ਾ ਕਰਾਉਣ ਲਈ ਆਰਥਿਕ ਨੀਤੀਆਂ ਲਿਆ ਰਹੀ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਿਸੇ ਵੀ ਕਿਸਾਨ ਦੀ ਜ਼ਮੀਨ ਦੀ ਕੁਰਕੀ ਜਾਂ ਨਿਲਾਮੀ ਨਹੀਂ ਕਰਨ ਦਿੱਤੀ ਜਾਵੇਗੀ।ਪੰਜਾਬ ਤੇ ਕੇਂਦਰ ਸਰਕਾਰਾਂ ਸਾਮਰਾਜੀ ਹਿੱਤਾਂ ਲਈ ਲੋਕਾਂ ਦਾ ਸ਼ੋਸਣ ਕਰ ਰਹੀਆਂ ਹਨ।ਲੈਂਡ ਪੂਲਿੰਗ ਪਾਲਸੀ ਲਿਆਉਣਾ ਵੀ ਕਿਸਾਨਾਂ ਤੋਂ ਜ਼ਮੀਨ ਖੋਹਣ ਦਾ ਢੰਗ ਹੀ ਸੀ, ਜੋ ਲੋਕ ਤਾਕਤ ਤੇ ਸੰਘਰਸ਼ ਸਦਕਾ ਪਾਲਸੀ ਵਾਪਸ ਕਰਾਈ ਗਈ। ਇਸੇ ਤਰ੍ਹਾਂ ਥੋੜ੍ਹੇ ਕਰਜ਼ੇ ਬਦਲੇ ਜ਼ਮੀਨ ਦੀ ਕੁਰਕੀ ਤੇ ਨਿਲਾਮੀ ਲਿਆਉਣਾ ਵੀ ਜ਼ਮੀਨ ਖੋਹਣ ਦਾ ਢੰਗ ਹੀ ਹੈ, ਜੋ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਕਿਸੇ ਕਿਸਾਨ ਦੀ ਜ਼ਮੀਨ ਦੀ ਕੁਰਕੀ ਤੇ ਨਿਲਾਮੀ ਨਹੀਂ ਹੋਣ ਦਿੱਤੀ ਜਾਵੇਗੀ। ਬਲਾਕ ਆਗੂ ਕਾਲਾ ਚੱਠੇਵਾਲਾ ਨੇ ਕਿਹਾ ਕਿ ਕਿਸਾਨੀ ਸਿਰ ਚੜ੍ਹਿਆ ਕਰਜ਼ਾ ਸਰਕਾਰ ਦੀ ਹਰੀ ਕ੍ਰਾਂਤੀ ਤੇ ਹੋਰ ਗ਼ਲਤ ਨੀਤੀਆਂ ਕਾਰਨ ਹੀ ਹੈ, ਜਿਸ ਕਾਰਨ ਕਿਸਾਨ ਕਰਜ਼ੇ ਦੀ ਪੰਡ ਥੱਲੇ ਦੱਬਿਆ ਜਾ ਰਿਹਾ ਹੈ।ਇਸ ਲਈ ਸਰਕਾਰ ਨੂੰ ਕਿਸਾਨ ਦਾ ਕਰਜ਼ਾ ਸੰਪੂਰਨ ਤੌਰ 'ਤੇ ਮਾਫ਼ ਕਰਕੇ, ਫ਼ਸਲਾਂ ਦੀ ਐਮ ਐਸ ਪੀ ਤੇ ਹੋਰ ਮੰਗਾਂ ਨੂੰ ਮੰਨ ਕੇ ਨਵੀਂ ਲੋਕ ਪੱਖੀ ਖੇਤੀ ਨੀਤੀ ਲਿਆ ਕੇ ਕਿਸਾਨਾ ਦੀ ਜੂਨ ਸੁਧਾਰਨ ਵੱਲ ਕਦਮ ਚੁੱਕਣਾ ਚਾਹੀਦਾ ਹੈ।



## ਆਲ ਵਰਲਡ ਐਗਰੀਕਲਚਰਜ਼ ਨੁਮਾਇਸ਼ ਲਈ ਨਾਭਾ, ਭਾਦਸੋਂ ਤੋਂ ਇੰਡਸਟਰੀਲਿਸਟ ਜਰਮਨ ਰਵਾਨਾ



**ਨਾਭਾ (ਵਰਿੰਦਰ ਵਰਮਾ)** ਆਲ ਵਰਲਡ ਐਗਰੀਕਲਚਰ ਨੁਮਾਇਸ਼, ਜੋ ਜਰਮਨ ਵਿਖੇ ਲੱਗ ਰਹੀ ਹੈ, ਵਿੱਚ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਸ਼ਹਿਰ ਨਾਭਾ, ਭਾਦਸੋਂ ਤੋ ਕੰਬਾਈਨ ਉਦਯੋਗ ਤੇ ਹੋਰ ਐਗਰੀਕਲਚਰ ਨਾਲ ਸਬੰਧਤ ਔਜ਼ਾਰ ਬਣਾਉਣ ਵਾਲੀਆਂ ਕੰਪਨੀਆਂ ਦੇ ਮਾਲਕ ਆਲ ਇੰਡੀਆ ਕੰਬਾਈਨ ਐਸੋਸੀਏਸਨ ਦੇ ਪ੍ਰਧਾਨ ਤੇ ਐਮ.ਡੀ.ਜੀ.ਪੀ ਐਗਰੋ ਇੰਡਸਟਰੀਜ਼ ਤੇ ਚਰਨ ਸਿੰਘ ਗੁਪਤਾ ਐਮ ਡੀ ਦੁਨੀਆ 'ਚ ਨਾਮਣਾ ਖੱਟਣ ਵਾਲੀ ਮਲਕੀਤ ਐਗਰੋ ਟੈਂਕ ਪ੍ਰਾਈਵੇਟ ਲਿਮਿਟਡ ਦੀ ਅਗਵਾਈ ਇੱਕ ਵਫ਼ਦ ਇਸ ਨੁਮਾਇਸ਼ 'ਚ ਹਿੱਸਾ ਲੈਣ ਲਈ ਵਿਦੇਸ਼ ਜਰਮਨ ਲਈ ਰਵਾਨਾ ਹੋਣ ਸਮੇਂ ਦੱਸਿਆ। ਨੁਮਾਇਸ਼ 'ਚ ਸਾਰੀ ਦੁਨੀਆ 'ਚੋਂ ਐਗਰੀਕਲਚਲ ਨਾਲ ਸਬੰਧਤ ਮਸ਼ੀਨਰੀ ਬਣਾਉਣ ਵਾਲੇ ਉਦਯੋਗਪਤੀਆਂ ਨੂੰ ਸੱਦਾ ਪੱਤਰ ਦਿੱਤਾ ਗਿਆ ਹੈ ਤਾਂ ਜੁ ਹਰ ਖਿੱਤੇ ਵਿੱਚ ਐਗਰੀਕਲਚਰ ਖੇਤਰ ਆਉਣ ਵਾਲੀਆਂ ਸਮੱਸਿਆਵਾਂ 'ਤੇ ਉਨ੍ਹਾਂ ਦੇ ਹੱਲ ਕੀਤਾ ਜਾ ਸਕੇ ਤੇ ਅਜੋਕੇ ਦੌਰ ਕਿਵੇਂ ਅੱਗੇ ਵਧਿਆ ਜਾ ਸਕੇ। ਸਮੇਂ ਦੇ ਨਾਲ-ਨਾਲ ਹੋਰ ਕਿਹੜੀ ਨਵੀਂ ਤਕਨੀਕ ਦੇ ਸਾਧਨ ਬਣਾਏ ਜਾਣ, ਜਿਸ ਨਾਲ ਖੇਤੀਬਾੜੀ ਨੂੰ ਸਰਲ ਬਣਾਉਣ ਤਰੀਕੇ ਤੇ ਘੱਟ ਖਰਚ ਨਾਲ ਲਾਹੇਵੰਦ ਬਣਾਇਆ ਜਾ ਸਕੇ।ਇਸ ਨੁਮਾਇਸ਼ 'ਚ ਦੁਨੀਆਂ ਦੇ ਵੱਡੇ-ਵੱਡੇ ਮਾਹਿਰ ਇੰਜਨੀਅਰ ਤੇ ਉਦਯੋਗਿਕ ਖੇਤਰ, ਖੇਤੀਬਾੜੀ ਸੈਕਟਰ ਦੇ ਮਾਹਿਰ ਲੋਕ ਸ਼ਾਮਲ ਹੋਣਗੇ, ਜੋ ਨਵੀਂਆਂ ਤਕਨੀਕੀ ਬਾਰੇ ਜਾਣੂ ਕਰਾਉਣਗੇ।

## 12 ਸਰਕਾਰੀ ਸਕੂਲਾਂ ਤੇ ਕਾਲਜਾਂ ਨੂੰ ਦਿੱਤੇ 59 ਕੰਪਿਊਟਰ

**ਤਲਵੰਡੀ ਸਾਬੋ (ਜਗਦੀਪ ਗਿੱਲ)** ਗੁਣਵੱਤਾ ਵਾਲੀ ਸਿੱਖਿਆ ਤੇ ਡਿਜ਼ਿਟਲ ਸਮਾਵੇਸ਼ ਨੂੰ ਉਤਸ਼ਾਹਤ ਕਰਨ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਐਚਪੀਸੀਐਲ-ਮਿੱਤਲ ਐਨਰਜੀ ਲਿਮਿਟਡ (ਐਚਐਮਈਐਲ) ਨੇ ਆਪਣੀ ਸੀਐਸਆਰ (ਸਮਾਜਿਕ ਜ਼ਿੰਮੇਵਾਰੀ) ਪਹਿਲ ਦੇ ਤਹਿਤ 12 ਸਰਕਾਰੀ ਸਕੂਲਾਂ, ਮੈਰੀਟੋਰੀਅਸ ਸਕੂਲ ਬਠਿੰਡਾ ਤੇ ਸਰਕਾਰੀ ਪੋਲੀਟੈਕਨਿਕ ਕਾਲਜ ਨੂੰ ਕੁੱਲ 59 ਕੰਪਿਊਟਰ ਪ੍ਰਦਾਨ ਕੀਤੇ ਹਨ।ਇਸ ਪਹਿਲ ਦਾ ਮਕਸਦ ਪਿੰਡਾਂ ਤੇ ਸ਼ਹਿਰੀ ਖੇਤਰਾਂ ਦੇ ਵਿਦਿਆਰਥੀਆਂ ਨੂੰ ਤਕਨਾਲੋਜੀ-ਆਧਾਰਤ ਸਿੱਖਿਆ ਨਾਲ ਜੋੜਨਾ ਤੇ ਡਿਜ਼ੀਟਲ ਢਾਂਚੇ ਨੂੰ ਮਜ਼ਬੂਤ ਕਰਨਾ ਹੈ।ਐਚਐਮਈਐਲ ਦਾ ਇਹ ਯੋਗਦਾਨ ਨੌਜਵਾਨਾਂ ਨੂੰ ਗੁਣਵੱਤਾ ਵਾਲੇ ਸਿੱਖਿਆ ਸਰੋਤਾਂ ਤੇ ਆਧੁਨਿਕ ਸਾਧਨਾਂ ਤੱਕ ਪਹੁੰਚ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਉਣ ਵੱਲ ਇਕ ਮਹੱਤਵਪੂਰਣ ਕਦਮ ਹੈ। ਪਿੰਡ ਗਿਯਾਨਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਗੁਰਦਰਸ਼ਨ ਸਿੰਘ ਨੇ ਕਿਹਾ ਕਿ ਐਚਐਮਈਐਲ ਵੱਲੋਂ ਕੰਪਿਊਟਰ ਪ੍ਰਦਾਨ ਕੀਤੇ ਜਾਣ ਨਾਲ ਸਾਡੇ ਵਿਦਿਆਰਥੀਆਂ ਨੂੰ ਡਿਜ਼ਿਟਲ ਸਿੱਖਿਆ ਨਾਲ ਜੁੜਨ ਦਾ ਸੁਨਹਿਰਾ ਮੌਕਾ ਮਿਲਿਆ ਹੈ।ਹੁਣ ਬੱਚੇ ਕੰਪਿਊਟਰ ਦੀ ਬੁਨਿਆਦੀ ਜਾਣਕਾਰੀ, ਆਨਲਾਈਨ ਪੜ੍ਹਾਈ ਤੇ ਡਿਜ਼ਿਟਲ ਹੁਨਰ ਸਿੱਖਣ ਵਿੱਚ ਸਮਰੱਥ ਹੋਣਗੇ। ਸਰਕਾਰੀ ਹਾਈ ਸਕੂਲ ਪਿੰਡ ਜੱਜਲ ਦੇ ਮੁੱਖ ਅਧਿਆਪਕ ਨਵਨੀਤ ਕੁਮਾਰ ਨੇ ਕਿਹਾ ਕਿ ਪਿੰਡਾਂ ਵਿੱਚ ਤਕਨਾਲੋਜੀ ਤੱਕ ਪਹੁੰਚ ਸੀਮਤ ਰਹਿੰਦੀ ਹੈ।ਐਚਐਮਈਐਲ ਦੀ ਇਹ ਪਹਿਲ ਸਾਡੇ ਵਿਦਿਆਰਥੀਆਂ ਲਈ ਡਿਜ਼ੀਟਲ ਦੁਨੀਆ ਦਾ ਦਰਵਾਜ਼ਾ ਖੋਲ੍ਹਣ ਵਰਗੀ ਹੈ।ਇਸ ਨਾਲ ਆਨਲਾਈਨ ਲਰਨਿੰਗ ਅਤੇ ਸਮਾਰਟ ਸਿੱਖਿਆ ਨੂੰ ਵਾਧਾ ਮਿਲੇਗਾ। ਮੈਰੀਟੋਰੀਅਸ ਸਕੂਲ ਦੇ ਮੁੱਖ ਅਧਿਆਪਕ ਗੁਰਦੀਪ ਸਿੰਘ ਨੇ ਕਿਹਾ ਕਿ ਐਚਐਮਈਐਲ ਨੇ ਪਿਛਲੇ ਸਾਲ ਵੀ ਸਾਡੇ ਸਕੂਲ ਨੂੰ 20 ਸਮਾਰਟ ਪੈਨਲ ਪ੍ਰਦਾਨ ਕੀਤੇ ਸਨ, ਜਿਸ ਨਾਲ ਆਨਲਾਈਨ ਪੜ੍ਹਾਈ ਨੂੰ ਨਵੀਂ ਦਿਸ਼ਾ ਮਿਲੀ।ਇਸ ਸਾਲ ਕੰਪਿਊਟਰਾਂ ਦੀ ਉਪਲਬਧਤਾ ਨਾਲ ਸਾਡੇ ਵਿਦਿਆਰਥੀਆਂ ਨੂੰ ਡਿਜ਼ਿਟਲ ਹੁਨਰ, ਆਨਲਾਈਨ ਰਿਸਰਚ ਤੇ ਇੰਟਰਐਕਟਿਵ ਲਰਨਿੰਗ ਵਿੱਚ ਹੋਰ ਸਹੂਲਤ ਮਿਲੇਗੀ।



## ਪੀ ਜੀ ਆਈ 'ਚ ਨਰਸਿੰਗ ਦਾ ਸਹੁੰ ਚੁੱਕ ਸਮਾਰੋਹ ਆਯੋਜਿਤ

**ਸਮਰਾਲਾ (ਸੁਰਜੀਤ ਸਿੰਘ)** ਪੀਜੀਆਈ ਚੰਡੀਗੜ੍ਹ ਵੱਲੋਂ ਬੀ.ਐਸ.ਸੀ. ਨਰਸਿੰਗ ਪਹਿਲੇ ਸਾਲ ਦੇ 54ਵੇਂ ਬੈਚ ਦੇ ਵਿਦਿਆਰਥੀਆਂ ਲਈ ਦੀਵਾ ਜਗਾਓ ਤੇ ਸਹੁੰ ਚੁੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਹ ਸਮਾਰੋਹ ਹਰ ਸਾਲ ਵਿਦਿਆਰਥੀਆਂ ਦੇ ਕਲੀਨੀਕਲ ਖੇਤਰਾਂ ਵਿੱਚ ਪ੍ਰਵੇਸ਼ ਤੋਂ ਪਹਿਲਾਂ ਕੀਤਾ ਜਾਂਦਾ ਹੈ। ਸੰਸਥਾ ਦੇ ਮੈਡੀਕਲ ਸੁਪਰਿੰਟੈਂਡੈਂਟ ਪ੍ਰੋ. ਡਾ. ਵਿਪਿਨ ਕੌਸ਼ਲ, ਮੈਡੀਕਲ ਸੁਪਰਿੰਟੈਂਡੈਂਟ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਰਹੇ, ਜਦਕਿ ਜਸਪਾਲ ਕੌਰ ਮੁੱਖ ਨਰਸਿੰਗ ਅਫਸਰ ਅਤੇ ਡਾ. ਨਵਨੀਤ ਧਾਲੀਵਾਲ ਐਡੀਸ਼ਨਲ ਪ੍ਰੋਫੈਸਰ, ਵਿਭਾਗ ਹਸਪਤਾਲ ਪ੍ਰਸ਼ਾਸਨ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਡਿਪਟੀ ਨਰਸਿੰਗ ਸੁਪਰਿੰਟੈਂਡੈਂਟਸ, ਅਸਿਸਟੈਂਟ ਨਰਸਿੰਗ ਸੁਪਰਿੰਟੈਂਡੈਂਟਸ ਅਤੇ ਸੀ.ਐਨ.ਈ. ਸੈੱਲ ਦੇ ਪ੍ਰਤੀਨਿਧੀਆਂ ਨੇ ਵੀ ਸਮਾਰੋਹ ਦੀ ਸ਼ੋਭਾ ਵਧਾਈ। ਡਾ. ਸੁਖਪਾਲ ਕੌਰ, ਪ੍ਰਿੰਸੀਪਲ, ਐਨ.ਆਈ.ਐਨ.ਈ. ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ।ਉਨ੍ਹਾਂ ਨਰਸਿੰਗ ਪੇਸ਼ੇ ਵਿੱਚ ਦੀਵਾ ਪ੍ਰਜ੍ਵਲਨ ਸਮਾਰੋਹ ਦੀ ਮਹੱਤਤਾ ਅਤੇ ਨਰਸਿੰਗ ਪੇਸ਼ੇ ਦੀ ਅਗਵਾਈ ਕਰਨ ਵਾਲੀ ਮਿਸ ਫਲੋਰੈਂਸ ਨਾਈਟਿੰਗੇਲ ਦੇ ਯੋਗਦਾਨ ਬਾਰੇ ਵੀ ਵਿਚਾਰ ਸਾਂਝੇ ਕੀਤੇ। ਪ੍ਰੋ. ਕੌਸ਼ਲ ਨੇ ਮਰੀਜ਼ਾਂ ਦੀ ਸੰਭਾਲ ਵਿੱਚ ਨਰਸਾਂ ਦੀ ਮਹੱਤਵਪੂਰਨ ਭੂਮਿਕਾ ਉਤੇ ਰੌਸ਼ਨੀ ਪਾਈ ਤੇ ਵਿਦਿਆਰਥੀਆਂ ਨੂੰ ਇਮਾਨਦਾਰੀ, ਸਮੇਂ ਦੀ ਪਾਬੰਦੀ, ਨਿਸ਼ਠਾ ਅਤੇ ਦਇਆ ਭਾਵ ਨਾਲ ਮਰੀਜ਼ਾਂ ਦੀ ਸੇਵਾ ਕਰਨ ਲਈ ਪ੍ਰੇਰਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੂਰੇ ਮਨੋਯੋਗ ਅਤੇ ਉਤਸ਼ਾਹ ਨਾਲ ਕੰਮ ਕਰਨ ਲਈ ਉਤਸ਼ਾਹਤ ਕੀਤਾ। ਉਨ੍ਹਾਂ ਨੇ ਮਿਸ ਫਲੋਰੈਂਸ ਨਾਈਟਿੰਗੇਲ ਦੇ ਪੇਸ਼ੇ ਵਿੱਚ ਕੀਤੇ ਅਦਭੁੱਤ ਯੋਗਦਾਨ ਬਾਰੇ ਵੀ ਗੱਲ ਕੀਤੀ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚਲਣ ਲਈ ਪ੍ਰੇਰਤ ਕੀਤਾ।ਜਸਪਾਲ ਕੌਰ ਮਰੀਜ਼ਾਂ ਨਾਲ ਸੰਵੇਦਨਸ਼ੀਲਤਾ ਅਤੇ ਹਮਦਰਦੀ ਨਾਲ ਕਾਰਜ ਕਰਨ ਦੀ ਅਪੀਲ ਕੀਤੀ।ਡਾ. ਨਵਨੀਤ ਧਾਲੀਵਾਲ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਅਨੁਸ਼ਾਸਨ ਅਤੇ ਦਇਆ-ਪੂਰਨ ਨਰਸਿੰਗ ਸੇਵਾ ਦੇ ਮਹੱਤਵ 'ਤੇ ਜ਼ੋਰ ਦਿੱਤਾ।



# ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ

● 16 ਨੂੰ ਧੂਰੀ ਵਿਖੇ ਰੈਲੀ 'ਚ ਸ਼ਾਮਲ ਹੋਣ ਲਈ ਮੋਗਾ ਦੇ ਅੱਡੇ ਤੋਂ 8 ਵਜੇ ਚੱਲੇਗੀ ਬੱਸ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਨੇ ਯੂਨੀਅਨ ਵੱਲੋਂ ਕੀਤੇ ਗਏ ਸੰਘਰਸ਼ਾਂ ਦਾ ਵੇਰਵਾ ਦਿੰਦੇ ਹੋਏ ਸਾਥੀਆਂ ਨੂੰ ਲਗਾਤਾਰ ਸਰਗਰਮ ਰਹਿਣ ਦੀ ਅਪੀਲ ਕੀਤੀ। ਉਹਨਾਂ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਪ੍ਰਤੀ ਅਪਣਾਏ ਗਏ ਟਰਕਾਊ ਵਤੀਰੇ ਦੀ ਜ਼ੋਰਦਾਰ ਨਿਖੇਧੀ ਕੀਤੀ। ਇਸ ਮੌਕੇ ਜਨਰਲ ਸਕੱਤਰ ਸਤਪਾਲ ਸਹਿਗਲ ਨੇ ਆਰਥਿਕ ਲਾਭਾਂ ਬਾਰੇ ਸਾਥੀਆਂ ਨੂੰ ਦੱਸਿਆ ਅਤੇ ਕੋਰਟਾਂ ਦੇ ਵੱਖ ਵੱਖ ਚੱਲ ਰਹੇ ਕੇਸਾਂ ਬਾਰੇ ਜਾਣਕਾਰੀ ਦਿੱਤੀ। ਸਰਵ ਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਨੂੰ ਭੰਗ ਕਰਨ ਦੀ ਨਿਖੇਧੀ ਕੀਤੀ



ਅਤੇ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਮੰਗ ਕੀਤੀ ਗਈ ਜਲਦੀ ਤੋਂ ਜਲਦੀ ਸੈਨੇਟ ਚੋਣਾਂ ਦੀ ਮਿਤੀ ਐਲਾਨੀ ਜਾਵੇ। ਪੰਜਾਬ ਸਰਕਾਰ ਵੱਲੋਂ ਇਸ ਸਬੰਧ ਵਿੱਚ ਧਾਰੀ ਗਈ ਚੁੱਪ ਤੇ ਦੁੱਖ ਪ੍ਰਗਟ ਕੀਤਾ ਗਿਆ। ਇੱਕ ਹੋਰ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਬਿਜਲੀ ਬੋਰਡ ਅਤੇ ਹੋਰ ਸਰਕਾਰੀ ਜ਼ਮੀਨਾਂ ਵੇਚ ਕੇ ਕੰਮ ਚਲਾਉਣ ਦੀ ਨਿਖੇਧੀ ਕੀਤੀ ਗਈ ਅਤੇ ਚਿੰਤਾ ਜ਼ਾਹਰ ਕੀਤੀ ਗਈ ਕਿ ਜਦੋਂ ਸਾਰੀਆਂ ਜ਼ਮੀਨਾਂ ਵਿਕ ਜਾਣਗੀਆਂ ਤਾਂ ਆਮ ਲੋਕਾਂ ਅਤੇ ਮੁਲਾਜ਼ਮਾਂ ਦਾ ਕੀ ਬਣੇਗਾ। ਸਾਰਿਆਂ ਨੇ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਫਜ਼ੂਲ ਖਰਚੀਆਂ ਅਤੇ ਭ੍ਰਿਸ਼ਟਾਚਾਰ ਵਿੱਚ ਗਲਤਾਨ ਉੱਚ ਅਫਸਰਾਂ ਅਤੇ ਵਿਧਾਇਕਾਂ, ਰਾਜਨੀਤਿਕ ਲੋਕਾਂ ਨੂੰ ਨੱਥ ਪਾਉਣ ਵਿੱਚ ਨਾਕਾਮ ਰਹਿਣ ਲਈ ਵੀ ਸਰਕਾਰ ਦੀ ਅਲੋਚਨਾ ਕੀਤੀ। ਇਸ ਮੌਕੇ ਭੁਪਿੰਦਰ ਸਿੰਘ ਸੇਖੋਂ, ਪੋਹਲਾ ਸਿੰਘ ਬਰਾੜ, ਅਵਤਾਰ ਸਿੰਘ ਬਰਾੜ, ਨਿਰੰਜਣ ਸਿੰਘ ਮਾਛੀਕੇ, ਬਲਦੇਵ ਸਿੰਘ, ਨਛੱਤਰ ਸਿੰਘ ਰਿਟਾ ਜੀ.ਐਮ.,ਬਚਿੱਤਰ ਸਿੰਘ ਘੋਲੀਆ, ਬਲਬੀਰ ਸਿੰਘ ਰਾਮੂੰਵਾਲਾ, ਬੂਟਾ ਸਿੰਘ ਭੱਟੀ, ਅਜਮੇਰ ਸਿੰਘ ਅਖਾੜਾ, ਕਰਨੈਲ ਸਿੰਘ ਗਿੱਲ, ਸਿੰਦਰਪਾਲ ਸਿੰਘ ਰਿਟਾ ਮੁੱਖ ਅਧਿਆਪਕ ਆਦਿ ਨੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਫੈਸਲਾ ਕੀਤਾ ਗਿਆ ਕਿ 11 ਦਸੰਬਰ ਨੂੰ ਯੂਨੀਅਨ ਦੀ ਮੀਟਿੰਗ ਠੀਕ 11 ਵਜੇ ਇਸੇ ਸਥਾਨ 'ਤੇ ਹੋਵੇਗੀ ਜੋ ਕਿ ਪੈਨਸ਼ਨਰਜ਼-ਡੇ ਨੂੰ ਸਮਰਪਤ ਕੀਤੀ ਜਾਵੇਗੀ। ਜਿਸ ਵਿੱਚ ਅਗਲੇ ਦੋ ਸਾਲਾਂ ਲਈ ਬ੍ਰਾਂਚ ਦੀ ਚੋਣ ਕੀਤੀ ਜਾਵੇਗੀ। 70, 75, 80, 85 ਸਾਲ ਦੇ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰ ਸਿੰਘ ਮਹਿਣਾ, ਅਵਤਾਰ ਸਿੰਘ, ਅਮਰਜੀਤ ਸਿੰਘ ਰਾਮੂੰਵਾਲਾ, ਗੁਰਚਰਨ ਸਿੰਘ ਸੱਦਾ ਸਿੰਘ ਵਾਲਾ, ਸ਼ਿੰਦਰਪਾਲ ਵਰ੍ਹੇ ਆਦਿ ਵੀ ਹਾਜ਼ਰ ਸਨ।

# ਵਿਧਾਇਕ ਸੁਖਾਨੰਦ ਨੇ ਕਚਹਿਰੀ ਦਾ ਲਿਆ ਜਾਇਜ਼ਾ, ਲੋਕਾਂ ਨੂੰ ਈ ਜੀ ਰਜਿਸਟਰੀ ਪ੍ਰਣਾਲੀ ਅਪਣਾਉਣ ਦੀ ਅਪੀਲ

**ਬਾਘਾ ਪੁਰਾਣਾ, (ਮਨੀ ਸਿੰਗਲਾ)** ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਨੰਦ ਵੱਲੋਂ ਤਹਿਸੀਲ ਕਚਹਿਰੀ ਦਾ ਦੌਰਾ ਕਰਕੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਤੇ ਜਨਤਾ ਨੂੰ



ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ।ਉਨ੍ਹਾਂ ਰਜਿਸਟਰੀ ਸੰਬੰਧੀ ਪ੍ਰਣਾਲੀ 'ਤੇ ਵਿਸ਼ੇਸ਼ ਧਿਆਨ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੀ ਸੁਵਿਧਾ ਲਈ ਈਜੀ ਰਜਿਸਟਰੀ ਪ੍ਰਣਾਲੀ ਲਾਗੂ ਕੀਤੀ ਗਈ ਹੈ, ਜਿਸ ਨਾਲ ਪਾਰਦਰਸ਼ੀਤਾ ਅਤੇ ਸਮੇਂ ਦੀ ਬਚਤ ਦੋਵੇਂ ਹੁੰਦੀਆਂ ਹਨ।ਵਿਧਾਇਕ ਸੁਖਨੰਦ ਨੇ ਕਿਹਾ ਕਿ ਅਕਸਰ ਲੋਕ ਬਿਨਾਂ ਜਾਣਕਾਰੀ ਨਿੱਜੀ ਏਜੰਟਾਂ ਜਾਂ ਵਿਚੋਲਿਆ ਰਾਹੀਂ ਰਜਿਸਟਰੀ ਲਿਖਾਉਂਦੇ ਹਨ, ਜਿਸ ਨਾਲ ਉਹਨਾਂ ਨੂੰ ਵਾਧੂ ਖਰਚ ਤੇ ਠੱਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਜਨਤਾ ਨੂੰ ਸੂਚਿਤ ਕੀਤਾ ਕਿ ਸਰਕਾਰ ਵੱਲੋਂ ਤਹਿਸੀਲਾਂ ਵਿੱਚ ਰਜਿਸਟਰੀ ਲਿਖਣ ਲਈ ਸਰਕਾਰੀ ਮੁਲਾਜ਼ਮ ਤੈਨਾਤ ਕੀਤੇ ਗਏ ਹਨ, ਜੋ ਪੂਰੀ ਤਰ੍ਹਾਂ ਤਰਬੀਅਤਯਾਫਤਾ ਤੇ ਤਜਰਬੇਕਾਰ ਹਨ।ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਜਿਸਟਰੀ ਸਰਕਾਰੀ ਰੇਟਾਂ ਅਨੁਸਾਰ ਹੀ ਲਿਖਵਾਉਣ ਤੇ ਕਿਸੇ ਵੀ ਵਿਚੌਲੇ ਜਾਂ ਗੈਰ-ਅਧਿਕਾਰਤ ਵਿਅਕਤੀ ਦੀ ਸਹਾਇਤਾ ਨਾ ਲੈਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਜਿਸਟਰੀ ਪ੍ਰਕਿਰਿਆ ਵਿੱਚ ਡਿਜ਼ੀਟਲ ਪ੍ਰਣਾਲੀ ਦੀ ਸ਼ੁਰੂਆਤ ਨਾਲ ਹੁਣ ਸਾਰੀਆਂ ਰਜਿਸਟਰੀਆਂ ਆਨਲਾਈਨ ਪ੍ਰਕਿਰਿਆ ਰਾਹੀਂ ਕੀਤੀਆਂ ਜਾਂਦੀਆਂ ਹਨ।ਇਸ ਨਾਲ ਨਾ ਕੇਵਲ ਪਾਰਦਰਸ਼ਤਾ ਵਧੀ ਹੈ, ਸਗੋਂ ਰਿਸ਼ਵਤਖੋਰੀ ਤੇ ਗਲਤ ਰਵਾਇਤਾਂ 'ਤੇ ਵੀ ਰੋਕ ਲੱਗੀ ਹੈ।ਵਿਧਾਇਕ ਨੇ ਤਹਿਸੀਲ ਦਫ਼ਤਰ ਦੇ ਕ੍ਰਮਚਾਰੀਆਂ ਨੂੰ ਹਦਾਇਤ ਦਿੱਤੀ ਕਿ ਉਹ ਲੋਕਾਂ ਨਾਲ ਸੁਹਜ ਤੇ ਸਹਿਯੋਗਪੂਰਨ ਵਿਵਹਾਰ ਰੱਖਣ ਅਤੇ ਹਰ ਆਏ ਹੋਏ ਵਿਅਕਤੀ ਦੀ ਸਮੱਸਿਆ ਨੂੰ ਤੁਰੰਤ ਸੁਣ ਕੇ ਹੱਲ ਕਰਨ। ਤਹਿਸੀਲ ਦੇ ਈਜੀ ਰਜਿਸਟਰੀ ਕਾਊਂਟਰ, ਪਬਲਿਕ ਡੀਲਿੰਗ ਸੈਕਸ਼ਨ ਤੇ ਦਸਤਾਵੇਜ਼ ਰਿਕਾਰਡ ਵਿਭਾਗ ਦਾ ਵੀ ਜਾਇਜ਼ਾ ਲਿਆ ਤੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਲੋਕਾਂ ਨੂੰ ਘਰ-ਦੁਆਰ ਸਹੂਲਤਾਂ ਪ੍ਰਦਾਨ ਕਰਨ ਦੀ ਹੈ, ਇਸ ਲਈ ਹਰ ਨਾਗਰਿਕ ਦਾ ਫ਼ਰਜ਼ ਬਣਦਾ ਹੈ ਕਿ ਉਹ ਸਰਕਾਰੀ ਸਿਸਟਮ 'ਤੇ ਭਰੋਸਾ ਕਰੇ ਤੇ ਈਜੀ ਰਜਿਸਟਰੀ ਰਾਹੀਂ ਹੀ ਆਪਣਾ ਕੰਮ ਕਰਾਏ।

# ਡੀ ਸੀ ਨੇ ਖੁਡਾਲ ਕਲਾਂ ਤੇ ਦਾਤੇਵਾਸ 'ਚ ਖੁਦ ਬੁਝਵਾਈ ਅੱਗ

**ਬੁਢਲਾਡਾ (ਅਸ਼ੋਕ ਲਾਕੜਾ)** ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਲਗਾਤਾਰ ਯਤਨਸ਼ੀਲ ਹੈ।ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ.ਏ.ਐਸ ਨੇ ਖੁਦ ਪਿੰਡ ਖੁਡਾਲ ਕਲਾਂ ਅਤੇ ਦਾਤੇਵਾਸ ਦੇ ਖੇਤਾਂ ਵਿੱਚ ਮੌਕੇ 'ਤੇ ਪਹੁੰਚ ਕੇ ਅੱਗ ਬੁਝਵਾਈ।ਇਸ ਮੌਕੇ ਐੱਸ ਐੱਸ ਪੀ ਮਾਨਸਾ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨਵਜੋਤ ਕੌਰ ਵੱਲੋਂ ਪਿੰਡ ਕਾਹਨਗੜ੍ਹ, ਬਹਾਦਰਪੁਰ, ਖੁਡਾਲ ਕਲਾਂ, ਦਾਤੇਵਾਸ ਵਿੱਚ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਦਾ ਦੌਰਾ ਕੀਤਾ ਜਾ ਰਿਹਾ ਸੀ।ਇਸ ਦੌਰਾਨ ਪਿੰਡ ਖੁਡਾਲ ਕਲਾਂ ਦੇ ਖੇਤ ਵਿਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਡਿਪਟੀ ਕਮਿਸ਼ਨਰ ਮੌਕੇ 'ਤੇ ਪੁੱਜੇ ਅਤੇ ਫਾਇਰ ਬ੍ਰਿਗੇਡ ਮੰਗਵਾ ਕੇ ਮੌਕੇ 'ਤੇ ਅੱਗ ਬੁਝਾਈ ਗਈ। ਜ਼ਮੀਨ ਮਾਲਕ ਨੂੰ ਮੌਕੇ 'ਤੇ ਬੁਲਾਇਆ, ਜਿਸ ਨੇ ਦੱਸਿਆ ਕਿ ਉਸ ਨੇ ਇਹ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ ਅਤੇ ਉਹ ਖੁਦ ਅੱਗ ਲਾਉਣ ਦੇ ਹੱਕ ਵਿਚ ਨਹੀਂ ਹੈ। ਉਸ ਨੂੰ ਖੁਦ ਧੂੰਏਂ ਤੋਂ ਐਲਰਜੀ ਹੈ। ਡਿਪਟੀ ਕਮਿਸ਼ਨਰ ਨੇ ਮੌਕੇ 'ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਠੇਕੇ 'ਤੇ ਜ਼ਮੀਨ ਲੈਣ ਵਾਲੇ 'ਤੇ ਬਣਦੀ ਕਾਰਵਾਈ ਕੀਤੀ ਜਾਵੇ।

# ਵਿਦਿਆਰਥੀਆਂ ਦਾ ਜੈਪੁਰ ਲਈ 3 ਰੋਜ਼ਾ ਵਿੱਦਿਅਕ ਟੂਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਸਟੀਫਨ ਇੰਟਰਨੈਸ਼ਨਲ ਸਕੂਲ ਨੇ ਜੈਪੁਰ ਲਈ ਤਿੰਨ ਦਿਨਾਂ ਵਿੱਦਿਅਕ ਦੌਰੇ ਦਾ ਆਯੋਜਨ ਕੀਤਾ, ਜਿਸ 'ਚ ਵਿਦਿਆਰਥੀਆਂ ਨੂੰ ਸ਼ਹਿਰ ਦੀ ਸਮ੍ਰਿੱਧ ਵਿਰਾਸਤ ਦੀ ਇੱਕ ਝਲਕ ਮਿਲੀ। ਵਿਦਿਆਰਥੀਆਂ ਨੇ ਹਵਾ ਮਹਿਲ, ਜਲ ਮਹਿਲ, ਅੰਬਰ ਕਿਲ੍ਹਾ, ਜੈਗੜ੍ਹ ਕਿਲ੍ਹਾ, ਐਲਬਰਟ ਹਾਲ ਅਜਾਇਬ ਘਰ, ਜੰਤਰ ਮੰਤਰ ਦੇਖੇ। ਵਿਦਿਆਰਥੀਆਂ ਨੇ ਗਾਈਡਡ ਟੂਰਾਂ ਦੁਆਰਾ ਆਰਕੀਟੈਕਚਰ, ਇਤਿਹਾਸ ਤੇ ਵਿਗਿਆਨ ਦੀ ਪੜਚੋਲ ਕੀਤੀ। ਜੰਤਰ-ਮੰਤਰ ਵਿਖੇ ਇੰਟਰਐਕਟਿਵ ਸੈਸ਼ਨਾਂ ਨੇ ਖਗੋਲ ਵਿਗਿਆਨ ਬਾਰੇ ਉਤਸੁਕਤਾ ਪੈਦਾ ਕੀਤੀ।ਗਾਈਡਾਂ ਨਾਲ ਸੱਭਿਆਚਾਰਕ ਅਦਾਨ-ਪ੍ਰਦਾਨ ਨੇ ਸਿੱਖਣ ਦੇ ਅਨੁਭਵ ਨੂੰ ਅਮੀਰ ਬਣਾਇਆ।

# ਹਲਕਾ ਘਨੌਰ ਦੇ 2113 ਲਾਭਪਾਤਰੀਆਂ ਨੂੰ 5 ਕਰੋੜ 15 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇਣ ਦੇ ਦਸਤਾਵੇਜ਼ ਸੌਂਪੇ

**ਘਨੌਰ, (ਰਾਜਿੰਦਰ ਸਿੰਘ ਥਿੰਦ)** ਵਿਧਾਇਕ ਗੁਰਲਾਲ ਘਨੌਰ ਨੇ ਆਪਣੇ ਹਲਕੇ ਦੇ ਘੱਗਰ ਦੀ ਮਾਰ ਹੇਠ ਆਏ ਤੇ ਹੜ੍ਹਾਂ ਦੇ ਝੰਬੇ 11 ਪਿੰਡਾਂ ਦੇ 2113 ਲਾਭਪਾਤਰੀਆਂ ਨੂੰ 5 ਕਰੋੜ 15 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਮਿਸ਼ਨ ਚੜ੍ਹਦੀਕਲਾ ਤਹਿਤ ਰੰਗਲਾ ਪੰਜਾਬ ਰਾਹੀਂ ਕਿਸਾਨਾਂ ਦੇ ਖਾਤਿਆਂ ਵਿੱਚ ਪਾਉਣ ਦੇ ਪੱਤਰ ਸੌਂਪੇ।ਉਨ੍ਹਾਂ ਨਾਲ ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਤੇ ਐਸ.ਡੀ.ਐਮ. ਰਾਜਪੁਰਾ ਅਵਿਕੇਸ਼ ਗੁਪਤਾ ਸਮੇਤ ਹੋਰ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ। ਵਿਧਾਇਕ ਗੁਰਲਾਲ ਘਨੌਰ ਨੇ ਪਿੰਡ ਟਿਵਾਣਾ, ਤਾਜਲਪੁਰ, ਮਾੜੂ, ਸਰਾਲਾ ਕਲਾਂ, ਸਰਾਲਾ ਖੁਰਦ, ਕਮਾਲਪੁਰ, ਕਪੂਰੀ, ਰਾਮਪੁਰ, ਹਰਪਾਲਾਂ, ਲੋਹਸਿੰਬਲੀ ਤੇ ਜਮੀਤਗੜ੍ਹ ਵਿੱਚ 3478 ਏਕੜ ਰਕਬੇ ਦੇ ਖਰਾਬੇ ਦੇ ਮੁਆਵਜ਼ੇ ਦੀ ਸਹਾਇਤਾ ਰਾਸ਼ੀ ਕਿਸਾਨਾਂ ਦੇ ਖਾਤਿਆਂ 'ਚ ਪੁਆਏ ਜਾਣ ਬਾਰੇ ਦਸਤਾਵੇਜ਼ ਸੌਂਪੇ। ਵਿਧਾਇਕ ਗੁਰਲਾਲ ਨੇ ਕਿਹਾ ਕਿ ਘੱਗਰ ਦੀ ਸਮੱਸਿਆ ਸਦੀਆਂ ਤੋਂ ਚੱਲੀ ਆ ਰਹੀ ਹੈ, ਪ੍ਰੰਤੂ ਇਸ ਦਾ ਪੱਕਾ ਹੱਲ ਨਹੀਂ ਹੋ ਸਕਿਆ, ਕਿਉਂਕਿ ਇਸ ਦਾ ਕਾਰਨ ਹੈ ਕਿ ਇਸ ਦਾ ਰਕਬਾ ਘਟ ਗਿਆ ਹੈ, ਪ੍ਰੰਤੂ ਪਿਛਲੀਆਂ ਸਰਕਾਰਾਂ ਨੇ ਇਸ ਵੱਲ ਕਦੇ ਦਾ



ਧਿਆਨ ਨਹੀਂ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਜਿਸ ਦਾ ਖੇਤ ਉਸਦੀ ਰੇਤ' ਤਹਿਤ ਕਿਸਾਨਾਂ ਨੂੰ ਖੁੱਲ੍ਹ ਦਿੱਤੀ ਹੈ ਕਿ ਉਹ ਘੱਗਰ 'ਚ ਆਈ ਜਮੀਨ ਤੋਂ ਮਿੱਟੀ ਪੁੱਟ ਸਕਦਾ ਹੈ।ਉਨ੍ਹਾਂ ਕਿਹਾ ਕਿ ਕਪੂਰੀ ਵਾਲੀ ਨਹਿਰ 'ਚ ਪਿੰਡ ਦੜਬਾ ਨੇੜੇ 10 ਕਿਲੋਮੀਟਰ ਤੱਕ ਪਾਣੀ ਚਲਦਾ ਕਰਨ ਲਈ ਕਿਸਾਨ ਆਪਣੀ ਸਹਿਮਤੀ ਦੇਣ ਤੇ ਅਗਲੀ ਫ਼ਸਲ ਨੂੰ ਇਸ ਨਹਿਰ ਦਾ ਪਾਣੀ ਲੱਗਦਾ ਕਰ ਦਿੱਤਾ ਜਾਵੇਗਾ। ਗੁਰਲਾਲ ਘਨੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਸਲ ਵਿੱਚ ਕਿਸਾਨਾਂ ਤੇ ਪੰਜਾਬ ਦੇ ਹਿਤਾਇਸ਼ੀ ਹਨ, ਕਿਉਂਕਿ ਉਨ੍ਹਾਂ ਨੇ ਦੇਸ਼ ਵਿੱਚ ਸਭ ਤੋਂ ਵੱਧ ਪ੍ਰਤੀ ਏਕੜ ਮੁਆਵਜ਼ਾ 20 ਹਜ਼ਾਰ ਰੁਪਏ ਦੇਣ ਸਮੇਤ ਕਿਸਾਨਾਂ ਨੂੰ ਕਣਕ ਦਾ ਬੀਜ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਹ ਸਾਰੀ ਰਾਸ਼ੀ ਬਿਨ੍ਹਾਂ ਕਿਸੇ ਸਿਫ਼ਾਰਸ਼ ਤੋਂ ਪਾਰਦਰਸ਼ੀ ਢੰਗ ਨਾਲ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਪਾਈ ਗਈ ਹੈ। ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੜ੍ਹਾਂ ਵਿੱਚ ਸੂਬੇ ਦੇ ਲੋਕਾਂ ਦੀ ਬਾਂਹ ਫੜੀ ਅਤੇ ਬਾਅਦ ਵਿੱਚ ਮੁਆਵਜ਼ਾ ਰਾਸ਼ੀ ਤੇ ਹੋਰ ਸਹਾਇਤਾ ਦੇਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਪਹਿਲੀ ਅਜਿਹੀ ਸਰਕਾਰ ਹੈ, ਜਿਸ ਦੇ ਸਾਰੇ ਮੰਤਰੀ, ਵਿਧਾਇਕ ਤੇ ਅਹੁਦੇਦਾਰਾਂ ਸਮੇਤ ਅਧਿਕਾਰੀ, ਕਰਮਚਾਰੀ ਹਰ ਵੇਲੇ ਹੜ੍ਹਾਂ ਦੌਰਾਨ ਲੋਕਾਂ ਵਿੱਚ ਵਿਚਰੇ ਤੇ ਲੋਕਾਂ ਦੇ ਨਾਲ ਖੜ੍ਹੇ ਰਹੇ। ਇਸ ਦੌਰਾਨ ਵੱਡੀ ਗਿਣਤੀ ਇਲਾਕੇ ਦੇ ਕਿਸਾਨ, ਅਹੁਦੇਦਾਰ, ਪੰਚ-ਸਰਪੰਚ ਤੇ ਹੋਰ ਪਤਵੰਤੇ ਮੌਜੂਦ ਸਨ।


**INDIANOIL CORPORATION LTD.**
**(AMRITSAR DIVISIONAL OFFICE)**

**PUBLIC NOTICE**

**By the present Public Notice it is being informed to all concerned that the following dealership has applied for Reconstitution of their firm in favour of, as per details given below:**

| S. No | Name of dealership | Location | District | Nature of dealership ( RO / SKO) | Name of Proprietor/ Partner(s) | Name of the proprietor/ Partner(s) applied for reconstitution | Reconstitution proposed in favour of |
|---|---|---|---|---|---|---|---|
| 1 | M/sNehal Filling Station | Amritsar -Chabal Road | Tarn Taran | RO | Smt. Parvinder Kaur W/o Sh. Vijay Kumar Ahir (Expired) | 1) Nehal Ahir D/o Sh. Vijay Kumar Ahir<br>2) Harman Kumar Ahir S/o Sh. Vijay Kumar Ahir | 1) Nehal Ahir D/o Sh. Vijay Kumar Ahir<br>2) Harman Kumar Ahir S/o Sh. Vijay Kumar Ahir |

By the present notice, it is requested that if aforementioned proprietor/ partner(s) / their legal heir(s) (if the proprietor/ partner(s) have expired) has/have any kind of objection to the said reconstitution in the above mentioned firm, he/ she/ they may contact Divisional Retail Sales Head, Amritsar Divisional Office, Indian Oil Corporation Ltd., Second Floor, SCO 89, Distt. Shopping Centre, Ranjit Avenue, Amritsar PIN – 143001 along with all the original supporting documents, to prove/substantiate their claims within 30 days of publication of this public notice. Claims raised thereafter, shall not be entertained by Indian Oil Corporation Limited. Indian Oil Corporation Limited shall also not be responsible for any delay in receipt of claims after the due date. In case no claim is received within stipulated time, Indian Oil Corporation Limited shall reconstitute the firm in favor of applicant/(s) mentioned above as per its policy.



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ **02.12.2025** ਸਮਾਂ **15:00** ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 10.11.2025 | 18.11.2025 | 02.12.2025 |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 178-2025-26-ADEN-II-ASR | ਸਹਾਇਕ ਮੰਡਲ ਇੰਜੀਨੀਅਰ – ਸੈਕਿੰਡ ਅੰਮ੍ਰਿਤਸਰ ਦੇ ਤਹਿਤ ਸੀਨੀਅਰ ਵਿਭਾਗੀ ਇੰਜੀਨੀਅਰ/ਕੰਮ/ ਬਿਆਸ ਦੇ ਅਨੁਭਾਗ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ (25-26)। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 79,99,986.76/- | 1,60,000.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ: ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। **ਨਿਵਿਦਾ ਨੰਬਰ 178-2025-26-ADEN-II-ASR ਤਾਰੀਕ : 11.11.2025** **3511/2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਪੁਰਾਣੇ ਵਿਦਿਆਰਥੀ ਕੈਪਟਨ ਕਰਮਜੀਤ ਸਿੰਘ ਦੀ ਸਕੂਲ 'ਚ ਸ਼ਿਰਕਤ



**ਦੋਰਾਹਾ (ਹਰਮਿੰਦਰ ਸੇਠ)** ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਦਾ ਦਿਨ ਬਹੁਤ ਖਾਸ ਸੀ ਕਿਉਂਕਿ ਸਕੂਲ ਦੇ ਪੁਰਾਣੇ ਵਿਦਿਆਰਥੀ ਕੈਪਟਨ ਕਰਮਜੀਤ ਸਿੰਘ ਸਪੁੱਤਰ ਸੂਬੇਦਾਰ ਮੇਜਰ ਦਲੇਰ ਸਿੰਘ ਨੇ ਸਕੂਲ ਵਿੱਚ ਸ਼ਿਰਕਤ ਕੀਤੀ। ਕੈਪਟਨ ਕਰਮਜੀਤ ਸਿੰਘ ਜੀ ਮਰਚੈਂਟ ਨੇਵੀ ਵਿੱਚ ਉੱਚੇ ਅਹੁਦੇ 'ਤੇ ਤਾਇਨਾਤ ਹਨ ਅਤੇ ਨੌਰਥ ਖੇਤਰ ਦੇ ਇਕੱਲੇ ਵਿਅਕਤੀ ਹਨ ਜੋ ਇਸ ਅਹੁਦੇ ਲਈ ਚੁਣੇ ਗਏ ਹਨ। ਸਕੂਲ ਵਿੱਚ ਪਹੁੰਚ ਕੇ ਉਹਨਾਂ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਆਪਣੇ ਅਧਿਆਪਕਾਂ ਤੇ ਪ੍ਰਿੰਸੀਪਲ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅੱਜ ਜੋ ਵੀ ਮੈਂ ਹਾਂ ਆਪਣੇ ਗੁਰੂਆਂ ਅਤੇ ਮਾਤਾ ਪਿਤਾ ਦੀ ਬਦੌਲਤ ਹਾਂ। ਉਹਨਾਂ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਕੋਈ ਵੀ ਮੰਜ਼ਲ ਅਸੰਭਵ ਨਹੀਂ, ਬੱਸ ਮਿਹਨਤ ਅਤੇ ਸੱਚੇ ਇਰਾਦੇ ਨਾਲ ਹਰ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ। ਕੈਪਟਨ ਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਮੋਬਾਇਲ ਫੋਨ ਅਤੇ ਟੈਬਲੇਟ ਤੋਂ ਜਿੰਨੀ ਦੂਰੀ ਬਣਾਈ ਰੱਖੋਗੇ, ਓਨੀ ਵਧੀਆ ਤਰੱਕੀ ਕਰੋਗੇ। ਇਸ ਮੌਕੇ ਸਕੂਲ ਦੇ ਮੁਖੀ ਪ੍ਰੀਤੀਸ਼ ਗੁਸਾਈਂ ਨੇ ਕੈਪਟਨ ਕਰਮਜੀਤ ਸਿੰਘ ਨੂੰ ਸਨਮਾਨਤ ਕੀਤਾ ਅਤੇ ਉਹਨਾਂ ਨੂੰ ਉੱਚੇ ਅਹੁਦੇ ਤੱਕ ਪਹੁੰਚਣ ਲਈ ਵਧਾਈ ਦਿੱਤੀ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਪਦ ਯਾਤਰਾ 0150 ਯੂਨਿਟੀ ਮਾਰਚ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੀ ਐਨਐਸਐਸ ਯੂਨਿਟ ਵੱਲੋਂ ਮੇਰਾ ਯੁਵਾ ਭਾਰਤ, ਫ਼ਤਿਹਗੜ੍ਹ ਸਾਹਿਬ ਦੇ ਸਹਿਯੋਗ ਨਾਲ ਸਰਦਾਰ ਵੱਲਭਭਾਈ ਪਟੇਲ ਦੀ ਵਿਰਾਸਤ ਨੂੰ ਯਾਦ ਕਰਨ ਲਈ ਇੱਕ ਸੱਭਿਆਚਾਰਕ ਪ੍ਰੋਗਰਾਮ ਤੇ ਪਦ ਯਾਤਰਾ 0150 ਯੂਨਿਟੀ ਮਾਰਚ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਉਨ੍ਹਾਂ ਦੇ ਨਾਲ ਡਾ. ਤਜਿੰਦਰ ਕੌਰ, ਪ੍ਰੋ.ਚਾਂਸਲਰ ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ, ਡਾ. ਪ੍ਰੀਸ਼ੀਅਸ ਸ਼ਿਓਰਾਨ, ਡਾਇਰੈਕਟਰ, ਫੈਕਲਟੀ ਆਫ਼ ਐਜੂਕੇਸ਼ਨ, ਸਤੀਸ਼ ਕੁਮਾਰ, ਐਨ.ਐਸ.ਐਸ. ਪ੍ਰੋਗਰਾਮ ਕੋਆਰਡੀਨੇਟਰ, ਕਾਰਤਿਕ ਸਿੰਗਲਾ, ਜ਼ਿਲ੍ਹਾ ਯੁਵਾ ਅਧਿਕਾਰੀ, ਮੇਰਾ ਯੁਵਾ ਭਾਰਤ, ਫਤਿਹਗੜ੍ਹ ਸਾਹਿਬ, ਅਮਲੋਹ ਦੇ ਭਾਜਪਾ ਨੇਤਾ ਦੀ ਨੁਮਾਇੰਦਗੀ ਕਰਦੇ ਹੋਏ ਕਰਨਵੀਰ ਟੌਹੜਾ ਦੇ ਪੀ.ਏ., ਐਸ.ਐਚ.ਓ. ਅਮਲੋਹ ਬਲਜਿੰਦਰ ਸਿੰਘ ਕੰਗ ਅਤੇ ਹੋਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਡਾ. ਜ਼ੋਰਾ ਸਿੰਘ ਨੇ ਭਾਰਤ ਨੂੰ ਇਕਜੁਟ ਕਰਨ ਅਤੇ ਅਖਿਲ ਭਾਰਤੀ ਸੇਵਾਵਾਂ ਦੀ ਸਥਾਪਨਾ ਵਿੱਚ ਸਰਦਾਰ



ਪਟੇਲ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ ਤੇ ਉਨ੍ਹਾਂ ਨੂੰ ਅਖੰਡਤਾ, ਅਨੁਸ਼ਾਸਨ ਤੇ ਰਾਸ਼ਟਰੀ ਏਕਤਾ ਦਾ ਸੱਚਾ ਪ੍ਰਤੀਕ ਦੱਸਿਆ।ਉਨ੍ਹਾਂ ਵਿਦਿਆਰਥੀਆਂ ਨੂੰ ਇਕਜੁਟ, ਮਜ਼ਬੂਤ ਅਤੇ ਸਵੈ-ਨਿਰਭਰ ਭਾਰਤ ਦੇ ਪਟੇਲ ਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਇਸ ਸਮਾਗਮ ਨੂੰ ਰਾਸ਼ਟਰਵਾਦ ਦੀ ਲਹਿਰ ਦੱਸਿਆ ਤੇ 'ਭਾਰਤ ਦੇ ਸਟੀਲ ਫਰੇਮ' ਦੇ ਨਿਰਮਾਣ ਵਿੱਚ ਪਟੇਲ ਦੇ ਯੋਗਦਾਨ 'ਤੇ ਜ਼ੋਰ ਦਿੱਤਾ।ਮੇਰਾ ਯੁਵਾ ਭਾਰਤ ਤੋਂ ਕਾਰਤਿਕ ਸਿੰਗਲਾ ਨੇ ਮਾਰਚ ਨੂੰ ਭਾਰਤ ਦੇ ਅਸਲ ਰਾਸ਼ਟਰੀ ਨਾਇਕ ਨੂੰ ਸ਼ਰਧਾਂਜਲੀ ਕਿਹਾ। ਪ੍ਰੋਗਰਾਮ ਦੇ ਹਿੱਸੇ ਵਜੋਂ, ਐਨਐਸਐਸ ਯੂਨਿਟ ਨੇ ਸਰਦਾਰ ਵੱਲਭਭਾਈ ਪਟੇਲ 'ਤੇ ਇੱਕ ਲੇਖ ਮੁਕਾਬਲੇ ਦੇ ਨਾਲ-ਨਾਲ ਇੱਕ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਵੀ ਕੀਤਾ ਜਿਸ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਹੋਈਆਂ ਸੱਭਿਆਚਾਰਕ ਪੇਸ਼ਕਾਰੀਆਂ ਤੋਂ ਬਾਅਦ ਚਾਂਸਲਰ ਡਾ. ਜ਼ੋਰਾ ਸਿੰਘ ਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਸਾਂਝੇ ਤੌਰ 'ਤੇ ਪਦ ਯਾਤਰਾ 0150 ਯੂਨਿਟੀ ਮਾਰਚ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ, ਜਿਸ ਵਿੱਚ ਦੇਸ਼ ਭਗਤ ਯੂਨੀਵਰਸਿਟੀ ਤੋਂ ਅਮਲੋਹ ਤੱਕ ਮਾਰਚ ਕਰਦੇ ਹੋਏ 500 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ।ਰੈਲੀ ਨੂੰ ਅਮਲੋਹ ਪੁਲਸ ਤੇ ਇੱਕ ਮੈਡੀਕਲ ਟੀਮ ਦਾ ਸਮਰਥਨ ਪ੍ਰਾਪਤ ਸੀ, ਜਦੋਂਕਿ ਮੇਰਾ ਯੁਵਾ ਭਾਰਤ ਨੇ ਸਾਰੇ ਭਾਗੀਦਾਰਾਂ ਨੂੰ ਟੀ-ਸ਼ਰਟਾਂ ਤੇ ਰਿਫ਼ਰੈਸ਼ਮੈਂਟ ਵੀ ਵੰਡੀ।


**ਸ਼੍ਰੇਯਾਂਸ ਫਾਈਨੈਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ**

30 ਸਤੰਬਰ 2025 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ
(ਈਪੀਐਸ ਡਾਟਾ ਨੂੰ ਛੱਡ ਕੇ ਰਕਮ ਸੈਕੜੇ ਵਿੱਚ)

| ਵੇਰਵਾ | ਤਿਮਾਹੀ ਖਤਮ 30.09.2025 (ਅਣ-ਪੜਤਾਲੇ) | ਤਿਮਾਹੀ ਖਤਮ 30.09.2024 (ਅਣਪੜਤਾਲੇ) | ਅੱਧਾ ਸਾਲ ਖਤਮ 30.09.2025 (ਅਣਪੜਤਾਲੇ) |
|---|---|---|---|
| ਕੁੱਲ ਆਮਦਨ | 16,379.94 | 16,355.53 | 16,439.89 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | 14,716.61 | 14,646.71 | 13,006.11 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 14,716.61 | 14,646.71 | 13,006.11 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 11,443.23 | 11,341.61 | 9,732.73 |
| ਕੁੱਲ ਕੰਪ੍ਰੀਹੈਂਸਿਵ ਆਮਦਨ | (17,455.32) | (8,142.06) | 1,44,921.55 |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | - |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | 1.14 | 1.13 | 0.97 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੁਲੇਸ਼ਨਜ਼, 2015 ਦੀ ਰੇਗੁਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੁੱਲ ਫਾਰਮੈਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬੱਧ ਹੈ। ਅਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 12.11.2025
ਸਥਾਂਨ : ਲੁਧਿਆਣਾ

ਰਜ਼ਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967


# ਅੱਠਵੀਂ ਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਲਈ ਭਾਈ ਜੈਤਾ ਜੀ ਫਾਊਂਡੇਸ਼ਨ ਦਾ ਵਿਸ਼ੇਸ਼ ਉਪਰਾਲਾ, ਦਾਖਲੇ 21 ਦਸੰਬਰ ਨੂੰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਸੰਸਥਾਪਕ ਹਰਪਾਲ ਸਿੰਘ ਦੇ ਵਿਸ਼ੇਸ਼ ਉਪਰਾਲੇ ਸਦਕਾ ਸਾਲ 2026 ਦੇ ਵਿੱਦਿਅਕ ਸੈਸ਼ਨ ਦੀ +1 ਕਲਾਸ ਦੇ ਮੈਡੀਕਲ/ਨਾਨ-ਮੈਡੀਕਲ ਵਿਸ਼ਿਆਂ ਦੀਆਂ ਕਲਾਸਾਂ ਅਤੇ ਨੌਵੀਂ ਕਲਾਸ ਵਿਚ ਦਾਖਲੇ ਹਿੱਤ 21 ਦਸੰਬਰ 2025 ਨੂੰ ਹੋਣ ਵਾਲੀ ਪ੍ਰੀਖਿਆ ਲਈ



ਦਾਖਲਾ ਫਾਰਮ 30 ਨਵੰਬਰ ਤੱਕ ਆਨਲਾਈਨ ਭਰੇ ਜਾ ਸਕਦੇ ਹਨ। ਜ਼ਿਲ੍ਹਾ ਬਠਿੰਡਾ ਅਤੇ ਆਸ ਪਾਸ ਦੇ ਅੱਠਵੀਂ ਅਤੇ ਦਸਵੀਂ ਕਲਾਸ ਵਿਚ ਪੜ੍ਹ ਰਹੇ ਉਹ ਵਿਦਿਆਰਥੀ, ਜੋ ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੁਆਰਾ ਚੰਡੀਗੜ੍ਹ ਵਿਖੇ ਫਾਊਂਡੇਸ਼ਨ ਦੇ ਹੈੱਡ-ਕੁਆਰਟਰ ਸਥਿਤ ਵਿੱਦਿਅਕ ਕੇਂਦਰ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹਨ, ਉਹ ਇਸ ਉਪਰਾਲੇ ਦਾ ਲਾਭ ਉਠਾ ਸਕਦੇ ਹਨ। ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਦੇ ਵਿੱਤ ਪ੍ਰਬੰਧਨ ਤੇ ਨਿਗਰਾਨ ਸੰਚਾਲਕ ਜਸਵਿੰਦਰ ਸਿੰਘ ਪਸਰੀਚਾ ਅਤੇ

● 30 ਨਵੰਬਰ ਤੱਕ ਆਨਲਾਈਨ ਅਪਲਾਈ ਕਰ ਸਕਦੇ ਨੇ ਚਾਹਵਾਨ ਵਿਦਿਆਰਥੀ

ਜ਼ਿਲ੍ਹਾ ਕੋ-ਆਰਡੀਨੇਟਰ ਫਰੀਦਕੋਟ ਹਰਵਿੰਦਰ ਸਿੰਘ ਮਰਵਾਹਾ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਹਰੇਕ ਸਾਲ ਟੈਸਟ ਅਤੇ ਇੰਟਰਵਿਊ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਪਿਆਂ ਦੀ ਆਰਥਿਕ ਸਥਿਤੀ ਦੇ ਆਧਾਰ 'ਤੇ ਮੁਫ਼ਤ ਅਤੇ ਰਿਆਇਤੀ ਦਰਾਂ ਉੱਤੇ ਚੰਡੀਗੜ੍ਹ ਵਿਖੇ ਫਾਊਂਡੇਸ਼ਨ ਦੇ ਹੈੱਡ-ਕੁਆਰਟਰ ਸਥਿਤ ਵਿੱਦਿਅਕ ਕੇਂਦਰ ਵਿੱਚ ਪੜ੍ਹਾਈ ਕਰਾਈ ਜਾਂਦੀ ਹੈ, ਜਿੱਥੇ ਹੋਸਟਲ/ਖਾਣ-ਪੀਣ, ਕੰਪਿਊਟਰ ਲੈਬ, ਲਾਇਬਰੇਰੀ ਅਤੇ ਰੀਡਿੰਗ ਰੂਮ ਆਦਿ ਦੀ ਸੁਵਿਧਾ ਹੈ। ਇਹਨਾਂ ਵਿਦਿਆਰਥੀਆਂ ਨੂੰ ਦੇਸ਼ ਦੇ ਉੱਚ ਦਰਜੇ ਦੇ ਮੈਡੀਕਲ ਅਤੇ ਇੰਜਨੀਅਰਿੰਗ ਕਾਲਜਾਂ ਵਿਚ ਦਾਖਲੇ ਹਿੱਤ ਸੰਸਥਾ ਦੇ ਉੱਚ ਕੋਟੀ ਦੇ ਅਧਿਆਪਕਾਂ ਵੱਲੋਂ ਪੜ੍ਹਾਇਆ ਜਾਂਦਾ ਹੈ। ਗਰੀਬ ਤੇ ਆਰਥਿਕ ਤੌਰ 'ਤੇ ਪਛੜੇ ਪਰਵਾਰਾਂ ਦੇ ਬੱਚਿਆਂ ਲਈ ਭਵਿੱਖ ਸੰਵਾਰਨ ਦਾ ਇਹ ਸੁਨਹਿਰੀ ਮੌਕਾ ਹੈ। ਹੋਰ ਵਧੇਰੇ ਜਾਣਕਾਰੀ ਫਾਊਂਡੇਸ਼ਨ ਦੀ ਵੈਬਸਾਈਟ 'ਤੇ ਉਪਲਬਧ ਹੈ। ਪ੍ਰੀਖਿਆ ਦੇ ਚਾਹਵਾਨ ਵਿਦਿਆਰਥੀ 30 ਨਵੰਬਰ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ।

# ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)** ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਇਕੱਤਰਤਾ ਏ.ਐੱਸ.ਸੀਨੀ.ਸੈਕੰ.ਸਕੂਲ ਵਿਖੇ ਸਭਾ ਦੇ ਪ੍ਰਧਾਨ ਨਰਿੰਦਰ ਸਿੰਘ ਮਣਕੂ ਦੀ



ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਪੰਜਾਬੀ ਸਾਹਿਤਕਾਰ ਮਨਜੀਤ ਸਿੰਘ ਘੁੰਮਣ ਦੀ ਹੋਈ ਬੇ-ਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਵਿੱਚ ਸੁਖਵਿੰਦਰ ਸਿੰਘ ਬਿੱਟੂ ਵਾਰ ਬਾਬਾ ਬੰਦਾ ਸਿੰਘ ਬਹਾਦਰ, ਦਵਿੰਦਰ ਸਿੰਘ ਘੁੰਗਰਾਲੀ ਨੇ 'ਮੈਂ ਤੇਰੀ ਤੂੰ ਮੇਰਾ' ਗੀਤ, ਸੁਖਵਿੰਦਰ ਸਿੰਘ ਭਾਦਲਾ ਨੇ 'ਮਾਫ਼ ਕਰੀਂ' ਗੀਤ, ਅਵਤਾਰ ਉਟਾਲਾਂ ਨੇ ਗੀਤ 'ਧੀ ਘਰਾਣੇ ਦੀ', ਗੁਰੀ ਤੁਰਮਰੀ ਨੇ ਗੀਤ 'ਗੱਲ ਮੁੱਕਦੀ', ਪੰਜਾਬੀ ਸਾਹਿਤ ਸਭਾ ਖੰਨਾ ਦੇ ਪ੍ਰਧਾਨ ਨਰਿੰਦਰ ਮਣਕੂ ਨੇ 'ਟੋਕਰੀ ਢੋਂਦੀ' ਗੀਤ, ਕੁਲਵੰਤ ਸਿੰਘ ਮਹਿਮੀ ਨੇ ਲੋਕ ਗੀਤ 'ਕੀਮਾ ਮਾਲਕੀ', ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਨੇ ਕਵਿਤਾ 'ਬੇੜੇ', ਮਨਦੀਪ ਸਿੰਘ ਮਾਨਕੀ ਨੇ ਗੀਤ 'ਤੂੰ ਲੇਖਕ', ਮਾਸਟਰ ਅਮਰਜੀਤ ਸਿੰਘ ਘੁਡਾਣੀ ਨੇ ਸਮਾਜਿਕ ਕੁਰੀਤੀ, ਐਨ ਆਰ ਆਈ ਪ੍ਰਿਤਪਾਲ ਸਿੰਘ ਟਿਵਾਣਾ ਕਵਿਤਾ 'ਅਜ਼ਾਦੀ' ਸੁਣਾ ਕੇ ਵਾਹ-ਵਾਹ ਖੱਟੀ। ਇਨ੍ਹਾਂ ਸਾਰੀਆਂ ਰਚਨਾਵਾਂ ਉਤੇ ਉਸਾਰੂ ਬਹਿਸ ਹੋਈ।ਸੁਖਵਿੰਦਰ ਸਿੰਘ ਭਾਦਲਾ, ਦਵਿੰਦਰ ਸਿੰਘ ਘੁੰਗਰਾਲੀ, ਭੁਪਿੰਦਰ ਸਿੰਘ, ਗੁਰਦੇਵ ਸਿੰਘ, ਸਤਵਿੰਦਰ ਪਾਲ, ਅਵਤਾਰ ਸਿੰਘ ਉਟਾਲਾਂ, ਪ੍ਰਿਤਪਾਲ ਸਿੰਘ ਟਿਵਾਣਾ ਨੇ ਭਾਗ ਲਿਆ।ਅੰਤ ਵਿੱਚ ਸਭਾ ਦੀ ਕਾਰਵਾਈ ਗੁਰੀ ਤੁਰਮਰੀ ਨੇ ਖ਼ੂਬ ਨਿਭਾਈ।ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਨਰਿੰਦਰ ਸਿੰਘ ਮਾਣਕੂ ਵੱਲੋਂ ਕੀਤਾ ਗਿਆ।

# ਡਿਪਟੀ ਕਮਿਸ਼ਨਰ ਨੂੰ ਰੇਤ, ਹੜ੍ਹਾਂ ਤੇ ਪਰਾਲੀ ਦੇ ਸੰਬੰਧ ਵਿੱਚ ਮੰਗ ਪੱਤਰ

**ਮੋਗਾ (ਇਕਬਾਲ ਸਿੰਘ ਖਹਿਰਾ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਸੂਬਾ ਆਗੂ ਸਤਨਾਮ ਸਿੰਘ ਪੰਨੂ, ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ, ਜ਼ਿਲ੍ਹਾ ਆਗੂ ਅਵਤਾਰ ਸਿੰਘ ਧਰਮ ਸਿੰਘ ਵਾਲਾ , ਜਰਨੈਲ ਸਿੰਘ ਮੋਗਾ ਸਮੇਤ ਕਿਸਾਨ ਆਗੂਆਂ ਨੇ ਜ਼ਿਲ੍ਹਾ ਮੋਗਾ ਦੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਮਿਲਕੇ ਤਹਿਸੀਲ ਧਰਮਕੋਟ ਦੇ ਪਿੰਡ ਮੰਝਲੀ ਦੇ ਕਿਸਾਨ ਗੁਰਦਿਆਲ ਸਿੰਘ ਸਮੇਤ 5 ਕਿਸਾਨਾਂ ਉਤੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੀਤੇ ਨਜਾਇਜ਼ ਪਰਚੇ ਅਤੇ ਜ਼ਬਤ ਕੀਤੀ ਰੇਤ ਮਸ਼ੀਨ ਸਬੰਧੀ ਗੱਲਬਾਤ ਕੀਤੀ ਤੇ ਪਿੰਡ ਮੰਝਲੀ ਮੌਕੇ 'ਤੇ ਬਣਾਈ ਵੀਡੀਓ ਵੀ ਦਿੱਤੀ ਤੇ ਡਿਪਟੀ ਕਮਿਸ਼ਨਰ ਮੋਗਾ ਨੇ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਜੋ ਪਿੰਡ ਮੰਝਲੀ ਦੇ ਕਿਸਾਨਾਂ ਉਪਰ ਕੀਤੇ ਪਰਚਿਆਂ ਦੀ 2 ਦਿਨਾਂ ਵਿੱਚ ਇਨਕੁਆਰੀ ਕਰਵਾ ਕੇ ਕਿਸਾਨ ਆਗੂਆਂ ਨੂੰ ਦੱਸਿਆ ਜਾਵੇਗਾ। ਕਿਸਾਨ ਆਗੂਆਂ ਨੇ ਡੀ ਸੀ ਮੋਗਾ ਨੂੰ ਮੰਗ ਪੱਤਰ ਸੌਂਪਿਆ ਤੇ ਕਿਹਾ ਕਿ ਪੰਜਾਬ



ਸਰਕਾਰ ਦੀ ਪਾਲਸੀ ਅਨੁਸਾਰ ਹੜ੍ਹਾਂ ਨਾਲ ਕਿਸਾਨਾਂ ਦੇ ਖੇਤਾਂ ਵਿੱਚ ਪਈ ਰੇਤਾ ਨੂੰ 31 ਦਸੰਬਰ ਤੱਕ ਚੁੱਕਣ ਦੇ ਦੋਸ਼ ਹੇਠ ਜ਼ਿਲ੍ਹਾ ਮੋਗਾ ਵਿੱਚ ਕੀਤੇ ਜਾ ਰਹੇ ਪਰਚੇ ਰੱਦ ਕੀਤੇ ਜਾਣ। ਜਿਵੇਂ ਪਿੰਡ ਮੰਝਲੀ ਦੇ ਕਿਸਾਨ ਗੁਰਦਿਆਲ ਸਿੰਘ ਸਮੇਤ 5 ਕਿਸਾਨਾਂ ਤੇ ਚੱਕ ਭੋਰੇ ਦੇ ਕਿਸਾਨ ਉਤੇ ਆਪਣੇ ਖੇਤ ਵਿੱਚੋਂ ਰੇਤ ਚੁੱਕਣ ਦੇ ਦੋਸ਼ ਹੇਠ ਕੀਤੇ ਪਰਚੇ ਆਦਿ ਰੱਦ ਕੀਤੇ ਜਾਣ ਤੇ ਮੋਗਾ ਜ਼ਿਲ੍ਹੇ ਦੇ ਹੜ੍ਹ ਪੀੜਤ ਸਾਰੇ ਕਿਸਾਨਾਂ ਨੂੰ ਰੇਤ ਚੁੱਕਣ ਦੀ ਇਜਾਜ਼ਤ ਦਿੱਤੀ ਜਾਵੇ। ਹੜ੍ਹਾਂ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਦਾ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤੇ ਕਿਸਾਨਾਂ ਦੇ ਖੇਤਾਂ ਵਿੱਚ ਚੜ੍ਹੀ ਰੇਤ ਨੂੰ ਚੁੱਕਣ ਦਾ ਹੱਕ ਕਿਸਾਨ ਨੂੰ ਦਿੱਤਾ ਜਾਵੇ ਤੇ ਕਣਕ ਦੀ ਬਿਜਾਈ ਲਈ ਡੀਜ਼ਲ, ਬੀਜ ਤੇ ਖਾਦ ਦਾ ਪ੍ਰਬੰਧ ਸਰਕਾਰ ਕਰੇ।ਪਰਾਲੀ ਸਾੜਨ ਦੇ ਮੁੱਦੇ ਉਤੇ ਜ਼ਿਲ੍ਹਾ ਮੋਗਾ ਅੰਦਰ ਪਿਛਲੇ ਸਾਲਾਂ ਵਿੱਚ ਤੇ ਹੁਣ ਕੀਤੇ ਜਾ ਰਹੇ ਪਰਚੇ ਤੇ ਜੁਰਮਾਨੇ ਰੱਦ ਕੀਤੇ ਜਾਣ।ਡੀ ਏ ਪੀ ਖਾਦ ਦੀ ਨਕਲੀ ਥੋੜ ਪੈਦਾ ਕਰ ਕੇ ਡੀਲਰਾਂ ਵੱਲੋਂ ਕੀਤੀ ਜਾ ਰਹੀ ਲੁੱਟ ਰੋਕੀ ਜਾਵੇ ਤੇ ਗੈਰ ਕਾਨੂੰਨੀ ਢੰਗ ਨਾਲ ਖਾਦ ਨਾਲ ਡੀਲਰਾਂ ਤੇ ਸਰਕਾਰੀ ਸੁਸਾਇਟੀਆਂ ਵੱਲੋਂ ਧੱਕੇ ਨਾਲ ਦਿੱਤੀਆਂ ਜਾ ਰਹੀਆਂ ਨੈਨੋ ਖਾਦ ਤੇ ਕੀਟਨਾਸ਼ਕ ਦਵਾਈਆਂ ਦੇ ਦੋਸ਼ ਹੇਠ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।ਕਿਸਾਨ ਆਗੂਆਂ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਨੇ ਪਿੰਡ ਮੰਝਲੀ ਦੇ ਰੇਤ ਮਸਲੇ ਉਤੇ 2 ਦਿਨਾਂ ਦਾ ਵਿਸ਼ਵਾਸ ਦਿਵਾਇਆ ਹੈ। ਜੇਕਰ ਕਿਸਾਨ ਗੁਰਦਿਆਲ ਸਿੰਘ ਨੂੰ ਇਨਸਾਫ ਨਾ ਮਿਲਿਆ ਤਾਂ 2 ਦਿਨਾਂ ਬਾਅਦ ਜਥੇਬੰਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੱਦ ਕੇ ਅਗਲਾ ਐਕਸ਼ਨ ਉਲੀਕੇਗੀ।ਇਸ ਮੌਕੇ ਜ਼ਿਲ੍ਹਾ ਆਗੂ ਗੁਰਜਿੰਦਰ ਸਿੰਘ ਰੋਸ਼ਨ ਵਾਲਾ, ਸੂਰਤ ਸਿੰਘ ਮੋਗਾ, ਬਿੱਕਰ ਸਿੰਘ ਸੈਦ ਮੁਹੰਮਦ, ਸੋਹਣ ਸਿੰਘ ਰਾਮੂਵਾਲਾ, ਗੁਰਭੇਜ ਸਿੰਘ, ਦਰਸ਼ਨ ਸਿੰਘ ਆਦਿ ਆਗੂ ਹਾਜ਼ਰ ਸਨ।


**A B COTSPIN INDIA LIMITED**
CIN : L17111PB1997PLC020118
Regd. Office : Bathinda Road, Jaitu, Faridkot, Punjab-151202
Email : info@abcotspin.in, Website : www.abcotspin.co.in, Ph : 01635-232670

30 ਸਤੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਸਟੈਂਡਲੋਨ ਅਤੇ ਵਿੱਤੀ ਨਤੀਜਿਆਂ ਦਾ ਸਾਰ (ਈ ਪੀ ਸੀ ਕੱਢ ਕੇ ਅੰਕੜੇ ਰੁਪਏ ਲੱਖਾਂ 'ਚ)

| ਲੜੀ ਨੰ. | ਵੇਰਵੇ | ਸਟੈਂਡਲੋਨ | | | | | | ਕਨਸੋਲੀਡੇਟਿਡ | | | | | |
|---|---|---|---|---|---|---|---|---|---|---|---|---|---|
| | | ਤਿਮਾਹੀ ਖਤਮ | | | ਅੱਧਾ ਸਾਲ ਖਤਮ | | ਸਾਲ ਖਤਮ | ਤਿਮਾਹੀ ਖਤਮ | | | ਅੱਧਾ ਸਾਲ ਖਤਮ | | ਸਾਲ ਖਤਮ |
| | | 30.09.2025 (ਅਣ-ਪੜਤਾਲੇ) | 30.06.2025 (ਅਣ-ਪੜਤਾਲੇ) | 30.09.2024 (ਅਣ-ਪੜਤਾਲੇ) | 30.09.2025 (ਅਣ-ਪੜਤਾਲੇ) | 30.09.2024 (ਅਣ-ਪੜਤਾਲੇ) | 31.03.2025 (ਪੜਤਾਲੇ) | 30.09.2025 (ਅਣ-ਪੜਤਾਲੇ) | 30.06.2025 (ਅਣ-ਪੜਤਾਲੇ) | 30.09.2024 (ਅਣ-ਪੜਤਾਲੇ) | 30.09.2025 (ਅਣ-ਪੜਤਾਲੇ) | 30.09.2024 (ਅਣ-ਪੜਤਾਲੇ) | 31.03.2025 (ਪੜਤਾਲੇ) |
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 5,063.84 | 6,669.06 | 8,135.82 | 11,732.90 | 15,386.65 | 29,806.36 | 5,073.84 | 6,669.06 | 8,135.82 | 11,742.90 | 15,386.65 | 29,817.61 |
| 2 | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ) | 472.96 | 580.48 | 230.48 | 1,053.44 | 541.19 | 1,345.42 | 466.42 | 576.55 | 231.23 | 1,042.98 | 541.94 | 1,367.64 |
| 3 | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ #) | 472.96 | 580.48 | 230.48 | 1,053.44 | 541.19 | 1,345.42 | 466.42 | 576.55 | 231.23 | 1,042.98 | 541.94 | 1,367.64 |
| 4 | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 368.59 | 421.88 | 175.40 | 790.47 | 402.57 | 999.03 | 362.05 | 417.95 | 176.15 | 780.01 | 403.31 | 1,021.25 |
| 5 | ਸਮੇਂ ਲਈ ਕੁੱਲ ਵਿਆਪਕ ਆਮਦਨ [ਸਮੇਤ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)] | -2.19 | 4.19 | -20.52 | 2.00 | -7.60 | -4.51 | -2.19 | 4.19 | -20.52 | 2.00 | -7.59762 | -4.51 |
| 6 | ਇਕੁਇਟੀ ਸ਼ੇਅਰ ਕੈਪੀਟਲ | 2,215.96 | 2,215.96 | 1,048.82 | 2,215.96 | 1,048.82 | 1,661.53 | 2,215.96 | 2,215.96 | 1,048.82 | 2,215.96 | 1,048.82 | 1,661.53 |
| 7 | ਹੋਰ ਇਕੁਇਟੀ | 12,540.68 | 11,748.22 | 6,193.61 | 12,540.68 | 6,193.61 | 9,391.89 | 12,552.45 | 11,766.45 | 6,194.35 | 12,552.45 | 6,194.35 | 9,414.12 |
| 8 | ਕਮਾਈ ਪ੍ਰਤੀ ਸ਼ੇਅਰ (ਅੰਕਿਤ ਮੁਲ ਹਰੇਕ ਰੁਪਏ 10/-) ਬੇਸਿਕ : | 1.69 | 1.93 | 1.70 | 3.61 | 3.91 | 9.39 | 1.66 | 1.91 | 1.71 | 3.57 | 3.92 | 6.51 |
| | ਡਿਲਿਊਟਡ : | 1.69 | 1.93 | 1.26 | 3.61 | 2.89 | 8.03 | 1.66 | 1.91 | 1.26 | 3.57 | 2.89 | 4.80 |

ਨੋਟਿਸ :
1. ਉਪਰੋਕਤ (ਸਟੈਂਡਲੋਨ ਅਤੇ ਕਨਸਾਲੀਡੇਟਿਡ) ਅਣ-ਪੜਤਾਲੇ ਨਤੀਜੇ ਆਡਿਟ ਕਮੇਟੀ ਦੀ ਮੀਟਿੰਗ ਵਿੱਚ ਨਜ਼ਰਸ਼ਾਨੀ ਕੀਤੇ ਗਏ ਹਨ ਅਤੇ ਡਾਇਰੈਕਟਰਾਂ ਵੱਲੋਂ ਕ੍ਰਮਵਾਰ ਉਨ੍ਹਾਂ ਦੀਆਂ 12 ਨਵੰਬਰ 2025 ਨੂੰ ਹੋਈਆਂ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ। ਵਿਧਾਨਕ ਆਡੀਟਰਾਂ ਵੱਲੋਂ 30 ਸਤੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਸੀਮਤ ਨਜ਼ਰਸ਼ਾਨੀ ਕੀਤੀ ਗਈ ਹੈ ਅਤੇ ਇਸ 'ਤੇ ਅਣਸੋਧੀ ਰਿਪੋਰਟ ਜਾਰੀ ਕੀਤੀ ਹੈ।
2. ਉਪਰੋਕਤ ਸੇਬੀ (ਲਿਸਟਿੰਗ ਆਬਲੀਕੇਸ਼ਨਜ਼ ਅਤੇ ਡਿਸਕਲੋਜ਼ਰਜ਼ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜਜ਼ ਕੋਲ ਦਾਇਰ ਅਣ-ਪੜਤਾਲੇ ਸਟੈਂਡਲੋਨ ਅਤੇ ਕਨਸੋਲੀਡੇਟਿਡ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਸਾਰ ਹੈ। ਉਕਤ ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਾਰ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com ਅਤੇ www.nse.india.com) ਅਤੇ ਕੰਪਨੀ ਦੀ ਵੈੱਬਸਾਈਟ "www.abcotspin.co.in" 'ਤੇ ਉਪਲੱਬਧ ਹੈ। ਇਸ ਨੂੰ ਹੇਠਾਂ ਦਰਸਾਏ ਕਿਊ ਆਰ ਕੋਡ ਤੋਂ ਵੀ ਸਕੈਨ ਕੀਤਾ ਜਾ ਸਕਦਾ ਹੈ।

ਸਥਾਨ : ਫਰੀਦਕੋਟ, ਪੰਜਾਬ
ਮਿਤੀ : 12.11.2025

ਵਾਸਤੇ A B Cotspin india Limited
ਸਹੀ/-
ਦੀਪਕ ਗਰਗ
ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ

13- Nov - Page - 7.qxd 11/12/2025 11:09 PM Page 1



# ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਕਾਰਕੁਨ ਸੰਖੇਪ ਗੋਲੀਬਾਰੀ ਤੋਂ ਬਾਅਦ ਕਾਬੂ, ਦੋ ਪਿਸਤੌਲ ਬਰਾਮਦ : ਗੌਰਵ ਯਾਦਵ



**ਚੰਡੀਗੜ੍ਹ/ਡੇਰਾ ਬੱਸੀ (ਗੁਰਜੀਤ ਬਿੱਲਾ, ਵਿਨੋ ਕੁਮਾਰ ਜੈਨ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ ਜੀ ਟੀ ਐੱਫ) ਪੰਜਾਬ ਨੇ ਐੱਸ ਏ ਐੱਸ ਨਗਰ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਤਹਿਤ ਅੰਬਾਲਾ-ਡੇਰਾ ਬੱਸੀ ਹਾਈਵੇ ਦੇ ਘੱਗਰ ਪੁਲ 'ਤੇ ਹੋਈ ਗੋਲੀਬਾਰੀ ਤੋਂ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ੀ ਗੈਂਗਸਟਰ ਗੋਲਡੀ ਢਿੱਲੋਂ ਨਾਲ ਜੁੜੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਗੈਂਗਸਟਰ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮੋਹਾਲੀ ਦੇ ਮੋਟੇਮਾਜਰਾ ਦੇ ਰਹਿਣ ਵਾਲੇ ਸ਼ਰਨਜੀਤ ਸਿੰਘ , ਜੋ ਮੌਜੂਦਾ ਸਮੇਂ ਟੰਗੋਰੀ (ਮੋਹਾਲੀ) ਵਿਚ ਰਹਿ ਰਿਹਾ ਹੈ ਅਤੇ ਅਮਨ ਕੁਮਾਰ ਵਾਸੀ ਖਿਜਰਗੜ੍ਹ, ਜ਼ੀਰਕਪੁਰ (ਮੋਹਾਲੀ) ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਚੋਂ ਦੋ .32 ਬੋਰ ਪਿਸਤੌਲਾਂ ਸਮੇਤ 10 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦਾ ਬਜਾਜ ਡਿਸਕਵਰ ਮੋਟਰਸਾਈਕਲ ਜਿਸ 'ਤੇ ਉਹ ਸਵਾਰ ਸਨ, ਨੂੰ ਵੀ ਜ਼ਬਤ ਕੀਤਾ ਹੈ।ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਪਿਛਲੇ ਮਹੀਨੇ ਰਾਜਪੁਰਾ ਵਿੱਚ ਵਾਪਰੀ ਗੋਲੀਬਾਰੀ ਦੀ ਵਾਰਦਾਤ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਉਕਤ ਮੁਲਜ਼ਮਾਂ ਨੂੰ ਗੋਲਡੀ ਢਿੱਲੋਂ ਨੇ ਪੰਜਾਬ ਵਿੱਚ ਇੱਕ ਕਾਰੋਬਾਰੀ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਸੌਂਪਿਆ ਸੀ।ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਏ ਡੀ ਜੀ ਪੀ) ਏ ਜੀ ਟੀ ਐੱਫ. ਪ੍ਰਮੋਦ ਬਾਨ ਨੇ ਦੱਸਿਆ ਕਿ ਵਿਦੇਸ਼ੀ ਗੈਂਗਸਟਰ ਗੋਲਡੀ ਢਿੱਲੋਂ ਇਸ ਸਾਲ ਅਕਤੂਬਰ ਵਿੱਚ ਐਬਟਸਫੋਰਡ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਇੱਕ ਭਾਰਤੀ ਮੂਲ ਦੇ ਉਦਯੋਗਪਤੀ ਦੀ ਦਿਨ-ਦਿਹਾੜੇ ਹੋਈ ਹੱਤਿਆ ਦਾ ਵੀ ਮਾਸਟਰਮਾਈਂਡ ਸੀ।ਡੀ ਆਈ ਜੀ ਏ.ਜੀ.ਟੀ.ਐਫ. ਗੁਰਮੀਤ ਸਿੰਘ ਚੌਹਾਨ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮਾਂ ਦਾ ਅਪਰਾਧਿਕ ਪਿਛੋਕੜ ਹੈ ਅਤੇ ਮੁਲਜ਼ਮ ਅਮਨ ਵਿਰੁੱਧ ਹਥਿਆਰਾਂ ਸੰਬੰਧੀ ਅਪਰਾਧਾਂ ਦੇ ਮਾਮਲੇ ਵਿੱਚ ਦੋ ਐੱਫ ਆਈ ਆਰ ਦਰਜ ਹਨ।ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐੱਸ ਐੱਸ ਪੀ) ਹਰਮਨਦੀਪ ਹੰਸ, ਜੋ ਐੱਸ.ਪੀ. (ਦਿਹਾਤੀ) ਮਨਪ੍ਰੀਤ ਸਿੰਘ ਦੇ ਨਾਲ ਮੌਕੇ ਦਾ ਦੌਰਾ ਕਰ ਰਹੇ ਸਨ, ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਕਾਰਕੁਨਾਂ ਦੀਆਂ ਗਤੀਵਿਧੀਆਂ ਬਾਰੇ ਖੁਫ਼ੀਆ ਜਾਣਕਾਰੀ ਮਿਲੀ ਸੀ।ਐੱਸ ਐੱਸ ਪੀ ਨੇ ਕਿਹਾ ਕਿ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਡੀ ਐੱਸ ਪੀ ਡੇਰਾਬੱਸੀ ਬਿਕਰਮਜੀਤ ਬਰਾੜ ਦੀ ਅਗਵਾਈ ਵਿੱਚ ਏ ਜੀ ਟੀ ਐੱਫ ਤੇ ਐੱਸ ਏ ਐੱਸ ਨਗਰ ਦੀਆਂ ਪੁਲਸ ਟੀਮਾਂ ਨੇ ਸਾਂਝੀ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਕਾਰਵਾਈ ਦੌਰਾਨ, ਮੁਲਜ਼ਮਾਂ ਨੇ ਗ੍ਰਿਫ਼ਤਾਰੀ ਤੋਂ ਬਚਣ ਦੀ ਕੋਸ਼ਿਸ਼ ਤਹਿਤ ਪੁਲਿਸ ਪਾਰਟੀ 'ਤੇ ਗੋਲੀਬਾਰੀ ਕੀਤੀ। ਪੁਲਸ ਵੱਲੋਂ ਵੀ ਜਵਾਬੀ ਗੋਲੀਬਾਰੀ ਕੀਤੀ ਗਈ ਤੇ ਦੋਵਾਂ ਮੁਲਜ਼ਮਾਂ ਨੂੰ ਗੋਲੀਆਂ ਲੱਗੀਆਂ।ਇਸ ਸਬੰਧ ਵਿੱਚ ਐੱਸ ਏ ਐੱਸ ਨਗਰ ਦੇ ਪੁਲਸ ਸਟੇਸ਼ਨ ਡੇਰਾਬੱਸੀ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਨਿਲਾਮੀ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿਰੋਂ (ਜ਼ਿਲ੍ਹਾ ਮੋਗਾ) ਵਿਖੇ ਅਣਸੁਰੱਖਿਅਤ ਇਮਾਰਤ ਦੀ ਨਿਲਾਮੀ ਮਿਤੀ 17-11-2025 ਨੂੰ ਕੀਤੀ ਜਾਵੇਗੀ। ਚਾਹਵਾਨ ਬੋਲੀਕਾਰਾਂ ਨੂੰ ਬੇਨਤੀ ਹੈ ਕਿ ਉਹ ਨਿਰਧਾਰਤ ਮਿਤੀ ਤੇ ਨਿਲਾਮੀ ਵਿੱਚ ਸ਼ਾਮਿਲ ਹੋਣ।

ਨਿਲਾਮੀ ਸੰਬੰਧੀ ਸਾਰੀਆਂ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

## Lost and Found

ਮੈਂ ਵਿਜੇ ਕੁਮਾਰ ਪੁੱਤਰ ਹਰਦਿਆਲ ਵਾਸੀ ਨਿਊ ਸੰਤੋਖਪੁਰਾ, ਜਲੰਧਰ।ਇਹ ਪੁਸ਼ਟੀ ਕਰਦੀ ਹਾਂ ਕਿ ਮੇਰੇ ਕੋਲੋਂ ਇੱਕ ਅਸਲ ਬੈਨਾਮਾ ਨੰ.1715 ਮਿਤੀ 28.05.2003 ਜੋ ਕਿ ਮੀਨਾ ਪਤਨੀ ਧਰਮਿੰਦਰ ਸਿੰਘ ਦੇ ਹੱਕ ਵਿੱਚ ਹੋਇਆ ਸੀ ਅਤੇ ਇੱਕ ਅਸਲ ਤਬਦੀਲ ਮਲਕੀਅਤਨਾਮਾ ਨੰ.2019-20/186/10040 ਮਿਤੀ 24.12.2019 ਜੋ ਕਿ ਵਿਜੇ ਕੁਮਾਰ ਪੁੱਤਰ ਹਰਦਿਆਲ ਦੇ ਹੱਕ ਵਿੱਚ ਹੋਇਆ ਸੀ ।ਜੋ ਕਿ ਵਾਕਿਆ ਅਬਾਦੀ ਚੱਕ ਹੁਸੈਨਾ ਲੰਮਾ ਪਿੰਡ, ਜਲੰਧਰ ਵਿਚ ਸਥਿਤ ਜਾਇਦਾਦ ਦੇ ਹਨ। ਜੋ ਮੌਕੇ ਪਰ ਇੱਕ ਮਕਾਨ ਰਕਬਾ 3 ਮਰਲੇ ਹੈ। ਜੋ ਕਿਧਰੇ ਗੁੰਮ/ਗੁਆਚ ਗਏ ਹਨ। ਜਿਸਦੀ ਮੈਂ ਸ਼ਿਕਾਇਤ LR No.647465/2025 ਮਿਤੀ 12.11.2025 ਨੂੰ ਥਾਣਾ ਡਵੀਜ਼ਨ ਨੰ.8 ਵਿਚ ਦਰਜ ਕਰਵਾਈ ਹੈ।ਜੇ ਕਿਸੇ ਵਿਅਕਤੀ ਨੂੰ ਇਹ ਗੁੰਮ ਹੋਇਆ ਬੈਨਾਮਾ ਅਤੇ ਤਬਦੀਲ ਮਲਕੀਅਤਨਾਮਾ ਕਿਸੇ ਨੂੰ ਮਿਲਦੇ ਹਨ ਜਾਂ ਇਸ ਸੰਬੰਧੀ ਕੋਈ ਇਤਰਾਜ ਹੈ ਤਾਂ ਮੈਨੂੰ ਵਿਜੇ ਕੁਮਾਰ ਨੂੰ ਇਸ ਨੰ. 98778-03892 ਤੇ ਸੰਪਰਕ ਕਰੇ।

## COURT NOTICE

(U/o 5 Rule 20 CPC)
In The Court of Ms. Gurpreet Kaur-II
Civil Judge Junior Division-2, Zira
CNR No. PBFZAO-000618-2025
Next Date:- 24-11-2025
Mandeep Kaur Vs. Baljit Singh Etc
Publication Issued To:-

3. Jarnail Singh S/o Kartar Kaur Since Deceased Through His Lrs. A. Jatinder Singh, B. Avtar Singh, C. Sarban Singh S/o Jarnail Singh R/o Basti Amar Singh Wali, Mallanwala Tehsil Zira, Distt. Ferozepur

4. Balvir Singh S/o Kartar Kaur R/o Basti Amar Singh Wali, Mallanwala Tehsil Zira, Distt. Ferozepur, 5 Mahinder Kaur D/o Kartar Kaur, Through Lrs.

A. Ranjit Singh, B. Sukhwinder Singh S/o Mahinder Kaur R/o Village Mahalam Tehsil and Distt. Ferozepur, 6 Joginder Kaur D/o Kartar Kaur,

Through its Lrs. A. Sony, B. Baljinder Singh S/o Joginder Kaur R/o Village Jhal Bibri Hoshiarpur, Tehsil and Distt. Kapurthala

7. Balwinder Kaur D/o Kartar Kaur and Wife of Jarnail Singh R/o Village Adramann Sub-Tehsil Mehatpur Distt. Jalandhar 8. Kulwinder Kaur D/o Kartar Kaur and Wife of Baljinder Singh R/o Village Malliwal, Tehsil Shahkot Distt. Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-11-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division-2, Zira

## ਗਰੇਟਰ ਲੁਧਿਆਣਾ ਏਰੀਆ ਡਿਵੈੱਲਪਮੈਂਟ ਅਥਾਰਟੀ


GLADA

### ਜਨਤਕ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਮੋਟਰ M/s Richmond Developers ਨੂੰ ਪਿੰਡ ਚੱਕ ਮੰਡੇਰ (ਹ: ਬ ਨੰ: 10), ਤਹਿਸੀਲ ਬੰਗਾ ਅਤੇ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਨੂੰ 3.025 ਏਕੜ ਵਿਖੇ ਕਮਰਸ਼ੀਅਲ ਕਾਲੋਨੀ "North Wood" ਵਿਕਸਤ ਕਰਨ ਲਈ ਲਾਇਸੈਂਸ ਨੰ: 04/2025 ਜਾਰੀ ਕੀਤਾ ਗਿਆ ਸੀ, ਜਿਸ ਦਾ ਲੇ-ਆਊਟ/ਬਿਲਡਿੰਗ ਪਲੈਨਜ਼ ਸੀਨੀਅਰ ਨਗਰ ਯੋਜਨਾਕਾਰ, ਜਲੰਧਰ ਦੇ ਪੱਤਰ ਨੰ: 1538 STP(J)/LAY/BP(N)N-1 ਮਿਤੀ 26.11.2024 ਰਾਹੀਂ ਤਕਨੀਕੀ ਤੌਰ 'ਤੇ ਚੈੱਕ ਕਰਕੇ ਭੇਜੇ ਗਏ ਸਨ। ਹੁਣ ਪ੍ਰੋਮੋਟਰ ਵੱਲੋਂ ਸਟੂਡੀਓ ਅਪਾਰਟਮੈਂਟਸ ਦੀ ਜਗ੍ਹਾ ਸ਼ਾਪਸ ਤਜਵੀਜ਼ ਕਰਦੇ ਹੋਏ ਲੇ-ਆਊਟ/ਬਿਲਡਿੰਗ ਪਲੈਨ ਰਿਵਾਈਜ਼ ਕਰਵਾਉਣ ਲਈ ਅਪਲਾਈ ਕੀਤਾ ਹੈ। ਲੇ-ਆਊਟ/ਬਿਲਡਿੰਗ ਪਲੈਨ ਰਿਵੀਜ਼ਨ ਸੰਬੰਧੀ ਜੇਕਰ ਕਿਸੇ ਵੀ ਧਿਰ/ਸਟੇਕਹੋਲਡਰ/ਅਲਾਟੀ ਨੂੰ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ 15 ਦਿਨ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਉਪਰੰਤ ਪ੍ਰਾਪਤ ਇਤਰਾਜ਼ਾਂ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਪੁਰਾਣਾ ਲੇ-ਆਊਟ ਅਤੇ ਰਿਵਾਈਜ਼ਡ ਲੇ-ਆਊਟ ਲਾਇਸੈਂਸਿੰਗ ਬਰਾਂਚ ਅਤੇ ਸੀਨੀਅਰ ਨਗਰ ਯੋਜਨਾਕਾਰ ਦਫਤਰ ਗਲਾਡਾ, ਫਿਰੋਜ਼ਪੁਰ ਰੋਡ ਵਿਖੇ ਹਾਜ਼ਰ ਹੋ ਕੇ ਵੇਖਿਆ ਜਾ ਸਕਦਾ ਹੈ।

ਮੁੱਖ ਪ੍ਰਸ਼ਾਸਕ ਗਲਾਡਾ, ਲੁਧਿਆਣਾ।

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : ਰਾਮ ਲੁਬਾਇਆ    ਪਿਤਾ/ਪਤੀ ਦਾ ਨਾਮ : ਫ਼ਕੀਰ ਚੰਦ

ਪਤਾ: Patti Jodha Vpo Bundala Tehsil Phillaur Distt Jalandhar, Village-Bundala/Tehsil -Phillaur/District-Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : ਕਿਰਨਦੀਪ    ਪੱਕਾ ਪਤਾ: Patti Jodha Vpo Bundala Tehsil Phillaur Bundala, Phillaur, Jalandhar, Punjab ਵਿਦੇਸ਼ੀ ਪਤਾ : Schneller Strabe 117, Schoneweide 12439, Berlin Germany/ ਸ਼ਨੇਲਰ ਸਟ੍ਰੈਬ 117, ਸ਼ੋਨਵੀਡ 12439, ਬਰਲੀਨ ਜਰਮਨੀ

ਉਮਰ/ਜਨਮ ਮਿਤੀ : 26-(08/12/1998)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 31.10.2025 ਨੂੰ ਜਾਰੀ ਹੋਇਆ।


ਨੰਬਰ 88/ਨੰਬਰ/ਰੀਡਰ    ਮਿਤੀ 31.10.2025    ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਸੇਵਾ ਕੇਂਦਰ, ਖੇਤੀਬਾੜੀ ਦਫਤਰ ਤੇ ਸੀਵਰੇਜ ਪਾਉਣ ਦੇ ਕੰਮ ਦਾ ਉਦਘਾਟਨ ਅੱਜ



ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿੱਚ ਵੱਸਦੇ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਨਾਲ ਲੱਗਦੇ ਜੇਜੋ ਦੁਆਬਾ ਵਿਖੇ ਖੋਲ੍ਹੇ ਜਾ ਰਹੇ ਸੇਵਾ ਕੇਂਦਰ, ਖੇਤੀਬਾੜੀ ਦਫਤਰ ਅਤੇ ਸੀਵਰੇਜ ਪਾਉਣ ਦੇ ਕੰਮ ਦਾ ਉਦਘਾਟਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਅਤੇ ਡਾਕਟਰ ਇਸ਼ਾਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ 13 ਨਵੰਬਰ ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਸਾਂਝੇ ਤੌਰ ਤੇ ਕਰਨਗੇ। ਇਹ ਜਾਣਕਾਰੀ ਪ੍ਰਵੀਨ ਸੋਨੀ ਸਰਪੰਚ ਜੇਜੋ ਦੋਆਬਾ ਵੱਲੋਂ ਪ੍ਰਾਪਤ ਹੋਈ। ਇਸ ਮੌਕੇ ਉਹਨਾਂ ਨਾਲ ਕੁਲਵਿੰਦਰ ਕੌਰ ਪੰਚ, ਪਿੰਕੀ ਪੰਚ, ਰੇਨੂ ਬਾਲਾ ਪੰਚ, ਬਾਮਦੇਵ ਸ਼ਰਮਾ, ਅਸ਼ਵਨੀ ਖੰਨਾ, ਕੀਮਤੀ ਲਾਲ ਜੈਨ, ਬਿੱਲਾ ਜੈਨ, ਰਕੇਸ਼, ਜੈਨ,ਜੋਤੀ, ਭੂਸ਼ਨ ਸੂਦ, ਸ਼ਸ਼ੀ ਬਾਲਾ ਸਮੇਤ ਪਿੰਡ ਨਿਵਾਸੀ ਹਾਜ਼ਰ ਸਨ।

## ਸ੍ਰੀ ਅਨੰਦਪੁਰ ਸਾਹਿਬ ਤੋਂ ਗੁ: ਸੀਸ ਗੰਜ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ : ਬਾਬਾ ਬਲਬੀਰ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਸ਼ਹੀਦੀ ਨਗਰ ਕੀਰਤਨ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਮਹਾਪੁਰਸ਼ਾਂ ਦੇ ਮੁਖੀ ਸਾਹਿਬਾਨ ਦੇ ਸਹਿਯੋਗ ਨਾਲ 13 ਨਵੰਬਰ 2025 ਨੂੰ ਦਿਨ ਵੀਰਵਾਰ ਨੂੰ ਸਵੇਰੇ 8:15 ਵਜੇ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅਨੰਦਪੁਰ ਸਾਹਿਬ ਤੋਂ ਅਰੰਭ ਹੋ ਕੇ ਕਿਲ੍ਹਾ ਅਨੰਦਗੜ੍ਹ ਸਾਹਿਬ, ਪੰਜ ਪਿਆਰਾ ਪਾਰਕ, ਕੀਰਤਪੁਰ ਸਾਹਿਬ, ਗੁ: ਪਰਿਵਾਰ ਵਿਛੋੜਾ, ਭਰਤਗੜ੍ਹ, ਘਨੌਲੀ, ਮਲਕਪੁਰ, ਗੁ. ਭੱਠਾ ਸਾਹਿਬ (ਰੋਪੜ), ਸੋਲਖੀਆ ਟੋਲ ਪਲਾਜ਼ਾ, ਕੁਰਾਲੀ, ਪਡਿਆਲਾ, ਖਰੜ, ਸੱਤੇਵਾਲ, ਲਾਂਡਰਾ, ਬਨੂੜ, ਸ਼ੰਭੂ ਬਾਰਡਰ ਤੋਂ ਹੁੰਦਾ ਹੋਇਆ ਰਾਤ ਗੁ. ਮੰਜੀ ਸਾਹਿਬ (ਅੰਬਾਲਾ) ਵਿਖੇ ਵਿਸ਼ਰਾਮ ਕਰੇਗਾ।14 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਤੋਂ ਅੰਬਾਲਾ ਕੈਂਟ, ਸ਼ਾਹਬਾਦ, ਪਿਪਲੀ, ਕੁਰੂਕਸ਼ੇਤਰ, ਤਰਾਵੜੀ ਮੋੜ, ਕਰਨਾਲ, ਘਰੋਂਡਾ, ਪਾਣੀਪਤ ਟੋਲ ਪਲਾਜ਼ਾ, ਸਮਾਲਖਾ, ਸੋਨੀਪਤ, ਕੁੰਡਲੀ, ਸਿੰਘੂ ਬਾਰਡਰ, ਬਾਈਪਾਸ, ਲਿਬਾਸਪੁਰ, ਗੁ. ਮਜਨੂੰ ਟਿੱਲਾ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ (ਦਿੱਲੀ) ਵਿਖੇ ਸੰਪੂਰਨ ਹੋਵੇਗਾ।

## ਅਦਾਲਤੀ ਇਸ਼ਤਿਹਾਰ

ਬਾ : ਅਦਾਲਤ ਜਗਸੀਰ ਮਿੱਤਲ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-1
ਹਰਭਜਨ ਸਿੰਘ ਵਗੈਰਾ ਬਨਾਮ ਬਲਵੰਤ ਸਿੰਘ ਵਗੈਰਾ

1) ਬਲਵੰਤ ਸਿੰਘ ਪੁੱਤਰ ਮਿਲਖਾ ਸਿੰਘ (ਮ੍ਰਿਤਕ) ਵਾਸੀ ਪਿੰਡ ਢਿੱਲਵਾਂ, ਜਲੰਧਰ ਬਜਰੀਆ ਵਾਰਸਾਨ :-
1. ਕਮਲਜੀਤ ਸਿੰਘ (ਪੁੱਤਰ), 2. ਕੁਲਵਿੰਦਰ ਕੌਰ (ਪੁੱਤਰੀ), 3. ਹਰਵਿੰਦਰ ਕੌਰ (ਪੁੱਤਰੀ) ਵਾਸੀਆਨ ਪਿੰਡ ਢਿੱਲਵਾਂ, ਜਲੰਧਰ।

2) ਦਿਲਬਾਗ ਸਿੰਘ ਪੁੱਤਰ ਮਿਲਖਾ ਸਿੰਘ (ਮ੍ਰਿਤਕ) ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ। ਬਜਰੀਆ ਵਾਰਸਾਨ :- 1. ਅਮਰਜੀਤ ਕੌਰ (ਪੁੱਤਰੀ) 2. ਕੁਲਦੀਪ ਕੌਰ (ਪੁੱਤਰੀ) 3. ਉਪਕਾਰ ਸਿੰਘ (ਪੁੱਤਰੀ) 4. ਜਤਿੰਦਰ ਸਿੰਘ (ਪੁੱਤਰ) ਵਾਸੀਆਨ ਪਿੰਡ ਢਿੱਲਵਾਂ, ਜ਼ਿਲ੍ਹਾ ਜਲੰਧਰ। 3) ਬਲਜੀਤ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 4) ਜਸਵਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ; ਬਜਰੀਆ ਵਾਰਸਾਨ :- 1. ਜਗਜੀਤ ਸਿੰਘ (ਪੁੱਤਰ) ਵਾਸੀ ਪਿੰਡ ਢਿੱਲਵਾਂ ਜਲੰਧਰ 2. ਰਣਜੀਤ ਸਿੰਘ (ਪੁੱਤਰ) ਵਾਸੀ ਪਿੰਡ ਢਿੱਲਵਾਂ ਜਲੰਧਰ 3. ਸਰਬਜੀਤ ਕੌਰ (ਪੁੱਤਰੀ) ਵਾਸੀ ਪੱਤੀ ਜੈ ਚੰਦ ਕੀ ਵੀ.ਪੀ.ਓ. ਸਰੀਂਹ ਨਕੋਦਰ, 5) ਬਲਜਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 6) ਗੁਰਦੀਪ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 7) ਰਾਜਵਿੰਦਰ ਕੌਰ-ਰਜਵਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 8) ਜਗਜੀਤ ਸਿੰਘ ਪੁੱਤਰ ਜਸਵਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ , 9) ਰਨਜੀਤ ਸਿੰਘ ਪੁੱਤਰ ਜਸਵਿੰਦਰ ਕੌਰ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ, ਜ਼ਿਲ੍ਹਾ ਜਲੰਧਰ।

ਬਾਬਤ ਤਕਸੀਮ ਕੇਸ ਪਿੰਡ ਢਿੱਲਵਾਂ, ਤਹਿਸੀਲ ਜਲੰਧਰ-1

ਖੇਵਟ ਨੰ: 76 ਖਤੌਨੀ ਨੰਬਰ 85 ਖੇਵਟ ਨੰਬਰ 355 ਖਤੌਨੀ ਨੰਬਰ 408

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਖੁਦ ਜਾਂ ਆਪਣੇ ਵਕੀਲ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 28-11-2025 ਨੂੰ ਪੇਸ਼ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਯਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਕੇਸ ਦਾ ਫੈਸਲਾ ਤੁਹਾਡੀ ਹਾਜ਼ਰੀ ਦੇ ਵਗੈਰ ਕਰ ਦਿੱਤਾ ਜਾਵੇਗਾ।

ਅੱਜ ਮਿਤੀ 28/10/2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ 251/ਰੀਡਰ ਮਿਤੀ : 28/10/2025    ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1

## ਅਦਾਲਤੀ ਇਸ਼ਤਿਹਾਰ

ਬਾ : ਅਦਾਲਤ ਜਗਸੀਰ ਮਿੱਤਲ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-1
ਬਲਜਿੰਦਰ ਕੌਰ ਵਗੈਰਾ ਬਨਾਮ ਜਸਵਿੰਦਰ ਕੌਰ ਵਗੈਰਾ

1) ਜਸਵਿੰਦਰ ਕੌਰ ਪੁੱਤਰੀ ਮੱਖਣ ਸਿੰਘ (ਮ੍ਰਿਤਕ) ਵਾਸੀ ਪਿੰਡ ਢਿੱਲਵਾਂ, ਜਲੰਧਰ

ਬਜਰੀਆ ਵਾਰਸਾਨ :- 1. ਜਗਜੀਤ ਸਿੰਘ (ਪੁੱਤਰ) 2. ਰਣਜੀਤ ਸਿੰਘ (ਪੁੱਤਰ) ਵਾਸੀ ਪਿੰਡ ਢਿੱਲਵਾਂ ਜਲੰਧਰ 3. ਸਰਬਜੀਤ ਕੌਰ (ਪੁੱਤਰੀ) ਪੱਤੀ ਜੈ ਚੰਦ ਵੀ.ਪੀ.ਓ. ਸਰੀਂਹ ਨਕੋਦਰ, 2) ਜਗਜੀਤ ਸਿੰਘ ਪੁੱਤਰ ਜਸਵਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ, ਜਲੰਧਰ, 3) ਰਨਜੀਤ ਸਿੰਘ ਪੁੱਤਰ ਜਸਵਿੰਦਰ ਕੌਰ ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ, ਜਲੰਧਰ, 4) ਰਾਜਵਿੰਦਰ ਕੌਰ (ਰਜਵਿੰਦਰ ਕੌਰ) ਪੁੱਤਰੀ ਮੱਖਣ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 5) ਅਮਰਜੀਤ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 6) ਰਾਜਿੰਦਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 7) ਸੁਖਵਿੰਦਰ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 8) ਬਲਵਿੰਦਰ ਕੌਰ ਪੁੱਤਰੀ ਬੰਤਾ ਸਿੰਘ ਵਾਸੀ ਮ:ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 9) ਸਰਬਜੀਤ ਸਿੰਘ ਪੁੱਤਰ ਝਲਮਨ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 10 ਹਰਦੀਪ ਸਿੰਘ ਪੁੱਤਰ ਝਲਮਨ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 11 ਝਲਮਨ ਸਿੰਘ ਪੁੱਤਰ ਲਾਲ ਸਿੰਘ ਵਾਸੀ ਮ: ਨੰ: 90 ਮੁਹੱਲਾ ਨੀਚਾ ਬੰਦਾ, ਜ਼ਿਲ੍ਹਾ ਕਪੂਰਥਲਾ, 12 ਬਲਵੰਤ ਸਿੰਘ ਪੁੱਤਰ ਮਿਲਖਾ ਸਿੰਘ (ਮ੍ਰਿਤਕ) ਵਾਸੀ ਪਿੰਡ ਢਿੱਲਵਾਂ ਜਲੰਧਰ ਬਜਰੀਆ ਵਾਰਸਾਂਨ :- 1. ਕਮਲਜੀਤ ਸਿੰਘ (ਪੁੱਤਰ) 2. ਕੁਲਵਿੰਦਰ ਕੌਰ (ਪੁੱਤਰੀ) 3. ਹਰਵਿੰਦਰ ਕੌਰ (ਪੁੱਤਰੀ) ਵਾਸੀਆਂਨ ਪਿੰਡ ਢਿੱਲਵਾਂ ਜਲੰਧਰ, 13) ਦਿਲਬਾਗ ਸਿੰਘ ਪੁੱਤਰ ਮਿਲਖਾ ਸਿੰਘ (ਮ੍ਰਿਤਕ) ਵਾਸੀ ਪਿੰਡ ਢਿੱਲਵਾਂ ਜਲੰਧਰ। ਬਜਰੀਆ ਵਾਰਸਾਨ :- 1. ਅਮਰਜੀਤ ਕੌਰ (ਪਤਨੀ) 2. ਕੁਲਦੀਪ ਕੌਰ (ਪੁੱਤਰੀ) 3. ਉਪਕਾਰ ਸਿੰਘ (ਪੁੱਤਰ) 4. ਜਤਿੰਦਰ ਸਿੰਘ (ਪੁੱਤਰ) ਵਾਸੀਆਂਨ ਪਿੰਡ ਢਿੱਲਵਾਂ ਜਲੰਧਰ, 14) ਬਲਜੀਤ ਸਿੰਘ ਪੁੱਤਰ ਮਿਲਖਾ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ, 15) ਗੁਰਦੀਪ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਪਿੰਡ ਢਿੱਲਵਾਂ ਜਲੰਧਰ।

ਬਾਬਤ ਤਕਸੀਮ ਕੇਸ ਪਿੰਡ ਢਿੱਲਵਾਂ, ਤਹਿਸੀਲ ਜਲੰਧਰ-1

ਖੇਵਟ ਨੰ: 70 ਖਤੌਨੀ ਨੰਬਰ 79 ਖੇਵਟ ਨੰਬਰ 72 ਖਤੌਨੀ ਨੰਬਰ 81 ਖੇਵਟ ਨੰ: 76 ਖਤੌਨੀ ਨੰ: 85

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਕਤ ਤਕਸੀਮ ਕੇਸ ਦਾ ਫੈਸਲਾ ਹੋਣ ਵਿਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਖੁਦ ਜਾਂ ਆਪਣੇ ਵਕੀਲ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 28-11-2025 ਨੂੰ ਪੇਸ਼ ਕਰ ਸਕਦਾ ਹੈ। ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਯਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਕੇਸ ਦਾ ਫੈਸਲਾ ਤੁਹਾਡੀ ਹਾਜ਼ਰੀ ਦੇ ਵਗੈਰ ਕਰ ਦਿੱਤਾ ਜਾਵੇਗਾ।

ਅੱਜ ਮਿਤੀ 28/10/2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ 252/ਰੀਡਰ ਮਿਤੀ : 28/10/2025    ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸਰਜ਼ ਏ ਬੀ ਇੰਡਸਟਰੀਜ਼ ਮਕਾਨ ਨੰ. 839 ਵਿਖੇ ਸਥਿਤ ਗਲੀ ਨੰ. 2 ਮੁਰਾਦਪੁਰਾ ਮੁਹੱਲਾ ਮਿਲਰਗੰਜ, ਲੁਧਿਆਣਾ-141003 ਰਾਹੀਂ ਇਸ ਦੇ ਮਾਲਕ ਭਿੰਦਰ ਸਿੰਘ (2) ਸ੍ਰੀ ਭਿੰਦਰ ਸਿੰਘ ਪੁੱਤਰ ਸਾਦੀ ਰਾਮ ਵਾਸੀ ਮਕਾਨ ਨੰ. 839, ਗਲੀ ਨੰ. 2, ਵਾਰਡ ਨੰ. 33, ਮੁਰਾਦਪੁਰਾ ਮੁਹੱਲਾ ਮਿਲਰਗੰਜ, ਲੁਧਿਆਣਾ, ਪੰਜਾਬ-141003 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਅਮਰਦੀਪ ਸਿੰਘ ਪੁੱਤਰ ਭਿੰਦਰ ਸਿੰਘ ਵਾਸੀ ਮਕਾਨ ਨੰ. 839, ਗਲੀ ਨੰ. 2, ਮੁਰਾਦਪੁਰਾ, ਲੁਧਿਆਣਾ-141003 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਡਿਮਾਂਡ ਨੋਟਿਸ ਦੀ ਮਿਤੀ ਨੂੰ ਓ ਡੀ/071400000073 'ਚ ਰੁਪਏ 24,76,203.60/- ਦੇ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ 'ਚ ਮੋੜਨ ਲਈ ਮਿਤੀ 22-07-2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਓ ਡੀ/071400000073 'ਚ ਬਕਾਇਆ ਰਕਮ ਰੁਪਏ 24,76,203.60/- ਸਮੇਤ 01.07.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 25,054 ਮਿਤੀ 28.01.2005 ਅਨੁਸਾਰ ਸ੍ਰੀ ਭਿੰਦਰ ਸਿੰਘ ਪੁੱਤਰ ਸ੍ਰੀ ਸਾਦੀ ਰਾਮ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼ ਗਿਲ ਨੰ. 1, ਅਬਾਦੀ ਪ੍ਰੀਤ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਨਾਲ ਸੰਬੰਧਤ ਸਭ ਕੁੱਝ।

ਮਿਤੀ : 12-11-2025    (ਅਧਿਕਾਰਤ ਅਫਸਰ)

## ਉੱਤਰ ਰੇਲਵੇ

### ਈ-ਆਕਸ਼ਨ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-125 | 26.11.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) 14720/F1, 19612/F1, 14654/F1, 12032/F1, 14654/F2, 15212/F1, 14654/R1, 22486/F1, 11058/R1 & 15015/F1. |
| EAFZR-SCANNER-23 | 27.11.2025 ਨੂੰ 11:00 ਵਜੇ | ਫਿਰੋਜ਼ਪੁਰ ਕੈਂਟ, ਜਲੰਧਰ ਕੈਂਟ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਸਾਰੇ ਆਊਟਗੋਇੰਗ ਪਾਰਸਲਾਂ ਦੀ ਸਕੈਨਿੰਗ ਦੇ ਲਈ ਪਾਰਸਲ ਸਕੈਨਰ ਮਸ਼ੀਨ ਦੇ ਪ੍ਰਾਵਧਾਨ ਦੇ ਕੰਮ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-SLR25-126 | 28.11.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) 15532/F1, 12030/F1, 14680/F1, 22552/F1, 14614/F1, 14614/R1, 19326/F1, 14604/F1, 14682/F1 & 22446/F1 |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

### ਸ਼ੁਧੀਪੱਤਰ ਸੂਚਨਾ

ਫਿਰੋਜ਼ਪੁਰ ਮੰਡਲ ਵਿਚ ਦੋਪਹੀਆ ਅਤੇ ਹੋਰ ਪਾਰਸਲ ਪੈਕਿੰਗ ਕਾਂਟਰੈਕਟ ਲਈ ਈ-ਪ੍ਰੋਕਯੋਰਮੈਂਟ ਸਿਸਟਮ (ਆਈਆਰਈਪੀਐਸ) ਦੇ ਮਾਧਿਅਮ ਨਾਲ ਵਖ-ਵਖ ਸਮਾਚਾਰ ਪੱਤਰਾਂ ਵਿਚ ਮਿਤੀ 07.11.2025 ਨੂੰ ਪ੍ਰਕਾਸ਼ਿਤ ਖੁਲ੍ਹੀ ਨਿਵਿਦਾ ਮੰਗ ਦੇ ਸੰਦਰਭ ਵਿਚ, ਹੇਠਾਂ ਲਿਤ ਸੰਸ਼ੋਧਨ ਕੀਤਾ ਜਾਂਦਾ ਹੈ:-

ਕੈਟਲਾਗ ਨੰਬਰ EAFZR-PACKING36 ਦੇ ਲਈ ਨੀਲਾਮੀ ਸ਼ੁਰੂ ਸਮਾਂ "24.11.2025 ਨੂੰ 11:00 ਵਜੇ" ਦੇ ਸਥਾਨ ਉਤੇ "26.11.2025 ਨੂੰ 11:00 ਵਜੇ" ਪੜ੍ਹਿਆ ਜਾਵੇਗਾ।

ਨਿਵਿਦਾ ਦੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਅਬਦਲ ਰਹਿਣਗੇ।

3517/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## High Court of Punjab and Haryana At Chandigarh

ARB No. 394 of 2024 (O&M)
Date of Hearing: 27.11.2025 (A)
Anand Model Educational And Charitable Society
...Appellant
Versus
National Institute For Micro, Small And Medium Enterprises And Another
.............Respondents

Appeal U/S: 1(6) Of The Arbitration And Conciliation Act 1996.

Notice To:- Respondent No. 2:- National Fire And Safety Management Private Limited (Ncfse) Sco- 51, First Floor, Near Best Price, Zirakpur- 140603 (Punjab).

In the above titled appeal, the respondent(s)/defendant(s) Could not be served in ordinary process. It is ordered that the respondent(s)/defendant(s) should appear in person or through counsel on 27.11.2025 (A),

For details logon to www.highcourtchd.gov.in

Sd/- Suprintendent
For Registrar (Judicial)
Punjab and Haryana High Court, Chandigarh

## COURT NOTICE

(U/o 5 Rule 20 CPC)
In The Court of Sh. Manav Additional District and Sessions Judge Ludhiana
CNR No. PBLD01-003288-2024
Next Date: 20-12-2025
Harbans Singh
Vs.
Charanjit Kaur
Publication Issued To:
Charanjit Kaur
Spouse :- Amarjit Singh
R/o 2607, St. No. 3/13, Prem Vihar Colony, Gopal Nagar Tibba Road, Ludhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-12-2025 at 10:00 a.m.

For details logon to https://highcourtchd.gov.in/?mod=district_notice&district=mogacourt

Additional District and Sessions Judge Ludhiana
Dated, this day of 10-11-2025

## ਪਬਲਿਕ ਨੋਟਿਸ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਤਹਿਸੀਲਦਾਰ, ਮਾਨਸਾ

ਵਿਸ਼ਾ : ਦਰਖਾਸਤ ਵੱਲੋਂ ਪਰਮਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦਰੁਸਤ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਇਸ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਵਿਖੇ ਪਰਮਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਖੋਖਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮਾਨਸਾ ਵੱਲੋਂ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਨਾਂਅ ਮਾਲ ਰਿਕਾਰਡ ਵਿੱਚ ਬਲਵਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਪੁੱਤਰ ਕਿਸ਼ਨ ਸਿੰਘ ਪਿੰਡ ਖੋਖਰ ਕਲਾਂ ਦਰਜ ਹੈ, ਜਦੋਂ ਕਿ ਉਸ ਦੇ ਆਧਾਰ ਕਾਰਡ, ਵੋਟਰ ਕਾਰਡ ਅਤੇ ਪੈਨ ਕਾਰਡ ਵਿੱਚ ਪਰਮਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਦਰਜ ਹੈ। ਇਹ ਕਿ ਉਸ ਨੂੰ ਬਲਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਹ ਦੋਵੇਂ ਨਾਂਅ ਇੱਕ ਹੀ ਵਿਅਕਤੀ ਦੇ ਹਨ। ਪ੍ਰਾਰਥੀ ਵੱਲੋਂ ਬੇਨਤੀ ਕੀਤੀ ਕਿ ਉਸ ਦਾ ਨਾਂਅ ਮਾਲ ਰਿਕਾਰਡ ਵਿੱਚ ਬਲਵਿੰਦਰ ਸਿੰਘ ਉਰਫ ਪਰਮਿੰਦਰ ਸਿੰਘ ਸਹੀ ਦਰੁਸਤ ਕੀਤਾ ਜਾਵੇ।

ਉਕਤ ਮੇਰੇ ਨਾਂਅ ਨੂੰ ਦਰੁਸਤ ਕਰਨ ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ।ਬਾਅਦ ਗੁਜ਼ਰਨੇ ਮਿਆਦ ਕੋਈ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਨਿਯਮਾਂ ਅਨੁਸਾਰ ਨਾਂਅ ਦੀ ਦਰੁਸਤੀ ਕਰ ਦਿੱਤੀ ਜਾਵੇਗੀ।

ਅੱਜ ਮਿਤੀ 12/11/2025 ਨੂੰ ਇਹ ਮੇਰੀ ਮੋਹਰ ਅਦਾਲਤ ਅਤੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਤਹਿਸੀਲਦਾਰ, ਮਾਨਸਾ।

## ਪਬਲਿਕ ਨੋਟਿਸ

ਬਾ : ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ-1, ਜ਼ਿਲ੍ਹਾ ਜਲੰਧਰ

ਵਿਸ਼ਾ : ਜਮਾਂਬੰਦੀ ਫਰਦ ਪਿੰਡ ਜਲੰਧਰ-1 ਦੇ ਵਿੱਚ ਨਾਂਅ ਬਦਲੀ ਕਰਨ ਸੰਬੰਧੀ ਬਿਨੈ ਪੱਤਰ

ਵੱਲੋਂ ਗੁਰਮੀਤ ਲਾਲ ਪੁੱਤਰ ਸ੍ਰੀ ਕਿਰਪਾ ਰਾਮ ਵਾਸੀ ਮਕਾਨ ਨੰਬਰ 525, ਚੁਗਿੱਟੀ, ਜਲੰਧਰ।

ਹਰ ਆਮ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰ ਦੀ ਅਦਾਲਤ ਵਿਚ ਗੁਰਮੀਤ ਲਾਲ ਪੁੱਤਰ ਸ੍ਰੀ ਕਿਰਪਾ ਰਾਮ ਵੱਲੋਂ ਇਕ ਦਰਖਾਸਤ ਹਲਫੀਆ ਬਿਆਨ ਦੇ ਰੂਪ ਵਿੱਚ ਪੇਸ਼ ਕੀਤੀ ਹੈ। ਜਿਸ ਵਿੱਚ ਗੁਰਮੀਤ ਲਾਲ ਪੁੱਤਰ ਸ੍ਰੀ ਕਿਰਪਾ ਰਾਮ ਵਾਸੀ ਮਕਾਨ ਨੰਬਰ 525, ਚੁਗਿੱਟੀ, ਜਲੰਧਰ ਦਾ ਰਹਿਣ ਵਾਲਾ ਹਾਂ ਤੇ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੋ ਸਾਡੀ ਪ੍ਰੋਪਰਟੀ ਵਾਕਿਆ ਪਿੰਡ ਚੁਗਿੱਟੀ ਦਾ ਜਮ੍ਹਾਂਬੰਦੀ ਸਾਲ 2009-10 ਹਦਬਸਤ ਨੰ: 307 (ਫਰਦ ਨਾਲ ਨੱਥੀ) ਵਿੱਚ ਮੇਰਾ ਨਾਂਅ ਜੋਗਿੰਦਰ ਪਾਲ ਪੁੱਤਰ ਸ੍ਰੀ ਕਿਰਪਾ ਰਾਮ ਦਰਜ ਹੈ। ਜਦ ਕਿ ਮੇਰੇ ਸਾਰੇ ਦਸਤਾਵੇਜ਼ਾਂ ਵਿੱਚ ਮੇਰਾ ਨਾਂਅ ਗੁਰਮੀਤ ਲਾਲ ਹੈ। ਇਹ ਕਿ ਮੈਂ ਆਪਣੇ ਨਾਂਅ ਦੀ ਤਬਦੀਲੀ ਬਹੁਤ ਸਮਾਂ ਪਹਿਲਾਂ ਕਰ ਲਈ ਸੀ ਤੇ ਇਹ ਦੋਨੋਂ ਨਾਂਅ ਜੋਗਿੰਦਰ ਪਾਲ ਤੇ ਗੁਰਮੀਤ ਲਾਲ ਇਹ ਦੋਨੋਂ ਨਾਂਅ ਮੇਰੇ ਹੀ ਹਨ ਤੇ ਇੱਕੋ ਹੀ ਵਿਅਕਤੀ ਦੇ ਨਾਂਅ ਤੇ ਮੈਂ ਆਪਣੀ ਪ੍ਰਾਪਰਟੀ ਦੀ ਜਮ੍ਹਾਂਬੰਦੀ ਮਾਲ ਰਿਕਾਰਡ ਵਿੱਚ ਆਪਣੇ ਨਾਂਅ ਦੀ ਸੋਧ ਕਰਵਾਉਣਾ ਚਾਹੁੰਦਾ ਹਾਂ। ਸੋ ਕ੍ਰਿਪਾ ਕਰਕੇ ਦਸਤਾਵੇਜ਼ਾਂ ਦੇ ਆਧਾਰ 'ਤੇ ਮੇਰੇ ਨਾਂਅ ਦੀ ਸੋਧ ਕਰਕੇ ਮੇਰਾ ਨਾਂਅ ਗੁਰਮੀਤ ਲਾਲ ਉਰਫ ਜੋਗਿੰਦਰ ਪਾਲ ਦਰਜ ਵਾ ਮਨਜ਼ੂਰ ਕੀਤਾ ਜਾਵੇ ਜੀ।

ਜੇਕਰ ਕਿਸੇ ਨੂੰ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਨੋਟਿਸ ਦੇ ਅਖਬਾਰ ਵਿੱਚ ਛਾਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਅਸਾਲਤਨ ਵਕਾਲਤਨ ਜਾਂ ਕਿਸੇ ਮੁਖਤਿਆਰ ਰਾਹੀਂ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਮਿੱਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਨਿਯਮ ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 11.11.2025 ਨੂੰ ਨਿਮਨਹਸਤਾਖਰ ਦੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ: 406/ਰੀਡਰ ਮਿਤੀ : 11.11.2025
ਸਹਾਇਕ ਕੁਲੈਕਟਰ ਦਰਜਾ ਅੱਵਲ, ਜਲੰਧਰ-1

## COURT NOTICE

(U/o 5 Rule 20 CPC)
In The Court of Ms. Arpna
Civil Judge (Junior Division)-15, Jalandhar
CNR No. PBJL02-000682-2025
Next Date:- 17-12-2025
Ashok Kumar Chadha
Vs.
Ashok Kumar
Publication Issued To:
Ashok Kumar S/O Dhanilal R/O Shital Nagar Village Nagra Tehsil And District Jalandhar.

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 17-12-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-15, Jalandhar
Dated, this day of 10-11-2025

## COURT NOTICE

(U/o 5 Rule 20 CPC)
In The Court of Ms. Arpna
Civil Judge (Junior Division)-15, Jalandhar
CNR No. PBJL02-001625-2025
Next Date:- 12-12-2025
Vinod Kumar
Vs.
Arna Mital

Suit for Partition of Property as prayed for Suit for grant of decree of Permanent Injunction as prayed for

Publication Issued To:
1. Arna Mital W/o Late Gautam Kumar, 2. Nandini Gupta D/o Late Gautam Kumar, 3. Raveena Mittal W/o Late Ishant Mittal S/o Late Gautam Kumar 4. Shifali Mittal D/o Late Gautam Kumar, R/o Shop No. 56 Mohalla No. 21 Jalandhar Cantt

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 12-12-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-15 Jalandhar
Dated, this day of 10-11-2025

## COURT NOTICE

(U/o 5 Rule 20 CPC)
In The Court of Sh. Balkar Singh
Additional Civil Judge (Senior Division), Budhlada
CNR No. PBMNA0-000738-2020
Next Date:- 29-11-2025
Swaran Kaur
Vs. Gurpreet Singh
Publication Issued To:

2. Gurpartap Singh Son Of Swaran Kaur W/o Sukhbir Singh, 4. Rupinder Kaur Mangat offspring of Malkit Singh Son of Jangir Singh, 5. Sukhinder Singh offspring of Malkit Singh Son of Jangir Singh, 6. Navdeep Singh Bajwa offspring of Malkit Singh Son of Jangir Singh. All Residents of R/o Village Mall Singh Wala, Tehsil Budhlada, District Mansa

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 29-11-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division), Budhlada
Dated, this day of 10-11-2025

## COURT NOTICE

(U/o 5 Rule 20 CPC)
In The Court of Ms. Arpna
Civil Judge (Junior Division)-15, Jalandhar
CNR No. PBJL02-004091-2025
Next Date: 02-12-2025
Uco Bank Vs.
Shri Hanumant Agencies

Execution Application to execute the order dated 06-09-2024 passed by the Court of MS. ARPNA, CJJD, JALANDHAR

Publication Issued To:
1. Shri Hanumant Agencies:- Santokhpura Hoshiarpur Road Jalandhar through its Proprietor Shri Vikas Dhingra S/o Sudarshan Kumar Dhingra 2. Vikas Dhingra S/o Sudarshan Kumar Dhingra, M/S Shri Hanumant Agencies, R/o 65-B Vikaspuri, Santokhpura Jalandhar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 02-12-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-15 Jalandhar
Dated, this day of 10-11-2025

# ਕਲਾਸੀਫਾਈਡ ਇਸ਼ਤਿਹਾਰ

## Change of Name

I,Navdeep Singh S/O Gurdeep Singh R/O 1,VPO Kathania,Distt. Amritsar, Punjab have changed my name from Navdeep Singh to Navdeep Singh Randhawa. Concerned note.

I Resham Singh S/o Joginder Singh VPO Ratta Gudda, Tehsil Patti District Tarn Taran Have Changed my Name From Resham Singh to Surname as Singh and my Givenname is Resham plz note it.

I Nisha D/O Ashok Kumar R/O Vill. Kotli Sazawar Po. Pachranga, 144201, Jalandhar, Punjab Have Added My Surname Nisha So, In Future I May Be Known As Nisha Nisha. All Concerned Please Note.

I, Anu D/O Pawan Kumar R/O House No N.a 189 Gali No 5 Kishan Pura, Distt. Jalandhar - 144004, Punjab Have Changed My Name From Anu To Anu Rani. All Note.

I Varinder Kumar S/o Balvir Kumar R/O VPO Saro Bad Distt. Jalandhar, Punjab declared that I have changed my name to Given name as VARINDER & Surname as KUMAR. All Note.

I, Aruna Sharma W/o Paramjit Kumar R/o 46-C, F1/361, Mata Kaulan Marg Kashmir Avenue, Amritsar have changed my name from Aruna Sharma to Aruna Kumari.

I, Prabhpreet Kaur W/o Deepak Kumar R/o H.No.12, Small Town Diamond Estate, Sultanwind Tarn Taran Link Road, Amritsar have changed my son's name from Ranveer Kanojia to Ranveer Singh.

I, Harwinder Kaur W/o Amarjit Singh R/o Patti Malko, Sultanwind Pind, Amritsar have changed my name from Harwinder Kaur to Sandeep Kaur.

I, Rajesh Kumar Sharma S/o Rishi Pal Sharma R/o 3660, Dilawari Street, Putli Ghar Amritsar have changed my name from Rajesh Kumar Sharma to Rajesh Kumar.

I, Harmeet Singh S/o Anoop Singh R/o Village Sur Singh Tarn Taran have declare that Harmeet is my Given name and Singh is my Surname .

I, Rajni Bhardwaj W/o Kulwinder Singh R/o VPO Chawinda Devi, Distt. Amritsar, Punjab-143504 have changed my name from Rajni Bhardwaj to Rajni.

I, Diler Singh S/o Amrik Singh R/o Bhoya Fatehgarh, PO Kathunangal, Distt. Amritsar, Punjab-143502 have changed my name from Diler Singh to Daler Singh.

I, Sunit Arora D/o Wazir Chand R/o Moh. Awan, Nakodar, Distt. Jalandhar have changed my name as Sunita Aroa Sunita Rani.

I Komal D/o Ravi Pal,R/o H.no-412, -, V.P.O Chogitti, Jalandhar have changed my name from Komal to Komal Virdi.

I, Daljeet Singh Latther S/o Dilip Singh, R/o H.No. 4, Green Wood Avenue, Kingra, Street No. 1, K.P. Stadium, Jalandhar have changed my name from Daljeet Singh Latther to Daljeet Singh.

I Harminder Singh S/o Jaswinder Singh R/o Village Kala Bahian,PO Nussi , Jalandhar,Punjab have changed my name from Harminder Singh to Harminder as first name and Singh as surname. All concerned may note.

I Gurinder S/o Mahi Lal , R/o Rahimpur , Distt. Jalandhar , Punjab have changed my name from Gurinder to Gurinder Singh . All concerned may note.

I, Rakesh Kumar S/o Balkar Chand R/o Vill. Abadi Umarpura, PO. Umarpura, Teh. Batala, Distt. Gurdaspur have changed my name to Given Name as Rakesh & Surname as Kumar. Concerned Note.

I , Jatinder Kumar S/o Sh. Jiwan Kumar resident of H. No. 574, Guru Ram Dass Enclave, Sher Singh Colony, Jalandhar, Punjab have changed my name from Jatinder Kumar Singla to Jatinder Kumar. Please note. (12757)

## Change of Name

I, Sukhdev Singh S/O Bhupinder Singh, Residing At H.no.103, Ladhewali Rd, Opp. Green County Flats, Silver Enclave, Po. Chogitti, Jalandhar, Punjab 144009 Have Changed My Name From Sukhdev Singh To Sukhdev (First Name) And Singh (Last Name). I Shall Hereafter Be Known As Sukhdev Singh.

I, Mehakdeep Singh S/o Bhagwant Singh R/o Vill. Sandalpur, PO. Chahal Kalan, Tehsil Batala, Distt. Gurdaspur, Punjab have changed my name from Mehakdeep Singh to Given Name as Mehakdeep & Surname as Singh. Concerned Note.

I, Gurpreet Singh S/o Gulzar Singh R/o Village Sandalpur, PO. Chahal Kalan, Tehsil Batala, Distt. Gurdaspur, Punjab have changed my name from Gurpreet Singh to Given Name as Gurpreet & Surname as Singh. Concerned Note.

I, Lovepreet Singh S/o Jhirmal Singh R/o Vill. Kaler, PO. Dadiala Najara, Tehsil Batala, Distt. Gurdaspur, Punjab have changed my name from Lovepreet Singh to Given Name as Lovepreet & Surname as Singh. Concerned Note.

I, Ashok Kumar S/o Sh. Sangram Singh R/o H.No. 14, Nijatam Nagar, Basti Guzan, Jalandhar, Punjab-144002 have changed my name from Ashok Kumar to Ashok Rana. All concerned please note.

I, Sunil Kumar Arora S/o Bharat Lal Arora R/o H No. 28, Tower Enclave , Phase-2, Khurla, Jalandhar- 144003, Punjab, have changed my name from Sunil Kumar Arora to Sunil Arora. All concerned please note.

I, Abinash Singh S/o Karam Singh R/o H.No. B-2, New Dashmesh Nagar, Basti Guzan, Jalandhar, Punjab-144002 have changed my name from Abinash Singh to Avinash Singh. All concerned please note.

I Sheetal D/o Shri Ram R/o H.No. 23, Gali No. 19, Mandir Wala Bazar, Near Nipali Sabji Wala, New Shaheed Udham Singh Nagar, Amritsar-1 have changed my name from Sheetal to Sheetal Kumari. All concerns should note.

I, Kuldip Singh S/o Arjan Singh R/O 89, Khu Guru Arjan Dev, Verowal Road, Jandiala Guru, Tehsil and Amritsar , Punjab-143115 India have changed my name from Kuldip Singh to Kuldeep Singh. Concerned Note.

I, Prabhamarbir Singh S/o Jaswant Singh Resident of Vill. Naranwali , PO. Bishankot , Tehsil Kalanaur, District Gurdaspur, Punjab, India Pin Code 143512 , I Have changed my name from Prabhamarbir Singh to Singh Prabhamarbir, Surname as Singh and given name as Prabhamarbir.

I, Narinder Sharma S/o Harbans Lal. R/o H.No. 520A 13, Gopal Nagar Behrampur Road, Gurdaspur. Tehsil Distt. Gurdaspur, Pin-143521, Punjab, India. Have changed my name from Narinder Pal Sharma alias Narinder Sharma to Narinder Sharma.

I, Amarjeet Singh S/o Milkhi Ram R/o 283, Near Nahla Wala Pull. New Rasila Nagar, Basti Danishmandan, Po. Basti Guzan, Jalandhar have changed my name from Amarjeet Singh to Amrjeet Singh. All Please Note.

I, Malooka Singh s/o Achhar Singh r/o Vill.Boot, Po. Subhanpur, Distt. Kapurthala, Punjab have changed my name to Malook Singh. All Please Note.

I, Kanwaljit Kaur W/O Sukhdev Singh, Residing At H.no.103, Ladhewali Rd, Opp. Green County Flats, Silver Enclave, Po. Chogitti, Jalandhar, Punjab 144009 Have Changed My Name From Kanwaljit Kaur To Kanwaljit (First Name) And Kaur (Last Name). I Shall Hereafter Be Known As Kanwaljit Kaur.

## Change of Name

I, Pooja W/o Varun Vij R/o H.No 21-A, Block-A, Silver Heights Apartments, Mann Nagar, Near Wadala Chowk, Jalandhar, Punjab have changed my name Pooja to Pooja Vij (Surname as Vij) All Please Note.

I, Gagandeep S/o Sukhwinder Pal R/o Ward No. 5, Gurudwara Chowk, Rayya, Amritsar have changed my name to Given name as Gagan & Surname as Deep. All Please Note.

## ਬੇਦਖਲੀ ਨੋਟਿਸ

ਮੈਂ, ਸਤਨਾਮ ਸਿੰਘ ਪੁੱਤਰ ਸੁਰੇਣ ਸਿੰਘ ਵਾਸੀ ਪੰਧੇਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ, ਮੇਰੀ ਪੁੱਤਰੀ ਅਰਸ਼ਦੀਪ ਕੌਰ, ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਨੈਤ ਖਾਂ ਪੁੱਤਰ ਮੁਹੰਮਦ ਸੁਲੇਮਾਨ ਖਾਂ, ਪਿੰਡ ਮਾਨਾਂ (ਸੰਗਰੂਰ) ਆਪਣੇ ਲੜਕੇ ਇਰਫਾਨ ਦੀਨ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਸਰਬਜੀਤ ਸਿੰਘ ਝੰਡ ਪੁੱਤਰ ਨਿਰਮਲ ਸਿੰਘ, ਵਾਸੀ ਪਿੰਡ ਭਗਵਤ ਪੁਰ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸਿਮਰਨਪ੍ਰੀਤ ਕੌਰ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੀ ਲੜਕੀ ਸਿਮਰਨਪ੍ਰੀਤ ਕੌਰ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰੀ ਲੜਕੀ ਸਿਮਰਨਪ੍ਰੀਤ ਕੌਰ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸੁੱਚਾ ਸਿੰਘ ਸਪੁੱਤਰ ਮਹਿੰਦਰ ਸਿੰਘ, ਪਿੰਡ ਵਡਾਲਾ ਕਲਾਂ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਸ਼ਮਸ਼ੇਰ ਸਿੰਘ ਨੂੰ ਕਹਿਣਿਓਂ ਬਾਹਰੀ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਨਿਸ਼ਾਨ ਸਿੰਘ ਪੁੱਤਰ ਸੁਚਾ ਸਿੰਘ ਵਾਸੀ ਡੇਰਾ ਬਾਬਾ ਨਾਨਕ ਰੋਡ, ਮੁਹੱਲਾ ਸੁੱਖਪੁਰਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਵਾ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਬਲਕਾਰ ਸਿੰਘ ਪੁੱਤਰ ਸ੍ਰੀ ਜਗਤ ਰਾਮ ਵਾ ਬਲਵੀਰ ਕੌਰ ਪਤਨੀ ਲੇਟ ਸ੍ਰੀ ਹਰਦੀਪ ਸਿੰਘ ਵਾਸੀਆਨ ਪਿੰਡ ਝੰਬੋਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਮੇਰੀ ਪੋਤਰੀ/ਮੇਰੀ ਲੜਕੀ ਅੰਜਲੀ ਪੁੱਤਰੀ ਸ੍ਰੀ ਹਰਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਸਾਰੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਬਲਵੀਰ ਕੌਰ ਵਿਧਵਾ ਪਾਲਾ, ਵਾਸੀ ਮੁਲੇਵਾਲ ਖੈਹਿਰਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਿਮਲਾ ਰਾਣੀ ਪਤਨੀ ਰਾਜ ਕੁਮਾਰ, ਵਾਸੀ 12/442, ਸੰਤ ਨਗਰ, ਵੇਰਕਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮੀਨਾਕਸ਼ੀ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਿਤ ਨੋਟ ਕਰਨ।

ਮੈਂ, ਵੀਨਾ ਸ਼ਰਮਾ ਪਤਨੀ ਰਾਕੇਸ਼ ਕੁਮਾਰ, ਵਾਸੀ 9-ਬੀ 20, ਨਿਊ ਜੱਜ ਨਗਰ, ਮਹਿੰਦਰਾ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਸ਼ਰਮਾ ਉਰਫ ਨੈਨਸੀ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਤਿਲਕ ਰਾਜ ਪੁੱਤਰ ਪਰਮਾ ਨੰਦ ਵਾਸੀ ਮਕਾਨ ਨੰ. 90, ਸਕੀਮ ਨੰਬਰ 2 ਫਗਵਾੜਾ ਰੋਡ, ਇਮਪਰੂਵਮੈਂਟ ਟ੍ਰਸਟ ਕਲੋਨੀ, ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਮਲ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ, ਧਰਮ ਪਾਲ ਪੁੱਤਰ ਨਾਜਰ ਰਾਮ ਅਤੇ ਰਾਣੀ ਪਤਨੀ ਧਰਮ ਪਾਲ ਵਾਸੀ ਮਕਾਨ ਨੰਬਰ 128/3, ਕਾਕੀ ਪਿੰਡ, ਗਲੀ ਨੰਬਰ 04, ਡਾਕਖਾਨਾ ਦਕੋਹਾ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਸ਼ੋਕ ਕੁਮਾਰ ਅਤੇ ਇਸਦੀ ਪਤਨੀ ਜਸਵੀਰ ਕੌਰ ਸਾਡੇ ਕਹਿਣੇ 'ਚੋਂ ਬਾਹਰ ਹਨ। ਜਿਸ ਕਰਕੇ ਅਸੀਂ ਆਪਣੇ ਲੜਕੇ ਅਸ਼ੋਕ ਕੁਮਾਰ ਅਤੇ ਇਸਦੀ ਪਤਨੀ ਜਸਵੀਰ ਕੌਰ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੇ ਹਾਂ। ਜੋ ਕੋਈ ਇਹਨਾਂ ਦੇ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਉਹ ਇਸ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਨੀਤਾ ਪਤਨੀ ਲੇਟ ਸਤ ਪਾਲ,ਵਾਸੀ ਗੁਰੂ ਰਾਮ ਦਾਸ (ਪੰਡੀ ਕਾਲੋਨੀ) ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਪ੍ਰਵੀਨ ਕੁਮਾਰ ਉਰਫ ਲਾਡੀ ਅਤੇ ਉਸ ਦੀ ਪਤਨੀ ਸ਼ਾਨੂ, ਜੋ ਮੇਰੇ ਅਤੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਤਜਿੰਦਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਮਕਾਨ ਨੰ. 57, ਗੁਲਮਰਗ ਕਲੋਨੀ, ਵਾਰਡ ਨੰਬਰ. 3, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰੋਹਿਤ ਕੁਮਾਰ ਪੁੱਤਰ ਜੋਗੇਸ਼ਵਰ ਮੰਡਲ ਵਾਸੀ ਗਲੀ ਨੰ. 1, ਚੁੰਗਾ ਭੱਠੀ ਰੋਡ, ਬਸਤੀ ਬਾਬਾ ਖੇਲ, ਨੇੜੇ ਕਬੀਰ ਮੰਦਿਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੋਹਿਤ ਕੁਮਾਰ ਚੌਰਸੀਆ ਅਤੇ ਉਸਦੀ ਪਤਨੀ ਖੁਸ਼ੀ ਕੁਮਾਰੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਜਸਵੀਰ ਸਿੰਘ ਪੁੱਤਰ ਆਤਮਾ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਪਿੰਡ ਮੁਮਤਾਜਪੁਰ, ਸਬ ਤਹਿਸੀਲ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਜਸਵੀਰ ਸਿੰਘ ਅਤੇ ਗੁਰਨਾਮ ਸਿੰਘ ਦੋਵੇਂ ਨਾਮ ਮੇਰੇ ਅਤੇ ਇੱਕੋ ਹੀ ਵਿਅਕਤੀ ਦੇ ਹਨ। ਸੰਬੰਧਿਤ ਨੋਟ ਕਰਨ।

ਮੈਂ, ਸੁਨੀਤਾ ਦੇਵੀ ਪਤਨੀ ਅਵਿਨਾਸ਼ ਕੁਮਾਰ ਨਿਵਾਸੀ ਪਿੰਡ ਸਦਾ ਚੱਕ, ਡਾਕਖਾਨਾ ਭੋਗਪੁਰ, ਜ਼ਿਲ੍ਹਾ ਜਲੰਧਰ - 144201, ਪੰਜਾਬ ਨੇ ਆਪਣੇ ਨਾਬਾਲਗ ਪੁੱਤਰ ਸਮਰ, ਜਿਸਦੀ ਉਮਰ 15 ਸਾਲ ਹੈ, ਦਾ ਨਾਮ ਬਦਲ ਦਿੱਤਾ ਹੈ ਅਤੇ ਹੁਣ ਤੋਂ ਉਸਨੂੰ ਸਮਰ ਕੁਮਾਰ ਦੇ ਨਾਮ ਨਾਲ ਜਾਣਿਆ ਜਾਵੇਗਾ। ਸਾਰੇ ਨੋਟ ਕਰੋ।

ਮੈਂ, ਜਸ਼ਨਪ੍ਰੀਤ ਪੁੱਤਰ ਹਰਵਿੰਦਰ ਸਿੰਘ ਵਾਸੀ ਮਕਾਨ ਨੰ. 21, ਮਿੱਠਾਪੁਰ ਰੋਡ, ਚੀਮਾ ਨਗਰ, ਜਲੰਧਰ-2, ਡਾਕਖਾਨਾ ਮਿੱਠਾਪੁਰ, ਜ਼ਿਲ੍ਹਾ ਜਲੰਧਰ-144022, ਪੰਜਾਬ ਨੇ ਆਪਣਾ ਨਾਮ ਜਸ਼ਨਪ੍ਰੀਤ ਤੋਂ ਬਦਲ ਕੇ ਜਸ਼ਨਪ੍ਰੀਤ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸੁਮਿਤ ਵਰਮਾ ਪੁੱਤਰ ਇੰਦਰਜੀਤ ਸਿੰਘ ਵਾਸੀ ਮਕਾਨ ਨੰ. 140/ਏ, ਗਲੀ ਨੰ. 6, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ-144001, ਪੰਜਾਬ ਨੇ ਆਪਣਾ ਨਾਮ ਸੁਮਿਤ ਵਰਮਾ ਤੋਂ ਬਦਲ ਕੇ ਸੁਮਿਤ ਬੱਗਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸ਼ਮੀ (Shammi) ਪਤਨੀ ਗਣੇਸ਼ ਕੁਮਾਰ ਵਾਸੀ ਮਕਾਨ ਨੰ. ਬੀ-1/454, ਗਲੀ ਨੰ. 4, ਅਨੰਦ ਨਗਰ, ਮਕਸੂਦਾਂ, ਜਲੰਧਰ, ਪੰਜਾਬ ਨੇ ਆਪਣਾ ਨਾਮ ਸ਼ਮੀ (Shami) ਤੋਂ ਬਦਲ ਕੇ ਸ਼ਮੀ (Shammi) ਰੱਖ ਲਿਆ ਹੈ। ਇੱਕੋ ਵਿਅਕਤੀ ਹਨ।

## ਆਮ ਸੂਚਨਾ

ਅਸੀਂ ਵਿਨੋਦ ਕਪੂਰ ਪੁੱਤਰ ਸ੍ਰੀ ਧਰਮ ਪਾਲ ਕਪੂਰ ਅਤੇ ਅਨੀਤਾ ਕਪੂਰ ਪਤਨੀ ਵਿਨੋਦ ਕਪੂਰ ਵਾਸੀ ਮਕਾਨ ਨੰ.ਸੀ-8, ਸੀ-9, ਫਸਟ ਫਲੋਰ, ਬਲਾਕ ਸੀ,ਮੋਹਨ ਗਾਰਡਨ,ਉੱਤਮ ਨਗਰ,ਵੈਸਟ ਦਿੱਲੀ, ਦਿੱਲੀ ਹਾਲ ਵਾਸੀ ਮਕਾਨ ਨੰ. 106-ਈ, ਗਲੀ ਨੰ.3, ਦਇਆਨੰਦ ਨਗਰ, ਲਾਰੰਸ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀ ਆਪਣੇ ਲੜਕੇ ਵਿਪੁਲ ਕਪੂਰ ਅਤੇ ਉਸਦੀ ਪਤਨੀ ਨੇਹਾ ਕਪੂਰ ਨੂੰ ਸਾਡੇ ਕਹਿਣੇ ਤੋਂ ਬਾਹਰ ਹੋਣ ਕਾਰਨ 21.04.2023 ਨੂੰ ਨਵਾਂ ਜਮਾਨਾ ਅਤੇ ਦੈਨਿਕ ਸਵੇਰਾ ਅਖਬਾਰ ਰਾਹੀਂ ਇਸ਼ਤਿਹਾਰ ਦੇ ਕੇ ਆਪਣੀ ਚੱਲ, ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਦੋਵੇਂ ਸਾਡੇ ਕਹਿਣੇ ਵਿਚ ਹਨ ਅਤੇ ਸਾਡੀ ਸੇਵਾ ਸੰਭਾਲ ਕਰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਦਿੱਤੀ ਹੋਈ ਬੇਦਖਲੀ ਵਾਪਿਸ ਲੈਂਦੇ ਹਾਂ। ਸੰਬੰਧਤ ਨੋਟ ਕਰਨ।

ਮੈਂ ਸੁਰਿੰਦਰ ਰਾਣੀ ਪਤਨੀ ਲੇਟ ਰਜਿੰਦਰ ਕੁਮਾਰ ਵਾਸੀ ਮਕਾਨ ਨੰਬਰ 25 ,ਗਲੀ ਨੰਬਰ 5 , ਸਤਨਾਮ ਨਗਰ , ਚੁਗਿੱਟੀ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਜਤਿੰਦਰ ਸਰੋਤਾ ਨੂੰ ਹੁਣ ਆਪਣੇ ਕਹਿਣੇਕਾਰ ਹੋਣ ਕਰਕੇ ਉਸ ਸੰਬੰਧੀ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਸੰਬੰਧੀ ਦਿੱਤਾ ਪਬਲਿਕ ਨੋਟਿਸ ਵਾਪਸ ਲੈਂਦੀ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰਾ ਹਿੱਸੇਦਾਰ ਹੋਵੇਗਾ । ਸੰਬੰਧਿਤ ਨੋਟ ਕਰਨ

ਟਿਊਬਲ ਕੁਨੈਕਸ਼ਨ ਖਾਤਾ ਨੰਬਰ AP15/413W ਜੋ ਮਹਿੰਦਰ ਸਿੰਘ ਪੁੱਤਰ ਕਾਬਲ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਬਲਵਿੰਦਰ ਕੌਰ ਪਤਨੀ ਹਰਭਜਨ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸੰਬੰਧੀ ਇਤਰਾਜ 15 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

ਟਿਊਬਲ ਕੁਨੈਕਸ਼ਨ ਖਾਤਾ ਨੰਬਰ AP15/426N ਜੋ ਮਹਿੰਦਰ ਸਿੰਘ ਪੁੱਤਰ ਕਾਬਲ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਬਲਵਿੰਦਰ ਕੌਰ ਪਤਨੀ ਹਰਭਜਨ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸੰਬੰਧੀ ਇਤਰਾਜ 15 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ 'ਵਰਸਿਟੀ ਦੀ ਹੋਂਦ ਨੂੰ ਬਚਾਉਣ ਲਈ ਸਮੂਹ ਪੰਜਾਬੀ ਇੱਕਮੁੱਠ ਹੋਣ : ਰਾਣਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**

ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਬਰਬਾਦ ਕਰਨ ਲਈ ਜੋ ਕੋਝੇ ਹੱਥਕੰਡੇ ਅਪਣਾ ਰਹੀ ਹੈ ਉਸ ਨੂੰ ਸਮੂਹ ਪੰਜਾਬੀ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਅਤੇ ਇਹਨਾਂ ਘਟੀਆ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਇਹ ਯੂਨੀਵਰਸਿਟੀ ਪੰਜਾਬ ਦੀ ਆਨ, ਬਾਨ, ਸ਼ਾਨ ਹੈ ਤੇ ਇਸ ਨੂੰ ਬਚਾਉਣ ਲਈ ਸਮੂਹ ਪੰਜਾਬੀ ਇੱਕਮੁੱਠ ਹੋ ਗਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇੱਕਮੁੱਠਤਾ ਦਾ ਪ੍ਰਗਟਾਵਾ ਕਰਨਾ ਬਹੁਤ ਜ਼ਰੂਰੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ ਦੇ ਸਰਪ੍ਰਸਤ ਮਾਸਟਰ ਚਰਨ ਸਿੰਘ, ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਪੰਜਾਬੀਆਂ ਨਾਲ ਹੋ ਰਿਹਾ ਵਿਤਕਰਾ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਚੰਡੀਗੜ੍ਹ ਯੂਨੀਵਰਸਿਟੀ ਦੀ ਸੈਨੇਟ ਚੋਣਾਂ ਦਾ ਮੁੱਦਾ ਵੀ ਇਸੇ ਭੇਦਭਾਵ ਦੀ ਹੀ ਕੜੀ ਹੈ। ਆਗੂਆਂ ਨੇ ਕਿਹਾ ਕਿ ਯੂਨੀਵਰਸਿਟੀ ਦੀ ਸਥਿਤੀ ਨੂੰ ਪਹਿਲਾਂ ਵਾਂਗ ਜਿਉਂ ਦੀ ਤਿਉਂ ਬਰਕਰਾਰ ਰੱਖਿਆ ਜਾਵੇ ਅਤੇ ਇੱਥੇ ਹੋਣ ਵਾਲੀਆਂ ਸੈਨੇਟ ਚੋਣਾਂ ਦੀ ਨੀਤੀ ਨੂੰ ਤੁਰੰਤ ਲਾਗੂ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਬਣੇ ਤਨਾਅ ਨੂੰ ਖ਼ਤਮ ਕੀਤਾ ਜਾ ਸਕੇ। ਇਸ ਮੌਕੇ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ ਦੇ ਮਾਸਟਰ ਚਰਨ ਸਿੰਘ ਸਰਪ੍ਰਸਤ, ਨਰਿੰਦਰ ਸਿੰਘ ਸੋਨੀਆ ਸਰਪ੍ਰਸਤ, ਅਮਰਜੀਤ ਸਿੰਘ ਟਿੱਬਾ ਪ੍ਰਧਾਨ, ਜਸਵੰਤ ਸਿੰਘ ਕਰਮਜੀਤਪੁਰ ਸੀਨੀਅਰ ਮੀਤ ਪ੍ਰਧਾਨ, ਰਜਿੰਦਰ ਸਿੰਘ ਰਾਣਾ ਐਡਵੋਕੇਟ ਮੀਤ ਪ੍ਰਧਾਨ, ਰਣਦੀਪ ਸਿੰਘ ਰਾਣਾ ਰਵਾਰਸਾ ਮੀਤ ਪ੍ਰਧਾਨ, ਸਰਵਣ ਸਿੰਘ ਕਰਮਜੀਤਪੁਰ ਮੀਤ ਪ੍ਰਧਾਨ, ਹਰਵੰਤ ਸਿੰਘ ਵੜੈਚ ਮੋਠਾਂਵਾਲ ਮੀਤ ਪ੍ਰਧਾਨ, ਰਵਿੰਦਰ ਸਿੰਘ ਅਮਰਕੋਟ ਮੀਤ ਪ੍ਰਧਾਨ ,ਐਡ. ਤਰੁਣ ਕੰਬੋਜ, ਤਰਲੋਕ ਸਿੰਘ ਭਬਿਆਨਾ ਜਨਰਲ ਸਕੱਤਰ ਫਗਵਾੜਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਗਗਨਪ੍ਰੀਤ ਕੌਰ ਨੇ ਗਤਕਾ ਚੈਂਪੀਅਨਸ਼ਿਪ 'ਚ ਸੋਨੇ ਦਾ ਤਮਗਾ ਜਿੱਤਿਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਦੇ ਖਿਡਾਰੀ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰਦੇ ਰਹੇ ਹਨ। ਇਸ ਸੁਨਹਿਰੀ ਇਤਿਹਾਸ ਵਿੱਚ ਇੱਕ ਹੋਰ ਪੰਨਾ ਜੋੜਦੇ ਹੋਏ ਸਕੂਲ ਦੇ ਗਤਕੇ ਦੀ ਖਿਡਾਰਨ ਗਗਨਪ੍ਰੀਤ ਕੌਰ ਨੇ ਪੰਜਾਬ ਸਟੇਟ ਗਤਕਾ ਚੈਂਪੀਅਨਸ਼ਿਪ ਦੇ ਵਿੱਚ ਗੋਲਡ ਮੈਡਲ ਹਾਸਲ ਕਰਕੇ ਨੈਸ਼ਨਲ ਲਈ ਕੁਆਲੀਫਾਈ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਨਿਸ਼ਾਨ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਅਤੇ ਸਮੂਹ ਮੈਨੇਜਮੈਂਟ ਨੇ ਗਗਨਪ੍ਰੀਤ ਨੂੰ ਸਨਮਾਨਤ ਕੀਤਾ। ਚੇਅਰਮੈਨ ਤਰਲੋਚਨ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਕੂਲ ਖੇਡਾਂ ਦੇ ਵਿੱਚ ਕਰਵਾਈ ਗਈ ਸਟੇਟ ਗਤਕਾ ਚੈਂਪੀਅਨਸ਼ਿਪ ਵਿੱਚ ਗਗਨਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚੋਟੀ ਦਾ ਮੁਕਾਮ ਹਾਸਿਲ ਕੀਤਾ ਹੈ ਅਤੇ ਸਾਨੂੰ ਸਾਡੀ ਇਸ ਖਿਡਾਰਨ ਦੇ ਉੱਤੇ ਬਹੁਤ ਮਾਣ ਹੈ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਕਿ ਗਗਨਪ੍ਰੀਤ ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਮੁਕਾਬਲਿਆਂ ਵਿੱਚ ਵਧੀਆ ਪੁਜ਼ੀਸ਼ਨਾਂ ਹਾਸਿਲ ਕਰ ਚੁੱਕੀ ਹੈ ਤੇ ਸਾਨੂੰ ਉਮੀਦ ਹੈ ਕਿ ਉਹ ਨੈਸ਼ਨਲ ਵਿੱਚ ਜਾ ਕੇ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਆਪਣੇ ਮਾਂ ਬਾਪ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕਰੇਗੀ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਗਗਨਪ੍ਰੀਤ ਨੂੰ ਸਨਮਾਨ ਚਿੰਨ ਭੇਂਟ ਕੀਤਾ। ਇਸ ਮੌਕੇ ਸੰਸਥਾ ਦੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਹਰਜਸ ਸੈਣੀ, ਬਿਕਰਮਜੀਤ ਸਿੰਘ ਭੇਲਾ, ਰਾਜਵਿੰਦਰ ਕੌਰ, ਰਾਜਵੀਰ ਕੌਰ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਸੁਰੇਸ਼ ਸਿੰਘ, ਬਲਦੇਵ ਰਾਜ , ਵਿਸ਼ਾਲੀ, ਗੁਰਪ੍ਰੀਤ, ਪਰਮਜੀਤ, ਬਲਜੀਤ, ਸੁਮੀਤ, ਕੰਚਨ, ਹਰਜੀਤ, ਰਜਮੀਤ, ਹਰਮਿੰਦਰ, ਨੇਹਾ, ਅਰਚਨਾ, ਸੁਸ਼ੀਲ, ਵਿਨੇ, ਸ਼ਿਲਪਾ ਅਤੇ ਹੋਰ ਸਟਾਫ ਵੀ ਮੌਜੂਦ ਸੀ।

## ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ



**ਫਿਲੌਰ, (ਨਿਰਮਲ)**- ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ ਜਿਸ ਦੀ ਪਹਿਚਾਣ ਨਹੀਂ ਹੋ ਸਕੀ। ਮ੍ਰਿਤਕ ਦੀ ਉਮਰ 40-42 ਸਾਲ ਮੋਨਾ ਦਾੜੀ ਕਤਰਾਵੀ ਤੇਤਾ ਰੰਗੀ ਕਮੀਜ਼ ਸੰਤਰੀ ਰੰਗ ਦੀ ਬਨੈਣ ਤੇ ਸਲੇਟੀ ਰੰਗ ਦਾ ਪਜਾਮਾ ਪਾਇਆ ਹੋਇਆ ਹੈ। ਮੌਤ ਦੇ ਕਾਰਣਾਂ ਦਾ ਪਤਾ ਨਹੀਂ ਚੱਲ ਸਕਿਆ। ਪੁਲਸ ਨੇ ਲਾਸ਼ 24 ਘੰਟੇ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਰੱਖ ਕੇ ਉਸਦੇ ਵਾਰਸਾਂ ਦਾ ਪਤਾ ਲਗਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਮ੍ਰਿਤਕ ਪ੍ਰਵਾਸੀ ਜਾਪਦਾ ਹੈ।

## ਜ਼ਰੂਰੀ ਮੁਰੰਮਤ ਕਰਕੇ ਅੱਜ ਬਿਜਲੀ ਬੰਦ ਰਹੇਗੀ

**ਬਲਾਚੌਰ, (ਜਸਵਿੰਦਰ ਬੈਂਸ)**-ਉਪ ਮੰਡਲ ਇੰਜੀਨੀਅਰ ਜਸਵਿੰਦਰ ਪਾਲ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ 66 ਕੇ ਵੀ ਸਬ ਸਟੇਸ਼ਨ ਬਲਾਚੌਰ 1 ਤੋਂ ਚਲਦੇ 11 ਕੇ ਵੀ ਸ਼ਹਿਰੀ ਫੀਡਰ ਬਲਾਚੌਰ ਨੰਬਰ 2 ਵਿੱਚ ਜ਼ਰੂਰੀ ਮੁਰੰਮਤ ਕਰਕੇ ਬਲਾਚੌਰ ਸ਼ਹਿਰ ਦੇ ਕਈ ਇਲਾਕੇ ਜਿਵੇਂ ਰੋਪੜ ਰੋਡ, ਰਾਇਕਾ ਪੱਟੀ, ਬਾਲਮੀਕ ਬਸਤੀ, ਸੈਣੀ ਮੁਹੱਲਾ, ਸੀਤਾ ਰਾਮ ਮੰਦਿਰ, ਬਲਰਾਜ ਕਲੋਨੀ, ਸ਼ਿਵ ਸ਼ਕਤੀ ਪਲਾਈਵੁੱਡ, ਰਾਜਨ ਢਾਬਾ ਅਤੇ ਡਾਇਮੰਡ ਫੈਕਟਰੀ ਆਦਿ ਦੀ ਬਿਜਲੀ ਸਪਲਾਈ ਸਵੇਰੇ 10 ਤੋਂ 2 ਵਜੇ ਤੱਕ ਬੰਦ ਰਹੇਗੀ। ਉਨ੍ਹਾਂ ਦੱਸਿਆ ਕਿ ਚੱਲ ਰਹੇ ਤਕਨੀਕੀ ਕੰਮਾਂ ਨੂੰ ਪੂਰਾ ਕਰਨ ਲਈ ਸਮੇਂ ਨੂੰ ਵਧਾਇਆ ਜਾ ਘਟਾਇਆ ਵੀ ਜਾ ਸਕਦਾ ਹੈ ਤੇ ਜੇ ਮੌਸਮ ਦੀ ਖਰਾਬੀ ਕਾਰਨ ਬਦਲਿਆ ਵੀ ਜਾ ਸਕਦਾ ਹੈ।

## ਡੇਰਾ ਬੱਸੀ ਦੇ ਵਿਕਾਸ ਲਈ ਕੰਗ ਨੇ ਰੰਧਾਵਾ ਨਾਲ ਕੀਤੀ ਮੁਲਾਕਾਤ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਸ੍ਰੀ ਅਨੰਦਪੁਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨਾਲ ਉਨ੍ਹਾਂ ਦੀ ਰਿਹਾਇਸ਼ ਪਿੰਡ ਬਾਕਰਪੁਰ ਵਿਖੇ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਨੇ ਪਰਿਵਾਰਕ ਮਾਮਲਿਆਂ ਤੋਂ ਇਲਾਵਾ ਹਲਕਾ ਡੇਰਾਬੱਸੀ ਦੇ ਵਿਕਾਸ ਸੰਬੰਧੀ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ। ਵਿਧਾਇਕ ਰੰਧਾਵਾ ਨੇ ਇਸ ਦੌਰਾਨ ਐੱਮ ਪੀ ਕੰਗ ਨੂੰ ਅਰਜ਼ੀ ਕੀਤੀ ਕਿ ਹਾਲਾਂਕਿ ਡੇਰਾਬੱਸੀ ਹਲਕਾ ਪਟਿਆਲਾ ਲੋਕਸਭਾ ਹਲਕੇ ਵਿੱਚ ਆਉਂਦਾ ਹੈ, ਪਰ ਪ੍ਰਸ਼ਾਸਨਿਕ ਤੌਰ 'ਤੇ ਇਹ ਮੋਹਾਲੀ ਜ਼ਿਲ੍ਹੇ ਦਾ ਹਿੱਸਾ ਹੈ, ਜੋ ਕਿ ਅਨੰਦਪੁਰ ਲੋਕ ਸਭਾ ਹਲਕੇ ਦੇ ਅਧੀਨ ਆਉਂਦਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਐੱਮ ਪੀ ਲੈਡ ਫੰਡ ਤੋਂ ਕੁਝ ਹਿੱਸਾ ਡੇਰਾਬੱਸੀ ਹਲਕੇ ਦੇ ਵਿਕਾਸ ਕਾਰਜਾਂ ਲਈ ਵੀ ਮੁਹੱਈਆ ਕਰਵਾਇਆ ਜਾਵੇ। ਐੱਮ ਪੀ ਮਲਵਿੰਦਰ ਸਿੰਘ ਕੰਗ ਨੇ ਇਸ ਮੰਗ ਪ੍ਰਤੀ ਸਕਾਰਾਤਮਕ ਰੁਖ ਦਿਖਾਉਂਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਸਰਕਾਰ ਦਾ ਮੁੱਖ ਉਦੇਸ਼ ਹਰ ਹਲਕੇ ਦਾ ਸੰਤੁਲਿਤ ਵਿਕਾਸ ਕਰਨਾ ਹੈ, ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ।

# ਮਨੁੱਖਤਾ ਲਈ ਸ਼ਹਾਦਤਾਂ ਦਾ ਮੁੱਢ ਸਿੱਖਾਂ ਨੇ ਬੰਨ੍ਹਿਆ : ਜਥੇਦਾਰ ਗੜਗੱਜ



**ਮੁਹਾਲੀ (ਗੁਰਜੀਤ ਬਿੱਲਾ)**

ਗੁਰੂ ਤੇਗ਼ ਬਹਾਦਰ ਪਾਤਸ਼ਾਹ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਮਹਾਨ ਸ਼ਹਾਦਤ ਦੇ 350 ਸਾਲ ਪੂਰੇ ਹੋਣ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੇ ਦੇਸ਼ ਗੁਰਮਤਿ ਸਮਾਗਮ ਅਤੇ ਨਗਰ ਕੀਰਤਨ ਦੀ ਚਲਾਈ ਜਾ ਰਹੀ ਲੜੀ ਤਹਿਤ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਪਾਵਨ ਮੌਕੇ ਬੋਲਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮੌਜੂਦਾ ਪੀੜੀ ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦਾ 350 ਸਾਲਾ ਸ਼ਹੀਦੀ ਸਮਾਗਮਾਂ ਵਿੱਚ ਹਾਜ਼ਰ ਹੋ ਕੇ ਮਨਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਮਨੁੱਖਤਾ ਲਈ ਸ਼ਹੀਦੀਆਂ ਦੀ ਲੜੀ ਸਿੱਖ ਗੁਰੂਆਂ ਨੇ ਸ਼ੁਰੂ ਕਰਕੇ ਸੱਦਾ ਦਿੱਤਾ ਕਿ ਜ਼ੁਲਮ ਦਾ ਟਾਕਰਾ ਸ਼ਾਂਤ ਅਤੇ ਸਬਰ ਰੱਖਕੇ ਵੀ ਕੀਤਾ ਜਾ ਸਕਦਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਸਮੇਤ ਇਲਾਕੇ ਦੀਆਂ ਸੰਗਤਾਂ ਨੇ ਵੱਡੇ ਉਤਸ਼ਾਹ ਅਤੇ ਸਤਿਕਾਰ ਨਾਲ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਦੀ ਅਸੀਸ ਪ੍ਰਾਪਤ ਕੀਤੀ।ਸਮਾਗਮ ਦੌਰਾਨ ਵਿਖ-ਵਿਖ ਬੁਲਾਰਿਆਂ ਅਤੇ ਬੁੱਧੀਜੀਵੀਆਂ ਵੱਲੋਂ ਹਾਜ਼ਰ ਸੰਗਤ ਨਾਲ ਨੌਵੇਂ ਪਾਤਸ਼ਾਹ ਦੇ ਉਪਦੇਸ਼, ਉਨ੍ਹਾਂ ਦੀ ਕੁਰਬਾਨੀ ਅਤੇ ਉਨ੍ਹਾਂ ਦੇ ਜੀਵਨ ਉੱਤੇ ਪ੍ਰਕਾਸ਼ ਪਾਇਆ ਗਿਆ।ਇਸ ਮੌਕੇ ਮਨਜੀਤ ਸਿੰਘ ਮਾਨ, ਕਰਮ ਸਿੰਘ ਬਬਰਾ, ਪ੍ਰੀਤਮ ਸਿੰਘ, ਪ੍ਰਦੀਪ ਸਿੰਘ ਭਾਰਜ, ਰਮਨਦੀਪ ਸਿੰਘ ਬਾਵਾ, ਮਨਜੀਤ ਸਿੰਘ ਸੈਕਟਰ 69, ਜਗਦੀਸ਼ ਸਿੰਘ ਸਰਾਉ, ਸੁਰਜੀਤ ਸਿੰਘ ਮਠਾੜੂ, ਰਜਿੰਦਰ ਸਿੰਘ ਟੋਹੜਾ ਮੈਨੇਜਰ ਅੰਬ ਸਾਹਿਬ ਆਦਿ ਹਾਜ਼ਰ ਸਨ।

# ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਸ ਗੱਲ 'ਤੇ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ ਅਤੇ ਮੁਹਿੰਮ ਰੂਪ ਵਿੱਚ ਸਿਫਾਰਿਸ਼ ਤਕਨੀਕਾਂ ਅਪਣਾ ਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ। ਇਸੇ ਲੜੀ ਅਧੀਨ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਜ਼ਿਲ੍ਹਾ ਪੱਧਰੀ ਪਸਾਰ ਅਦਾਰੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਕੇ.ਵੀ.ਕੇ. ਕੈਂਪਸ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਨਿਰਦੇਸ਼ਕ ਆਈ ਸੀ ਏ ਆਰ ਅਟਾਰੀ ਲੁਧਿਆਣਾ ਡਾ. ਪਰਵਿੰਦਰ ਤੇ ਮੁੱਖ ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਦਪਿੰਦਰ ਸਿੰਘ ਵੀ ਮੌਜੂਦ ਸਨ।ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਨੇ ਪੰਜਾਬ ਸਰਕਾਰ ਦੀ ਕਿਸਾਨ ਭਲਾਈ ਬਾਬਤ ਵਚਨਬੱਧਤਾ ਦੋਹਰਾਈ ਅਤੇ ਇਸ ਬਾਬਤ ਸਰਕਾਰੀ ਸਹੂਲਤਾਂ ਬਾਰੇ ਦੱਸਿਆ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਦੁਆਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਖੇਤੀਬਾੜੀ ਬਾਬਤ ਨਵੀਨਤਮ ਸਿਫਾਰਿਸ਼ਾਂ ਨੂੰ ਅਪਣਾਇਆ ਜਾਵੇ, ਖਾਸ ਕਰ ਕੁਦਰਤੀ ਸਰੋਤਾਂ ਦੀ ਸੰਭਾਲ ਤਕਨੀਕਾਂ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮੁਹਿੰਮ ਰੂਪ ਵਿੱਚ ਪਰਾਲੀ ਪ੍ਰਬੰਧਨ ਬਾਬਤ ਪਿੰਡਾਂ, ਸਕੂਲਾਂ/ਕਾਲਿਜਾਂ ਵਿੱਚ ਜਾਗਰੂਕਤਾ ਕੈਂਪ, ਸਿਖਲਾਈ ਪ੍ਰੋਗਰਾਮ, ਪ੍ਰਦਰਸ਼ਨੀਆਂ ਅਤੇ ਹੋਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਡਾ. ਬੈਂਸ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਸਰਬੋਤਮ ਕਾਰਜਕੁਸ਼ਲਤਾ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਸਾਂਝੇ ਤੌਰ 'ਤੇ ਅਤੇ ਵੱਧ ਤੋਂ ਵੱਧ ਕੀਤੀ ਜਾਵੇ।ਮੁੱਖ ਖੇਤੀਬਾੜੀ ਅਫ਼ਸਰ ਦਪਿੰਦਰ ਸਿੰਘ ਨੇ ਪਰਾਲੀ ਨੂੰ ਅੱਗ ਨਾ ਲਾਉਣ ਬਾਰੇ ਚਲਾਈ ਮੁਹਿੰਮ ਵਿੱਚ ਭਰਪੂਰ ਯੋਗਦਾਨ ਪਾਉਣ ਵਾਲੇ ਹੁਸ਼ਿਆਰਪੁਰ ਦੇ ਅਗਾਂਹਵਧੂ ਕਿਸਾਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਯਤਨਾਂ ਸਦਕਾ ਇਸ ਸਾਲ ਪਰਾਲੀ ਨੂੰ ਅੱਗ ਲਾਉਣ ਦੇ ਕੇਸ 29 ਤੋਂ ਘੱਟ ਕੇ 15 ਹੀ ਰਹਿ ਗਏ ਹਨ।

## ਭਾਰਤੀ ਰਾਣਾ ਨੇ ਬੈਸਟ ਟੀਚਰ ਐਵਾਰਡ ਪ੍ਰਾਪਤ ਕਰਕੇ ਮਾਪਿਆਂ ਦਾ ਮਾਣ ਵਧਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਵਾਰਡ ਨੰਬਰ 9 ਦੇ ਵਸਨੀਕ ਬਿੱਟੂ ਕਰਿਆਨਾ ਸਟੋਰ ਰੋਪੜ ਰੋਡ ਬਲਾਚੌਰ ਦੇ ਮਾਲਕ ਜੌਨੀ ਰਾਣਾ ਦੀ ਹੋਣਹਾਰ ਧੀ ਅਤੇ ਸਵਰਗੀ ਕੈਪਟਨ ਰਮੇਸ਼ ਸਿੰਘ ਮਿਨਹਾਸ ਅਤੇ ਸਵ: ਸ੍ਰੀਮਤੀ ਰਾਣੀ ਦੇਵੀ ਦੀ ਪੋਤਰੀ ਭਾਰਤੀ ਰਾਣਾ ਵਲੋਂ ਬੈਸਟ ਟੀਚਰ ਦਾ ਐਵਾਰਡ ਹਾਸਲ ਕਰਕੇ ਆਪਣੇ ਮਾਪਿਆ ਅਤੇ ਇਲਾਕੇ ਦਾ ਨਾਮ ਮਾਣ ਵਧਾਏ ਜਾਣ ਦੀ ਖੁਸ਼ੀ ਵਿੱਚ ਭਾਰਤੀ ਰਾਣਾ ਅਤੇ ਉਸ ਦੇ ਮਾਪਿਆ ਨੂੰ ਹਰ ਪਾਸਿਓ ਵਧਾਈਆਂ ਮਿਲ ਰਹੀਆਂ ਹਨ। ਬਲਾਚੌਰ ਦੀ ਵਸਨੀਕ ਭਾਰਤੀ ਰਾਣਾ ਅੱਜ ਕੱਲ ਲਕਸ਼ਮੀ ਤਾਰਾ ਰਠੌਰ ਸਮਾਰਟ ਸਕੂਲ, ਸਿਆਲਵਾ ਮਾਜਰੀ (ਐੱਸ ਏ ਐੱਸ ਨਗਰ ਮੋਹਾਲੀ) ਵਿਖੇ ਬਤੌਰ ਲੈਕਚਰਾਰ ਸੇਵਾ ਨਿਭਾ ਰਹੀ ਹੈ। ਬੀਤੇ ਦਿਨ ਭਾਰਤੀ ਰਾਣਾ ਨੂੰ ਬੈਸਟ ਟੀਚਰ ਚੁਣਿਆ ਗਿਆ ਅਤੇ ਉਨਾਂ ਨੂੰ ਬੈਸਟ ਟੀਚਰ ਦਾ ਐਵਾਰਡ ਆਈ ਪੀ ਐਸ ਕਿਰਨ ਬੇਦੀ ਵੱਲੋਂ ਮੁੰਬਈ ਵਿਖੇ ਇੱਕ ਵੱਡੇ ਸਨਮਾਨ ਸਮਾਰੋਹ ਵਿੱਚ ਦਿੱਤਾ ਗਿਆ। ਪੱਤਰਕਾਰ ਨਾਲ ਗੱਲਬਾਤ ਕਰਦਿਆ ਲੈਕਚਰਾਰ ਭਾਰਤੀ ਰਾਣਾ ਨੇ ਦੱਸਿਆ ਕਿ ਉਸ ਦੀ ਮੁੱਢ ਤੋਂ ਹੀ ਪੜ੍ਹਾਈ ਵਿੱਚ ਰੁਚੀ ਸੀ ਅਤੇ ਉਹ ਇੱਕ ਅਧਿਆਪਕਾ ਬਣ ਕੇ ਬੱਚਿਆਂ ਲਈ ਇੱਕ ਚੰਗਾ ਮਾਰਗ ਦਰਸ਼ਕ ਬਣਨਾ ਚਾਹੁੰਦੀ ਸੀ।ਉਸ ਦੇ ਇਸ ਉਚ ਮੁਕਾਮ ਤੇ ਪੁੱਜਣ ਵਿੱਚ ਮਾਪਿਆਂ ਅਤੇ ਉਸ ਦੇ ਅਧਿਆਪਕਾਂ ਦਾ ਅਹਿਮ ਰੋਲ ਰਿਹਾ ਹੈ।

# ਚੱਬੇਵਾਲ 'ਚ 6 ਹੈੱਲਥ ਸੈਂਟਰਾਂ 'ਤੇ 2.10 ਕਰੋੜ ਖ਼ਰਚੇ ਜਾਣਗੇ : ਵਿਧਾਇਕ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਵਾਸੀਆਂ ਨੂੰ ਉੱਚ ਪੱਧਰੀ ਸਿਹਤ ਸਹੂਲਤਾਂ ਦੇਣ ਲਈ ਲਗਾਤਾਰਤਾ ਵਿੱਚ ਕਾਰਜ ਕੀਤੇ ਜਾ ਰਹੇ ਹਨ ਅਤੇ ਇਸੇ ਕੜੀ ਤਹਿਤ ਵਿਧਾਨ ਸਭਾ ਹਲਕਾ ਚੱਬੇਵਾਲ ਅੰਦਰ 6 ਹੈਲਥ ਐਂਡ ਵੈਲਨੈਸ ਸੈਂਟਰ ਵੱਖ-ਵੱਖ ਪਿੰਡਾਂ ਵਿੱਚ 2 ਕਰੋੜ 10 ਲੱਖ ਰੁਪਏ ਖ਼ਰਚ ਕੇ ਲੋਕਾਂ ਦੀ ਸੇਵਾ ਲਈ ਸਥਾਪਿਤ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਵੱਲੋਂ ਇਨ੍ਹਾਂ ਸੈਂਟਰਾਂ ਦੇ ਕਾਰਜ ਨੂੰ ਆਰੰਭ ਕਰਨ ਸਮੇਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹਲਕੇ ਦੇ 6 ਪਿੰਡਾਂ ਜਿਨ੍ਹਾਂ ਵਿੱਚ ਸਲੇਮਪੁਰ, ਮੜੂਲੀ ਬ੍ਰਾਹਮਣਾਂ, ਬਠੁੱਲਾ, ਸਿੰਘਪੁਰ, ਜੰਡੋਲੀ ਅਤੇ ਸਾਰੰਗਵਾਲ ਸ਼ਾਮਿਲ ਹਨ ਵਿੱਚ ਇਹ ਸੈਂਟਰ ਲੋਕਾਂ ਦੀ ਸਹੂਲਤ ਲਈ ਬਣਾਏ ਜਾ ਰਹੇ ਹਨ ਜਿਨ੍ਹਾਂ ਅੰਦਰ ਹਲਕੇ ਦੇ ਲੋਕਾਂ ਨੂੰ ਉੱਚ ਪੱਧਰੀ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਹਰ ਇੱਕ ਸੈਂਟਰ ਉੱਪਰ ਪੰਜਾਬ ਸਰਕਾਰ ਵੱਲੋਂ 35 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।

# 'ਪੈਨਸ਼ਨਰ ਸੇਵਾ ਮੇਲਾ' ਅੱਜ ਤੋਂ 15 ਤੱਕ : ਜ਼ਿਲ੍ਹਾ ਖਜ਼ਾਨਾ ਅਫ਼ਸਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਆਦੇਸ਼ਾਂ ਮੁਤਾਬਕ ਜ਼ਿਲ੍ਹਾ ਖਜ਼ਾਨਾ ਦਫ਼ਤਰ, ਐਸ.ਏ.ਐਸ. ਨਗਰ ਵਿਖੇ 13 ਨਵੰਬਰ ਤੋਂ 15 ਨਵੰਬਰ ਤੱਕ 'ਪੈਨਸ਼ਨਰ ਸੇਵਾ ਮੇਲਾ' ਲਾਇਆ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਜ਼ਿਲ੍ਹੇ ਦੇ ਸਮੂਹ ਪੈਨਸ਼ਨਰਾਂ ਨੂੰ ਜ਼ਰੂਰੀ ਈ-ਕੇ ਵਾਈ ਸੀ ਪ੍ਰਕਿਰਿਆ ਸਬੰਧੀ ਸਹੂਲਤ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਨਵੇਂ ਲਾਂਚ ਕੀਤੇ ਗਏ ਪੈਨਸ਼ਨਰ ਸੇਵਾ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਣ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਰੇਣੁਕਾ ਕਟਿਆਲ, ਜ਼ਿਲ੍ਹਾ ਖਜ਼ਾਨਾ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3 ਨਵੰਬਰ 2025 ਨੂੰ ਸਾਰੀਆਂ ਪੈਨਸ਼ਨ ਸਬੰਧੀ ਸੇਵਾਵਾਂ ਲਈ ਵਨ-ਸਟਾਪ ਡਿਜੀਟਲ ਪਲੇਟਫਾਰਮ ਲਾਂਚ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਲਈ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਵਾਸਤੇ ਈ-ਕੇ ਵਾਈ ਸੀ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਸਹਿਜ ਡਿਜੀਟਲ ਪੈਨਸ਼ਨ ਸੇਵਾਵਾਂ ਦਾ ਅਨੁਭਵ ਕਰਨ ਲਈ ਮੇਲੇ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੈਕਟਰ-76,ਮੋਹਾਲੀ ਵਿਖੇ ਪਹਿਲੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ 257 ਵਿਖੇ ਪਹੁੰਚਣ।

# ਐੱਸ ਐੱਸ ਸੁਸਾਇਟੀ ਵੱਲੋਂ ਜੁਝਾਰ ਸਿੰਘ ਟਾਈਗਰ ਦਾ ਸਨਮਾਨ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**

ਮਾਤਾ ਸੱਤਿਆ ਦੇਵੀ ਬਿਰਧ ਆਸ਼ਰਮ ਅਧੀਨ ਚੱਲ ਰਹੀ ਸੰਸਥਾ ਐੱਸ ਐੱਸ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਵੱਲੋਂ ਗੋਲਡ ਮੈਡਲ ਜੇਤੂ ਤੇ ਵਿਸ਼ਵ ਪਾਵਰ ਸਲੈਪ ਚੈਂਪੀਅਨ ਜੁਝਾਰ ਸਿੰਘ ਟਾਈਗਰ ਦਾ ਵਿਸ਼ੇਸ਼ ਸਨਮਾਨ



ਕੀਤਾ ਗਿਆ। ਸੰਸਥਾ ਦੇ ਮੁਖੀ ਪ੍ਰੋ. ਆਰ ਸੀ ਢੰਡ ਵੱਲੋਂ ਆਸ਼ਰਮ ਦੇ ਸਾਰੇ ਬਜ਼ੁਰਗਾਂ, ਆਏ ਹੋਏ ਵਿਸ਼ੇਸ਼ ਮਹਿਮਾਨਾ ਅਤੇ ਸਟਾਫ ਮੈਂਬਰਾਂ ਸਮੇਤ ਜੁਝਾਰ ਸਿੰਘ ਟਾਈਗਰ ਨੂੰ ਲੋਈ, ਸਿਰੋਪਾਓ ਅਤੇ ਯਾਦਗਾਰੀ ਚਿੰਨ ਭੇਂਟ ਕਰਕੇ ਸਮੂਹਿਕ ਰੂਪ ਵਿੱਚ ਸਨਮਾਨਤ ਕੀਤਾ। ਪ੍ਰੋ.ਢੰਡ ਨੇ ਕਿਹਾ ਕਿ ਜੁਝਾਰ ਸਿੰਘ ਨੇ ਇਸ ਚੈਂਪੀਅਨਸ਼ਿਪ ਵਿੱਚ ਆਪਣੇ ਵਿਰੋਧੀ ਰਸ਼ੀਅਨ ਖਿਡਾਰੀ ਨੂੰ ਹਰਾ ਕੇ ਨਾ ਸਿਰਫ ਭਾਰਤ ਦਾ ਨਾਂਅ ਹੀ ਦੁਨੀਆ ਭਰ ਵਿੱਚ ਰੋਸ਼ਨ ਕੀਤਾ ਹੈ, ਸਗੋਂ ਸ਼ਹੀਦਾਂ ਦੇ ਪਵਿੱਤਰ ਅਸਥਾਨ ਚਮਕੌਰ ਸਾਹਿਬ ਦੇ ਨਾਂਅ ਤੇ ਮਾਣ ਸਤਿਕਾਰ ਨੂੰ ਵੀ ਵਿਸ਼ਵ ਭਰ ਵਿੱਚ ਉੱਚਾ ਕੀਤਾ ਹੈ, ਜਿਸ ਲਈ ਚਮਕੌਰ ਸਾਹਿਬ ਨਿਵਾਸੀ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਚੈਂਪੀਅਨ ਜੁਝਾਰ ਸਿੰਘ ਨੇ ਆਸ਼ਰਮ ਵਿੱਚ ਰਹਿਣ ਵਾਲੇ ਸਾਰੇ ਬਜ਼ੁਰਗਾਂ ਦੇ ਪੈਰੀ ਹੱਥ ਲਗਾ ਕੇ ਉਨ੍ਹਾਂ ਤੋਂ ਅਸ਼ੀਰਵਾਦ ਹਾਸਿਲ ਕੀਤਾ ਅਤੇ ਸੰਸਥਾ ਵੱਲੋਂ ਪਿੰਡ ਬੱਸੀ ਗੁਜਰਾਂ ਦੇ ਇਕ ਅੰਗਹੀਣ ਵਿਅਕਤੀ ਨੂੰ ਜੁਝਾਰ ਸਿੰਘ ਦੇ ਹੱਥੋਂ ਵੀਹਲ ਚੇਅਰ ਭੇਟ ਕਰਵਾਈ ਗਈ। ਜੁਝਾਰ ਸਿੰਘ ਨੇ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਅਤੇ ਇਸ ਪਵਿੱਤਰ ਧਰਤੀ ਦੇ ਸਮੂਹ ਵਸਨੀਕਾਂ ਦੀਆਂ ਦੁਆਵਾਂ ਕਾਰਨ ਹੀ ਉਹ ਵਿਸ਼ਵ ਪੱਧਰ ਤੇ ਇਹ ਮੁਕਾਮ ਹਾਸਲ ਕਰ ਵਿਚ ਕਾਮਯਾਬ ਹੋਇਆ ਹੈ । ਇਸ ਮੌਕੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸਦੋਆ ਭਾਈ ਜਸਬੀਰ ਸਿੰਘ, ਜੇ ਆਰ ਸੀ ਠਾਕੁਰ, ਪ੍ਰਿੰਸੀਪਲ ਅਮਰਜੀਤ ਸਿੰਘ ਮਾਵੀ, ਡਾ. ਰਾਜਪਾਲ ਸਿੰਘ ਚੌਧਰੀ, ਇਕਬਾਲ ਸਿੰਘ, ਹਰਜਿੰਦਰ ਸਿੰਘ, ਸਮਾਜ ਸੇਵੀ ਕਾਂਤਾ ਖੁੱਲਰ , ਸਾਬਕਾ ਵਿਧਾਇਕ ਅਮਰਜੀਤ ਸਿੰਘ ਸਦੋਆ, ਅਮਰਜੀਤ ਸਿੰਘ ਕਲਸੀ ਅਤੇ ਡਾ ਸ਼ਾਮ ਸਿੰਘ ਕੁੰਡਲਸ ਬੇਲਾ ਆਦਿ ਹਾਜ਼ਰ ਸਨ।

## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਆਤਿਸ਼ਬਾਜੀ/ਪਟਾਕੇ ਚਲਾਉਣ 'ਤੇ ਪਾਬੰਦੀ ਦੇ ਹੁਕਮ

**ਸ਼ਹੀਦ ਭਗਤ ਸਿੰਘ ਨਗਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਆਤਿਸ਼ਬਾਜੀ ਅਤੇ ਪਟਾਕੇ ਚਲਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਵੱਲੋਂ ਜਾਰੀ ਹੁਕਮਾਂ ਅਨੁਸਾਰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਆਤਿਸ਼ਬਾਜੀ/ਪਟਾਖੇ, ਜਿਨ੍ਹਾਂ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਪਟਾਖੇ ਸ਼ਾਮਲ ਹਨ, ਦੇ ਚਲਾਉਣ 'ਤੇ ਪੂਰਨ ਪਾਬੰਦੀ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਲੋਕਾਂ ਵੱਲੋਂ ਆਤਿਸ਼ਬਾਜੀ, ਪਟਾਖੇ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਸ਼ੋਰ-ਸਰਾਬੇ ਕਰਕੇ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ ਤੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਦਸ਼ਾ ਰਹਿੰਦਾ ਹੈ । ਉਨ੍ਹਾਂ ਕਿਹਾ ਕਿ ਇਹ ਹੁਕਮ 10 ਜਨਵਰੀ 2026 ਤੱਕ ਲਾਗੂ ਰਹਿਣਗੇ।

# ਅਣਪਛਾਤੇ ਵਿਅਕਤੀਆਂ ਦੀ ਪੁਲਸ ਤਸਦੀਕ ਮੁਹਿੰਮ ਦੀ ਮੰਗ

**ਫਗਵਾੜਾ (ਡਾ. ਰਮਨ)**-ਪੰਜਾਬੀ ਹਿੰਦੂ ਗਰੁੱਪ ਨੇ ਪੰਜਾਬ ਪੁਲਸ ਅਤੇ ਪ੍ਰਸ਼ਾਸਨ ਵੱਲੋਂ ਅਣਪਛਾਤੇ ਲੋਕਾਂ ਦੀ ਤਸਦੀਕ ਨਾ ਕਰਨ 'ਤੇ ਗੰਭੀਰ ਚਿੰਤਾ ਜਤਾਈ ਹੈ। ਕਰੀਬ 2 ਮਹੀਨੇ ਪਹਿਲਾਂ 4 ਸਤੰਬਰ 2025 ਨੂੰ ਗਰੁੱਪ ਨੇ ਸੂਬੇ ਦੇ ਸਾਰੇ ਕਰੀਬ 400 ਥਾਣਿਆਂ ਵਿੱਚ ਲਿਖਤੀ ਰੂਪ ਵਿੱਚ ਮੰਗ ਪੱਤਰ ਦਿੱਤੇ ਸਨ ਕਿ ਪੰਜਾਬ ਵਿੱਚ ਰਹਿ ਰਹੇ ਬਾਹਰੀ ਅਣਪਛਾਤੇ ਵਿਅਕਤੀਆਂ ਦੀ ਵੈਰੀਫਿਕੇਸ਼ਨ ਡਰਾਈਵ ਕੀਤੀ ਜਾਵੇ। ਪਰ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।ਮੀਟਿੰਗ ਵਿੱਚ ਗੱਲ ਕਰਦੇ ਹੋਏ ਜਲੰਧਰ ਅਤੇ ਫਗਵਾੜਾ ਦੇ ਸੰਯੋਜਕ ਰਮਨ ਨੇਹਰਾ ਨੇ ਕਿਹਾ ਕਿ ਸਾਡੀ ਮੰਗ ਨਾ ਰਾਜਨੀਤਿਕ ਹੈ ਤੇ ਨਾ ਹੀ ਹੋਰ ਕਿਸੇ ਪੱਖਪਾਤ ਨਾਲ ਜੁੜੀ ਹੈ। ਸਾਡੀ ਮੰਗ ਸਿਰਫ ਪੰਜਾਬੀ ਲੋਕਾਂ ਦੀ ਸੁਰੱਖਿਆ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿਤ ਦਾ ਮੁੱਦਾ ਹੈ।ਪੰਜਾਬ ਦੇ ਕਈ ਇਲਾਕਿਆਂ ਵਿੱਚ ਅਜਿਹੇ ਵਿਅਕਤੀ ਰਹਿ ਰਹੇ ਹਨ ਜਿਨ੍ਹਾਂ ਦੀ ਕਦੇ ਵੀ ਪੁਲਸ ਜਾਂਚ ਨਹੀਂ ਹੋਈ। ਪਿਛਲੇ ਕੁਝ ਸਮੇਂ ਵਿੱਚ ਪੰਜਾਬ ਵਿੱਚ ਅਜਿਹੇ ਅਣਪਛਾਤੇ ਬਾਹਰੀ ਲੋਕਾਂ ਦੀ ਵੱਡੀ ਗਿਣਤੀ ਵਿੱਚ ਪੰਜਾਬ ਵਿੱਚ ਐਂਟਰੀ ਹੋਈ ਹੈ ਜੋ ਪੰਜਾਬ ਦੀ ਡੇਮੋਗਰੇਫੀ ਬਦਲਣ ਦੀ ਕੋਸ਼ਿਸ਼ਾਂ ਕਰ ਰਹੇ ਹਨ। ਗਰੁੱਪ ਨੇ ਮੰਗ ਕੀਤੀ ਹੈ ਕਿ ਹਰ ਜ਼ਿਲ੍ਹੇ ਦਾ ਐੱਸ ਐੱਸ ਪੀ ਪਿੰਡ, ਸ਼ਹਿਰ, ਪੰਚਾਇਤਾਂ, ਨਗਰ ਨਿਕਾਇਆਂ ਅਤੇ ਖੁਫੀਆ ਵਿਭਾਗ ਨਾਲ ਮਿਲ ਕੇ ਘਰ-ਘਰ ਤਸਦੀਕ ਮੁਹਿੰਮ ਸ਼ੁਰੂ ਕਰੇ। ਵਿਸ਼ੇਸ਼ ਤੌਰ 'ਤੇ ਕਿਰਾਏ ਦੇ ਘਰਾਂ, ਮਜ਼ਦੂਰ ਬਸਤੀਆਂ ਅਤੇ ਪਿੰਡਾਂ ਦੀ ਜਾਂਚ ਕੀਤੀ ਜਾਵੇ।

# ਖੁਰਾਲਗੜ੍ਹ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਮੂਰਤੀ ਸਥਾਪਨਾ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)**

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਇਤਿਹਾਸਕ ਧਰਤੀ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਸਰੂਪ ਮੂਰਤੀ ਸਥਾਪਨਾ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਮਹਾਨ ਸੰਤਾਂ ਮਹਾਂਪੁਰਸ਼ਾਂ ਵਲੋਂ ਬਹੁਤ ਸ਼ਰਧਾ ਪੂਰਵਕ ਹੋਈ।ਇਸ ਮੌਕੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਕਿਹਾ ਕਿ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਖੁਰਾਲਗੜ ਸਾਹਿਬ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕਰਨ ਅਤੇ ਦਰਸ਼ਨ ਦੀਦਾਰੇ ਕਰਨ ਵਾਲੀਆਂ ਸੰਗਤਾਂ ਦੀ ਆਮਦ ਨੂੰ ਵੇਖਦਿਆਂ ਸੰਤਾਂ, ਮਹਾਂਪੁਰਸ਼ਾਂ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਸਰੂਪ ਹਰਿਦੁਆਰ 'ਚ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਇਨਾਂ ਮਹਾਨ ਅਸਥਾਨਾਂ ਤੋਂ ਆਦਿ ਧਰਮ ਲਹਿਰ ਨੂੰ ਵੱਡੀ ਪੱਧਰ ਤੇ ਪ੍ਰਚੰਡ ਕਰਨ ਲਈ ਵੱਡੇ ਪ੍ਰਚਾਰ ਪ੍ਰੋਗਰਾਮ ਅਰੰਭੇ ਜਾ ਰਹੇ ਹਨ। ਉਨ੍ਹਾਂ ਕਿਹਾ ਸਤਿਗੁਰੂ ਰਵਿਦਾਸ ਦੀ ਚਰਨਛੋਹ ਧਰਤੀ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ, ਬੇਗਮਪੁਰਾ ਦੇ ਸੰਕਲਪ ਅਤੇ ਆਦਿ ਧਰਮ ਦੇ ਮਹਾਨ ਰਹਿਬਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ, ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀਬਾ ਫੂਲੇ, ਬਾਬੂ ਕਾਂਸ਼ੀ ਰਾਮ ਦਾ ਮਿਸ਼ਨ ਘਰ ਘਰ ਪਹੁੰਚਾਉਣਾ ਹੀ ਮੁੱਖ ਏਜੰਡਾ ਅਤੇ ਪ੍ਰੋਗਰਾਮ ਹੋਵੇਗਾ। ਇਸ ਮੌਕੇ ਸੰਤ ਕਾਹਨ ਸਿੰਘ ਹੈਬੋਵਾਲ, ਸੰਤ ਸੋਹਣ ਸਿੰਘ, ਸੰਤ ਜਗੀਰ ਸਿੰਘ ਬਾਘਾਪੁਰਾਣਾ, ਸੰਤ ਅਮਰਜੀਤ, ਸੰਤ ਚਰਨਦਾਸ ਮਾਂਗਟ, ਸੰਤ ਕੁਲਦੀਪ ਸਿੰਘ, ਸੰਤ ਜਗਤਾਰ ਸਿੰਘ ਬਰਨਾਲਾ ਬਠਿੰਡਾ, ਲਖਵੀਰ ਸਿੰਘ ਨੈਨਵਾ, ਦਵਿੰਦਰ ਸਿੰਘ ਬਾਘੇਕੇ, ਅਮਿਤ ਕੁਮਾਰ ਪਾਲ, ਵਰਿੰਦਰ ਕੁਮਾਰ ਜਲੰਧਰ ਤੇ ਸੰਗਤਾਂ ਹਾਜਰ ਸਨ ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਗਰੂਕਤਾ ਪ੍ਰੋਗਰਾਮ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਸ੍ਰੀ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸ਼ਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਏ ਐੱਸ ਨਗਰ ਦੇ ਹੁਕਮਾਂ ਅਨੁਸਾਰ, ਮਿਸ ਸੁਰਭੀ ਪ੍ਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ ਨੇ ਸਰਕਾਰੀ ਹਾਈ ਸਕੂਲ, ਪਿੰਡ-ਨੱਗਲ ਸਲੇਮਪੁਰ, ਜ਼ਿਲ੍ਹਾ-ਐੱਸ ਏ ਐੱਸ ਨਗਰ ਵਿੱਚ ਪੋਕਸੋ ਐਕਟ ਦੇ ਵੱਖ-ਵੱਖ ਪ੍ਰਾਵਧਾਨਾਂ ਬਾਰੇ ਇੱਕ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਪ੍ਰੋਗਰਾਮ ਦੇ ਦੌਰਾਨ, ਵਿਦਿਆਰਥੀਆਂ ਨੂੰ ਬੱਚਿਆਂ ਨੂੰ ਅਪਰਾਧਾਂ ਤੋਂ ਬਚਾਉਣ ਲਈ ਮੌਜੂਦ ਪੋਕਸੋ ਐਕਟ ਦੇ ਵੱਖ-ਵੱਖ ਪ੍ਰਾਵਧਾਨਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ, ਸੁਰਭੀ ਪ੍ਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਏ ਐਸ ਨਗਰ ਨੇ ਲਾਲੜੂ ਦੇ ਯੂਨੀਵਰਸਲ ਕਾਲਜ ਆਫ਼ ਲਾਅ ਵਿੱਚ ਨਾਲਸਾ ਦੀ ਡਰੱਗ ਅਵੇਅਰਨੈਸ ਵੈੱਲਨੈਸ ਅਤੇ ਨੈਵੀਗੇਸ਼ਨ ਸਕੀਮ, 2025 ਤੇ ਕਾਨੂੰਨੀ ਜਾਣਕਾਰੀ ਪ੍ਰੋਗਰਾਮ ਦਾ ਵੀ ਆਯੋਜਨ ਕੀਤਾ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ/ਫੈਕਲਟੀ ਨੂੰ ਨਾਲਸਾ ਦੀ ਡਰੱਗ ਅਵੇਅਰਨੈਸ ਵੈੱਲਨੈਸ ਅਤੇ ਨੈਵੀਗੇਸ਼ਨ ਸਕੀਮ, 2025 ਦੇ ਵੱਖ-ਵੱਖ ਪ੍ਰਾਵਧਾਨਾਂ ਬਾਰੇ ਜਾਣੂ ਕਰਵਾਇਆ ਗਿਆ।

# ਝੋਨੇ ਦੀ ਆਮਦ ਤੇ ਖਰੀਦ ਪੱਖੋਂ ਸੰਗਰੂਰ ਜ਼ਿਲ੍ਹਾ ਮੋਹਰੀ, ਲਿਫਟਿੰਗ ਪੱਖੋਂ ਪਟਿਆਲਾ ਮੋਹਰੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਝੋਨੇ ਦੇ ਮੌਜੂਦਾ ਖਰੀਦ ਸੀਜ਼ਨ ਵਿੱਚ ਸੰਗਰੂਰ ਜ਼ਿਲ੍ਹਾ ਆਮਦ ਅਤੇ ਖਰੀਦ ਦੋਵਾਂ ਪੱਖੋਂ ਪਹਿਲੇ ਸਥਾਨ 'ਤੇ ਹੈ।ਸੁਚਾਰੂ ਅਤੇ ਨਿਰਵਿਘਨ ਖਰੀਦ ਸੀਜ਼ਨ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੰਡੀਆਂ ਵਿੱਚ ਇੱਕ ਠੋਸ ਪ੍ਰਣਾਲੀ ਨੂੰ ਯਕੀਨੀ ਬਣਾਉਣ ਵਿੱਚ ਸਫਲ ਰਹੀ ਹੈ ਜਿਸ ਦਾ ਉਦੇਸ਼ ਸਾਰੇ ਭਾਈਵਾਲਾਂ ਜਿਵੇਂ ਕਿਸਾਨ, ਆੜ੍ਹਤੀਏ, ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ।ਝੋਨੇ ਦੀ ਆਮਦ ਦੇ ਸਬੰਧ ਵਿੱਚ, 11 ਨਵੰਬਰ ਤੱਕ ਮੰਡੀਆਂ ਵਿੱਚ ਕੁੱਲ 15376697.06 ਲੱਖ ਮੀਟਰਿਕ ਟਨ (ਐੱਲ ਐੱਮ ਟੀ) ਝੋਨੇ ਦੀ ਆਮਦ ਹੋਈ ਜਿਸ ਵਿੱਚੋਂ 15269488.62 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਜੋ ਕਿ 99 ਫ਼ੀਸਦ ਦੇ ਅੰਕੜੇ ਨੂੰ ਪਾਰ ਕਰਦਾ ਹੈ। ਜਿੱਥੋਂ ਤੱਕ ਲਿਫਟਿੰਗ ਦਾ ਸਬੰਧ ਹੈ, ਤਾਂ ਖਰੀਦੀ ਗਈ ਫਸਲ ਵਿੱਚੋਂ 13854981.49 ਮੀਟਰਕ ਟਨ ਝੋਨੇ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਜੋ ਕਿ 90 ਫ਼ੀਸਦ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ।

ਸੰਗਰੂਰ ਜ਼ਿਲ੍ਹੇ ਨੇ 1330792.77 ਮੀਟਰਕ ਟਨ ਝੋਨੇ ਦੀ ਆਮਦ ਅਤੇ 1328302.88 ਮੀਟਰਕ ਟਨ ਖਰੀਦ ਨਾਲ ਪਹਿਲਾ ਸਥਾਨ ਹਾਸਲ ਕੀਤਾ ਹੈ। ਬਠਿੰਡਾ ਨੇ 1303454.28 ਮੀਟਰਕ ਟਨ ਆਮਦ ਅਤੇ 1253400.2 ਮੀਟਰਕ ਟਨ ਖਰੀਦ ਨਾਲ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਪਟਿਆਲਾ ਜ਼ਿਲ੍ਹਾ 1120786.79 ਮੀਟਰਕ ਟਨ ਝੋਨੇ ਦੀ ਆਮਦ ਅਤੇ 1120772.77 ਮੀਟਰਕ ਟਨ ਖਰੀਦ ਨਾਲ ਤੀਜੇ ਸਥਾਨ 'ਤੇ ਹੈ।ਲਿਫਟਿੰਗ ਦੇ ਮਾਮਲੇ ਵਿੱਚ, ਪਟਿਆਲਾ ਹੁਣ ਤੱਕ 1087806.56 ਮੀਟਰਕ ਟਨ ਝੋਨੇ ਦੀ ਲਿਫ਼ਟਿੰਗ ਨਾਲ ਪਹਿਲੇ ਸਥਾਨ 'ਤੇ ਹੈ, ਸੰਗਰੂਰ 1083766.01 ਮੀਟਰਕ ਟਨ ਨਾਲ ਦੂਜੇ ਸਥਾਨ 'ਤੇ ਹੈ ਅਤੇ ਬਠਿੰਡਾ ਨੇ 1070364.39 ਮੀਟਰਕ ਟਨ ਲਿਫਟਿੰਗ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸਜਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਿਰਮਲ ਭੇਖ ਮੰਡਲ ਵਲੋਂ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਤਪ ਅਸਥਾਨ ਡੇਰਾ ਸੰਤਗੜ੍ਹ ਹਰਖੋਵਾਲ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ, ਪੰਜ ਪਿਆਰਿਆਂ ਦੀ ਅਗਵਾਈ ਅਤੇ ਹਰਖੋਵਾਲ ਸੰਪ੍ਰਦਾਇ ਦੇ ਮੁਖੀ ਸੰਤ ਅਮਰਜੀਤ ਸਿੰਘ ਦੀ ਦੇਖ-ਰੇਖ 'ਚ ਸਜਾਇਆ ਇਹ ਨਗਰ ਕੀਰਤਨ ਜੈਕਾਰਿਆਂ ਦੀ ਗੂੰਜ 'ਚ ਤਪ-ਅਸਥਾਨ ਤੋਂ ਰਵਾਨਾ ਹੋਇਆ, ਜਿਸ 'ਚ ਵੱਡੀ ਗਿਣਤੀ 'ਚ ਵੱਖ-ਵੱਖ ਸੰਤ-ਮਹਾਂਪੁਰਸ਼, ਸਾਧੂ ਜਨ ਸ਼ਾਮਿਲ ਹੋਏ। ਨਗਰ ਕੀਰਤਨ ਦੀ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਦੇ ਛਕਣ ਲਈ ਵੱਖ-ਵੱਖ ਪ੍ਰਕਾਰ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਢਾਡੀ ਗੁਰਮੇਲ ਸਿੰਘ ਬਘਾਣਾ ਦੇ ਢਾਡੀ ਜਥੇ ਅਤੇ ਹੋਰਨਾਂ ਜਥਿਆਂ ਵਲੋਂ ਸੰਗਤਾਂ ਨੂੰ ਮਨੋਹਰ ਕਥਾ-ਕੀਰਤਨ ਤੇ ਗੁਰਇਤਿਹਾਸ ਸਰਵਣ ਕਰਵਾਇਆ ਗਿਆ। ਇਹ ਨਗਰ ਕੀਰਤਨ ਪੁਰਹੀਰਾਂ ਬਾਈਪਾਸ, ਚੰਡੀਗੜ੍ਹ ਬਾਈਪਾਸ, ਮਾਹਿਲਪੁਰ, ਗੜ੍ਹਸ਼ੰਕਰ ਅਤੇ ਪਿੰਡ ਪੋਜੇਵਾਲ ਤੋਂ ਹੁੰਦਾ ਹੋਇਆ ਦੇਰ ਰਾਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਇਆ। ਇਸ ਮੌਕੇ ਬਾਬਾ ਦੂਲਾ ਸਿੰਘ ਗੱਤਕਾ ਅਕੈਡਮੀ ਦੇ ਨੌਜਵਾਨਾਂ ਵਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਇਸ ਮੌਕੇ ਸ: ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ, ਸੰਤ ਜੀਤ ਸਿੰਘ ਜੌਹਲਾਂ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਕਰਮਜੀਤ ਸਿੰਘ ਤੇ ਸੰਤ ਬਲਵੀਰ ਸਿੰਘ ਟਿੱਬਾ ਸਾਹਿਬ, ਸੰਤ ਵਿਕਰਮਜੀਤ ਸਿੰਘ ਨੰਗਲ, ਸੰਤ ਪ੍ਰੀਤਮ ਸਿੰਘ ਡੁਮੇਲੀ, ਸੰਤ ਹਾਕਮ ਸਿੰਘ, ਸੰਤ ਅਮਰੀਕ ਸਿੰਘ, ਸੰਤ ਬਿੱਕਰ ਸਿੰਘ ਖਡੂਰ ਸਾਹਿਬ, ਸੰਤ ਸੰਤੋਖ ਸਿੰਘ ਪਾਲਦੀ, ਬਾਬਾ ਨਾਗਰ ਸਿੰਘ ਟੂਟੋਮਜ਼ਾਰਾ ਆਦਿ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।


# ਵਾਲੀਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਸ਼ੁਰੂ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਬੱਲੀ ਬਰਾੜ ਮੈਮੋਰੀਅਲ ਟਰੱਸਟ ਵੱਲੋਂ ਜ਼ਿਲ੍ਹਾ ਵਾਲੀਬਾਲ ਐਸੋਸੀਏਸ਼ਨ ਦੇ ਸਹਿਯੋਗ ਨਾਲ 7 ਵਾਂ ਬੱਲੀ ਬਰਾੜ ਮੈਮੋਰੀਅਲ (ਵੂਮੈਨ ) ਵਾਲੀਬਾਲ ਟੂਰਨਾਮੈਂਟ ਕਰਵਾਉਣ ਲਈ ਤਿਆਰੀਆਂ ਸ਼ੁਰੂ ਕਰ ਹੋ ਗਈਆਂ ਹਨ ਜਿਸ ਨੂੰ ਲੈਕੇ ਵਿਨਟੇਜ ਵਿਲਾ ਟਾਂਡਾ ਵਿਚ ਜ਼ਿਲ੍ਹਾ ਪ੍ਰਧਾਨ ਵਾਲੀਬਾਲ ਐਸੋਸੀਏਸ਼ਨ ਮਨਜੀਤ ਸਿੰਘ ਦਸੂਹਾ ਦੀ ਅਗਵਾਈ ਵਿਚ ਮੀਟਿੰਗ ਹੋਈ । ਜਿਸ ਵਿਚ ਅਰਜੁਨ ਐਵਾਰਡੀ ਆਈ ਪੀ ਐੱਸ ਸੁਖਪਾਲ ਸਿੰਘ ਬਰਾੜ, ਪੀ. ਪੀ. ਐੱਸ. ਐੱਸ.ਪੀ. ਸੁਖਦੇਵ ਸਿੰਘ ਦੀ ਹਾਜ਼ਰੀ ਵਿਚ ਕੋਚਾਂ ਅਤੇ ਟਰੱਸਟ ਦੇ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਵਿਚ ਪਿੰਡ ਜੌੜਾ ਵਿਖੇ ਕਰਵਾਏ ਜਾਣ ਵਾਲੇ ਸਾਲਾਨਾ ਬੱਲੀ ਬਰਾੜ ਮੈਮੋਰੀਅਲ ਕੌਮੀ ਪੱਧਰ ਦੇ ਵਾਲੀਬਾਲ ਟੂਰਨਾਮੈਂਟ ਦੀਆਂ ਤਾਰੀਖ਼ਾਂ ਦਾ ਐਲਾਨ ਕੀਤਾ ਗਿਆ । ਪ੍ਰਬੰਧਕਾਂ ਮਨਜੀਤ ਸਿੰਘ ਦਸੂਹਾ ਅਤੇ ਆਈ ਪੀ ਐੱਸ ਬਰਾੜ ਅਤੇ ਗੁਰਬਖਸ਼ ਸਿੰਘ ਨੇ ਦੱਸਿਆ ਕਿ ਟੂਰਨਾਮੈਂਟ ਅਗਲੇ ਵਰ੍ਹੇ 13 ਤੋਂ 15 ਫਰਵਰੀ ਤੱਕ ਕਰਵਾਇਆ ਜਾਵੇਗਾ, ਜਿਸ ਵਿਚ ਬੈਂਕ ਆਫ ਮਹਾਰਾਸ਼ਟਰਾ, ਸੈਂਟ੍ਰਲ ਰੇਲਵੇ ਪੂਨਾ, ਈਸਟਰਨ ਰੇਲਵੇ, ਰਾਜਸਥਾਨ, ਪੰਜਾਬੀ ਯੂਨੀਵਰਸਿਟੀ, ਚੰਡੀਗੜ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਐੱਲ ਪੀ ਯੂ ਆਦਿ ਟੀਮਾਂ ਆਪਣੀ ਖੇਡ ਪ੍ਰਦਰਸ਼ਨ ਕਰਨਗੀਆਂ। ਇਸ ਮੌਕੇ ਕੋਚ ਦਲਬੀਰ ਸਿੰਘ, ਗੁਰਬਖਸ਼ ਸਿੰਘ, ਅਮਰਜੀਤ ਸਿੰਘ ਗਿੱਲ, ਜਸਵੀਰ ਕੌਰ ਰੰਧਾਵਾ, ਰਤਨ ਸਿੰਘ, ਅਸ਼ਵਨੀ ਕੁਮਾਰ ਆਦਿ ਮੌਜੂਦ ਸਨ।

# ਵਿਸ਼ਵ ਨਿਮੋਨੀਆ ਦਿਵਸ ਸੰਬੰਧੀ ਜਾਗਰੂਕਤਾ ਮੁਹਿੰਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਵਿਸ਼ਵ ਨਿਮੋਨੀਆ ਦਿਵਸ ਦੇ ਮੌਕੇ 'ਤੇ, ਲਿਵਾਸਾ ਹਸਪਤਾਲ ਨੇ ਬੁੱਧਵਾਰ ਨੂੰ ਇੱਕ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਿਸ ਦਾ ਉਦੇਸ਼ ਭਾਈਚਾਰੇ ਨੂੰ ਨਮੂਨੀਆ, ਇਸ ਦੇ ਸ਼ੁਰੂਆਤੀ ਲੱਛਣਾਂ ਅਤੇ ਸਮੇਂ ਸਿਰ ਨਿਦਾਨ ਅਤੇ ਇਲਾਜ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਮੋਹਾਲੀ ਦੇ ਲਿਵਾਸਾ ਹਸਪਤਾਲ ਵਿਖੇ ਪਲਮੋਨੋਲੋਜੀ ਸਲਾਹਕਾਰ ਡਾ. ਸੋਨਲ ਨੇ ਜਲਦੀ ਨਿਦਾਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ 'ਨਮੂਨੀਆ ਸਾਹ ਸੰਬੰਧੀ ਹਸਪਤਾਲਾਂ ਵਿੱਚ ਭਰਤੀ ਹੋਣ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ, ਖਾਸ ਕਰਕੇ ਸਰਦੀਆਂ ਦੇ ਮਹੀਨਿਆਂ ਦੌਰਾਨ। ਬਹੁਤ ਸਾਰੇ ਮਾਮਲਿਆਂ ਵਿੱਚ, ਸਥਿਤੀ ਗੰਭੀਰ ਹੋ ਜਾਂਦੀ ਹੈ ਕਿਉਂਕਿ ਮਰੀਜ਼ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਕਰਦੇ ਹਨ। ਲਗਾਤਾਰ ਖੰਘ, ਤੇਜ਼ ਬੁਖਾਰ, ਜਾਂ ਸਾਹ ਲੈਣ ਵਿੱਚ ਮੁਸ਼ਕਲ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜਲਦੀ ਪਤਾ ਲਗਾਉਣਾ ਅਤੇ ਸਹੀ ਡਾਕਟਰੀ ਪ੍ਰਬੰਧਨ ਰਿਕਵਰੀ ਦੇ ਨਤੀਜਿਆਂ ਵਿੱਚ ਕਾਫ਼ੀ ਸੁਧਾਰ ਕਰ ਸਕਦਾ ਹੈ।' ਉਨ੍ਹਾਂ ਅੱਗੇ ਕਿਹਾ ਕਿ ਨਿਮੋਨੀਆ ਇੱਕ ਗੰਭੀਰ ਫੇਫੜਿਆਂ ਦੀ ਲਾਗ ਹੈ ਜੋ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਪਰ ਇਹ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਪੁਰਾਣੀਆਂ ਬਿਮਾਰੀਆਂ ਵਾਲੇ ਲੋਕਾਂ ਲਈ ਖਾਸ ਤੌਰ 'ਤੇ ਖ਼ਤਰਨਾਕ ਹੈ। ਨਮੂਨੀਆ ਦੁਨੀਆ ਭਰ ਵਿੱਚ ਬਾਲ ਮੌਤ ਦਰ ਦਾ ਪ੍ਰਮੁੱਖ ਛੂਤ ਵਾਲਾ ਕਾਰਨ ਬਣਿਆ ਹੋਇਆ ਹੈ, ਜਿਸ ਨਾਲ ਸਮਾਜਿਕ ਸਿਹਤ ਲਈ ਜਾਗਰੂਕਤਾ ਅਤੇ ਰੋਕਥਾਮ ਜ਼ਰੂਰੀ ਹੋ ਜਾਂਦੀ ਹੈ। ਇਹ ਬੱਚਿਆਂ ਦੀ ਸੁਰੱਖਿਆ ਦੀ ਤੁਰੰਤ ਲੋੜ ਨੂੰ ਉਜਾਗਰ ਕਰਦਾ ਹੈ ਜੋ ਕਿ ਸਮੇਂ ਸਿਰ ਟੀਕਾਕਰਨ, ਚੰਗੀ ਪੋਸ਼ਣ, ਸਾਫ਼ ਹਵਾ, ਅਤੇ ਸਮੇਂ ਸਿਰ ਨਿਦਾਨ ਅਤੇ ਦੇਖਭਾਲ ਤੱਕ ਪਹੁੰਚ ਦੁਆਰਾ ਸਭ ਤੋਂ ਵੱਧ ਕਮਜ਼ੋਰ ਰਹਿੰਦੇ ਹਨ, ਡਾ. ਸੋਨਲ ਨੇ ਰਾਏ ਦਿੱਤੀ। ਟੀਕਾਕਰਨ, ਚੰਗੀ ਸਫਾਈ ਬਣਾਈ ਰੱਖਣਾ, ਅਤੇ ਸਾਹ ਦੀਆਂ ਲਾਗਾਂ ਦਾ ਤੁਰੰਤ ਇਲਾਜ ਗੰਭੀਰ ਨਮੂਨੀਆ ਨੂੰ ਰੋਕਣ ਲਈ ਮਹੱਤਵਪੂਰਨ ਕਦਮ ਹਨ। ਸਹੀ ਸਮੇਂ 'ਤੇ ਸਹੀ ਦੇਖਭਾਲ ਨਾਲ, ਜ਼ਿਆਦਾਤਰ ਮਾਮਲਿਆਂ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ, ਡਾ. ਕ੍ਰਿਤਾਰਥ, ਪਲਮਨਰੀ ਮੈਡੀਸਨ ਦੇ ਸਲਾਹਕਾਰ ਨੇ ਕਿਹਾ।ਡਾ. ਕ੍ਰਿਤਾਰਥ ਨੇ ਸਮਝਾਇਆ ਕਿ ਜੇਕਰ ਨਮੂਨੀਆ ਦਾ ਇਲਾਜ ਨਾ ਕੀਤਾ ਜਾਵੇ, ਤਾਂ ਇਹ ਤੇਜ਼ੀ ਨਾਲ ਵਧ ਸਕਦਾ ਹੈ, ਜਿਸ ਨਾਲ ਸਾਹ ਦੀ ਅਸਫਲਤਾ ਜਾਂ ਸੈਪਸਿਸ ਵਰਗੀਆਂ ਗੰਭੀਰ ਪੇਚੀਦਗੀਆਂ ਪੈਦਾ ਹੋ ਸਕਦੀਆਂ ਹਨ।ਅਸੀਂ ਸਿੱਖਿਆ, ਸ਼ੁਰੂਆਤੀ ਦਖਲਅੰਦਾਜ਼ੀ ਅਤੇ ਗੁਣਵੱਤਾ ਵਾਲੀ ਦੇਖਭਾਲ ਰਾਹੀਂ ਜਾਨਾਂ ਬਚਾਉਣ ਲਈ ਵਚਨਬੱਧ ਹਾਂ।'

# ਅਜਨਾਲਾ ਵਿਖੇ ਮੈਡੀਕਲ ਕੈਂਪ ਲਈ ਨਰੂੜ ਤੋਂ ਟੀਮ ਰਵਾਨਾ ਹੋਈ : ਖਾਲਸਾ, ਅਜਨੌਹਾ



**ਮੇਹਟੀਆਣਾ (ਜਗਤਾਰ ਸਿੰਘ ਡੂੰਗਰਨੀ)**

ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੱਖ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੌਹਾ ਦਾ ਜੱਦੀ ਪਿੰਡ ਅਜਨੌਹਾ ਇਨ੍ਹਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਸ਼ਹਿਰ ਅਜਨੌਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ ਅਜਨੌਹਾ ਵੱਲੋਂ ਐੱਨ ਆਰ ਆਈਆਂ ਦੀ ਮਦਦ ਨਾਲ ਹੜ੍ਹ ਪੀੜਤ ਇਲਾਕਾ ਜ਼ਿਲ੍ਹਾ ਅੰਮ੍ਰਿਤਸਰ ਦਾ ਹਲਕਾ ਅਜਨਾਲਾ ਦੇ ਪਿੰਡਾਂ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਉਣ ਲਈ ਗੁਰੂ ਸਾਹਿਬ ਜੀ ਦਾ ਓਟ ਆਸਰਾ ਅਰਦਾਸ ਕਰਕੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਤੋਂ ਰਵਾਨਾ ਹੋਈ। ਸੰਸਥਾ ਵਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਵੱਧ ਤੋਂ ਵੱਧ ਕੈਂਪ ਲਗਾਏ ਜਾਣੇ ਹਨ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੌਹਾ, ਡਾਕਟਰ ਤਰਸੇਮ ਸਿੰਘ, ਡਾਕਟਰ ਬਲਦੇਵ ਸਿੰਘ ਕਾਲਰਾ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ ਪਾਸ਼ਟਾਂ, ਪ੍ਰੀਆ ਨਰੂੜ, ਰਾਜਵਿੰਦਰ ਕੌਰ ਪਾਸ਼ਟਾਂ, ਰਣਧੀਰ ਕੌਰ, ਬਲਜੀਤ ਸਿੰਘ ਬਿੱਲਾ ਅਜਨੌਹਾ, ਉਂਕਾਰ ਸਿੰਘ ਨਰੂੜ, ਨਿਰਮਲ ਸਿੰਘ, ਪੰਚ ਮਨਪ੍ਰੀਤ ਸਿੰਘ ਨਰੂੜ, ਬਰਿੰਦਰ ਸਿੰਘ, ਨਰਿੰਦਰਪਾਲ ਪਰਮਜੀਤ ਸਿੰਘ ਜਲਵੇਹੜਾ, ਸੁਰਿੰਦਰ ਪਾਲ ਸਿੰਘ ਅਜਨੌਹਾ, ਅਮਰਜੀਤ ਸਿੰਘ ਬਿੱਲਾ ਕੁੱਕੜਵਾਲ, ਸੰਤੋਖ ਸਿੰਘ ਅਜਨੌਹਾ, ਜਗਦੀਸ਼ ਸਿੰਘ ਕੁੱਕੜਵਾਲ, ਸੁਖਵਿੰਦਰ ਸਿੰਘ ਖਾਲਸਾ ਅਜਨੌਹਾ, ਜਸ਼ਨਪ੍ਰੀਤ ਸਿੰਘ,ਵਿਪਨ ਕੁਮਾਰ ਪੰਚਨੰਗਲਾ,ਸੁਭਾਸ਼ ਸਿੰਘ ਨਰੂੜ ਆਦਿ।

# ਵਿਦਿਆਰਥੀਆਂ ਲਈ ਡੀ ਸੀ ਆਫਿਸ, ਰੋਜ਼ਗਾਰ ਐਕਸਚੇਂਜ ਤੇ ਆਰ ਟੀ ਓ ਦਾ ਸਿੱਖਿਅਕ ਦੌਰਾ

**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਸਕੂਲ, ਕਪੂਰਥਲਾ ਰੋਡ ਨੇ ਚੇਤਨਾ ਪ੍ਰੋਜੈਕਟ ਦੇ ਤਹਿਤ ਇੱਕ ਸਿੱਖਿਅਕ ਦੌਰੇ ਦਾ ਆਯੋਜਨ ਕੀਤਾ, ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਰਕਾਰੀ ਕਾਰਜਪ੍ਰਣਾਲੀ ਅਤੇ ਜ਼ਰੂਰੀ ਜੀਵਨ-ਕੌਸ਼ਲ ਬਾਰੇ ਪ੍ਰਯੋਗਾਤਮਕ ਗਿਆਨ ਪ੍ਰਦਾਨ ਕਰਨ ਦੀ ਇੱਕ ਵਿਲੱਖਣ ਪਹਿਲ ਹੈ। ਇਹ ਦੌਰਾ ਅਠਵੀਂ, ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਲਈ ਕਰਵਾਇਆ ਗਿਆ , ਜਿਸ ਵਿੱਚ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਦਫ਼ਤਰ, ਰੋਜ਼ਗਾਰ ਐਕਸਚੇਂਜ ਅਤੇ ਆਰ.ਟੀ.ਓ. ਦਫ਼ਤਰ ਜਾਣਾ ਸੀ।ਡੀ ਸੀ ਦਫ਼ਤਰ ਵਿੱਚ ਵਿਦਿਆਰਥੀਆਂ ਨੂੰ ਅਧਿਕਾਰੀਆਂ ਨਾਲ ਰੂਬਰੂ ਹੋਣ ਦਾ ਵਿਲੱਖਣ ਮੌਕਾ ਮਿਲਿਆ। ਉਨ੍ਹਾਂ ਨੇ ਪ੍ਰਸ਼ਾਸਨ, ਸ਼ਾਸਨ ਅਤੇ ਲੋਕ ਸੇਵਾਵਾਂ ਬਾਰੇ ਸੋਚ-ਵਿਚਾਰ ਉਤਪੰਨ ਕਰਨ ਵਾਲੇ ਪ੍ਰਸ਼ਨ ਪੁੱਛੇ। ਅਧਿਕਾਰੀਆਂ ਨੇ ਉਨ੍ਹਾਂ ਦੀ ਜਿਗਿਆਸਾ ਦੀ ਪ੍ਰਸ਼ੰਸਾ ਕੀਤੀ ਅਤੇ ਵੱਖ-ਵੱਖ ਵਿਭਾਗਾਂ ਦੀ ਕਾਰਜਪ੍ਰਣਾਲੀ ਬਾਰੇ ਮਾਰਗਦਰਸ਼ਨ ਦਿੱਤਾ।ਰੋਜ਼ਗਾਰ ਐਕਸਚੇਂਜ ਵਿੱਚ ਵਿਦਿਆਰਥੀਆਂ ਨੇ ਸਰਕਾਰ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਰੋਜ਼ਗਾਰ ਯੋਗ ਪਹਿਲਾਂ ਅਤੇ ਯੋਜਨਾਵਾਂ ਬਾਰੇ ਲਾਭਦਾਇਕ ਜਾਣਕਾਰੀ ਲਈ। ਉਨ੍ਹਾਂ ਨੂੰ ਰਜਿਸਟ੍ਰੇਸ਼ਨ ਦੇ ਤਰੀਕਿਆਂ, ਕੌਸ਼ਲ ਵਿਕਾਸ ਪ੍ਰੋਗਰਾਮਾਂ ਅਤੇ ਰੋਜ਼ਗਾਰ ਨਾਲ ਸੰਬੰਧਿਤ ਹੋਰ ਵਿਕਲਪਾਂ ਬਾਰੇ ਜਾਣਨ ਦਾ ਮੌਕਾ ਮਿਲਿਆ।ਆਰ.ਟੀ.ਓ. ਦਫ਼ਤਰ ਦੇ ਦੌਰੇ ਨੇ ਉਨ੍ਹਾਂ ਦੇ ਗਿਆਨ ਵਿੱਚ ਹੋਰ ਵਾਧਾ ਕੀਤਾ, ਜਿਸ ਦੌਰਾਨ ਅਧਿਕਾਰੀਆਂ ਨੇ ਡ੍ਰਾਈਵਿੰਗ ਲਾਇਸੈਂਸ ਬਣਾਉਣ ਦੀ ਪ੍ਰਕਿਰਿਆ, ਵਾਹਨ ਰਜਿਸਟ੍ਰੇਸ਼ਨ ਅਤੇ ਸੜਕ ਸੁਰੱਖਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।



# ਬੀ ਆਰ ਏ ਪੀ ਤਹਿਤ ਪੰਜਾਬ ਨੂੰ 'ਟਾਪ ਅਚੀਵਰ' ਪੁਰਸਕਾਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀਆਂ ਉਦਯੋਗ-ਪੱਖੀ ਨੀਤੀਆਂ ਨੂੰ ਮਾਨਤਾ ਦਿੰਦਿਆਂ ਭਾਰਤ ਸਰਕਾਰ ਨੇ ਵਪਾਰ ਸੁਧਾਰ ਕਾਰਜ ਯੋਜਨਾ (ਬੀ ਆਰ ਏ ਪੀ) 2024 ਤਹਿਤ ਪੰਜਾਬ ਨੂੰ 'ਟਾਪ ਅਚੀਵਰ' ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਹੈ।ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕੌਮੀ ਰਾਜਧਾਨੀ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸੂਬੇ ਨੂੰ ਇਹ ਪੁਰਸਕਾਰ ਪ੍ਰਦਾਨ ਕੀਤਾ।ਜ਼ਿਕਰਯੋਗ ਹੈ ਕਿ ਪੰਜਾਬ ਨੇ ਭਾਰਤ ਵਿੱਚ ਪੰਜ ਮੁੱਖ ਸੁਧਾਰ ਖੇਤਰਾਂ ਜਿਵੇਂ ਬਿਜ਼ਨੈੱਸ ਐਂਟਰੀ, ਨਿਰਮਾਣ ਪਰਮਿਟ ਪ੍ਰਾਪਤਕਰਤਾ, ਨਿਵੇਸ਼ ਪ੍ਰਾਪਤਕਰਤਾ, ਖੇਤਰ-ਵਿਸ਼ੇਸ਼ ਸਿਹਤ ਸੰਭਾਲ ਅਤੇ ਸੇਵਾਵਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ।ਭਾਰਤ ਸਰਕਾਰ ਦੇ ਉਦਯੋਗ ਪ੍ਰਮੋਸ਼ਨ ਅਤੇ ਅੰਦਰੂਨੀ ਵਪਾਰ ਵਿਭਾਗ (ਡੀ ਪੀ ਆਈ ਆਈ ਟੀ) ਨੇ ਵਪਾਰ ਸੁਧਾਰ ਕਾਰਜ ਯੋਜਨਾ (ਬੀ ਆਰ ਏ ਪੀ) 2024 ਦੇ ਤਹਿਤ ਪੰਜਾਬ ਨੂੰ 'ਟਾਪ ਅਚੀਵਰ' ਵਜੋਂ ਮਾਨਤਾ ਦਿੱਤੀ ਹੈ। ਇਹ ਮਾਨਤਾ ਇੱਕ ਪਾਰਦਰਸ਼ੀ, ਕੁਸ਼ਲ ਅਤੇ ਨਿਵੇਸ਼ਕ-ਪੱਖੀ ਵਪਾਰਕ ਮਾਹੌਲ ਪ੍ਰਦਾਨ ਕਰਨ ਪ੍ਰਤੀ ਪੰਜਾਬ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ ਅਤੇ ਕਾਰੋਬਾਰ ਕਰਨ ਵਿੱਚ ਸੌਖ ਸਬੰਧੀ ਸੂਬੇ ਦੀ ਅਗਵਾਈ ਦੀ ਪੁਸ਼ਟੀ ਕਰਦੀ ਹੈ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਲਗਾਤਾਰ ਉਦਯੋਗਿਕ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਅਤੇ ਉਦਯੋਗ-ਪੱਖੀ ਨੀਤੀਆਂ, ਪਾਰਦਰਸ਼ੀ ਪ੍ਰਸ਼ਾਸਨ ਅਤੇ ਵਪਾਰਕ ਪੱਖੀ ਮਾਹੌਲ ਸਦਕਾ ਨਿਵੇਸ਼ ਸੂਬੇ ਵੱਲ ਆਕਰਸ਼ਿਤ ਹੋ ਰਿਹਾ ਹੈ।



# ਕਿਰਤੀ ਕਿਸਾਨ ਯੂਨੀਅਨ ਵੱਲੋਂ ਵਿਸ਼ਾਲ ਮਾਰਚ ਭਲਕੇ



**ਬੰਗਾ (ਅਵਤਾਰ ਕਲੇਰ)**

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਇਕਾਈ ਦੀ ਮੀਟਿੰਗ ਦਾਣਾ ਮੰਡੀ ਨਵਾਂਸ਼ਹਿਰ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ ਜਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਕਿਹਾ ਕਿ 14 ਨਵੰਬਰ ਦਿਨ ਸ਼ੁੱਕਰਵਾਰ ਨੂੰ ਕੌਮੀ ਇਨਸਾਫ਼ ਮੋਰਚੇ ਦੇ ਦਿੱਲੀ ਚਲੋ। ਮਾਰਚ ਦੀ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਪੂਰਨ ਹਮਾਇਤ ਕਰਦੀ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ, ਜੇਲ੍ਹਾਂ ਚ ਬੰਦ ਸਿਆਸੀ ਬੰਦੀਆਂ ਅਤੇ ਬਿਨਾਂ ਕਿਸੇ ਤਰਾਂ ਦੇ ਕੇਸਾਂ ਦੇ ਜੇਲ੍ਹਾਂ ਚ ਬੰਦ ਕੈਦੀਆਂ ਦੀ ਰਿਹਾਈ ਲਈ 14 ਨਵੰਬਰ ਨੂੰ ਦਿੱਲੀ ਵੱਲ ਵਿਸ਼ਾਲ ਮਾਰਚ ਕੀਤਾ ਜਾਵੇਗਾ। ਜ਼ਿਲ੍ਹਾ ਨਵਾਂਸ਼ਹਿਰ ਤੋਂ ਕਾਰਾਂ ਤੇ ਜੀਪਾਂ ਦਾ ਕਾਫਲਾ ਮਾਰਚ ਵਿੱਚ ਪਹੁੰਚੇਗਾ। ਕੇਂਦਰ ਸਰਕਾਰ ਤੋਂ ਇਨਸਾਫ਼ ਲੈਣ ਲਈ ਲੋਕਾਂ ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੀਟਿੰਗ ਦੌਰਾਨ ਸੁਰਿੰਦਰ ਸਿੰਘ ਮਹਿਰਮਪੁਰ, ਕੁਲਬੀਰ ਸਿੰਘ ਸ਼ਾਹਪੁਰ ਪੱਟੀ, ਅਵਤਾਰ ਸਿੰਘ, ਕਰਨੈਲ ਸਿੰਘ ਉੜਾਪੜ , ਜੀਵਨ ਬੇਗੋਵਾਲ, ਬਲਬੀਰ ਸਿੰਘ, ਮੇਜਰ ਸਿੰਘ, ਕਸ਼ਮੀਰ ਸਿੰਘ, ਰਾਮਜੀ ਦਾਸ ਨੇ ਵੀ ਹਾਜ਼ਰੀ ਲਵਾਈ ।

# ਡਾ. ਨੇਕੀ ਨੂੰ ਜਾਪਾਨ ਵਿਖੇ ਬਤੌਰ ਸਪੀਕਰ ਕਾਨਫਰੰਸ 'ਚ ਸ਼ਾਮਲ ਹੋਣ ਦਾ ਸੱਦਾ

**ਜਲੰਧਰ (ਰਾਜੇਸ਼ ਥਾਪਾ)**-ਜਾਪਾਨ ਦੇ ਸ਼ਹਿਰ ਉਸਾਕਾ ਵਿਖੇ 27 ਤੇ 28 ਨਵੰਬਰ ਨੂੰ ਹੋਣ ਵਾਲੀ ਕਾਨਫਰਸ ਲਈ ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀ ਮੈਡੀਕਲ ਖੇਤਰ ਦੀ ਜਾਣੀ ਪਛਾਣੀ ਸ਼ਖ਼ਸੀਅਤ ਡਾ. ਨਿਰੰਕਾਰ ਸਿੰਘ ਨੇਕੀ ਐਸੋਸੀਏਟ ਡੀਨ ਅਕਾਦਮਿਕ ਪੀ ਜੀ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ ਜਲੰਧਰ ਨੂੰ ਜਾਪਾਨ ਵਿਖੇ ਹੋਣ ਵਾਲੀ ਅੰਤਰਰਾਸ਼ਟਰੀ ਕਾਨਫਰੰਸ ਓਨ ਕੈਂਸਰ ਸਾਇੰਸ ਡਾਇਗਨੋਸਿਜ ਅਤੇ ਥੈਰਾਪਿਉਟਿਕਸ ਵਿੱਚ ਸ਼ਾਮਲ ਹੋਣ ਲਈ ਬਤੌਰ ਸਪੀਕਰ ਸੱਦਾ ਪੱਤਰ ਮਿਲਿਆ ਹੈ ਜਿਸ ਦੀ ਲਿਖਤੀ ਸੂਚਨਾ ਕਾਨਫਰੰਸ ਦੇ ਪ੍ਰੋਗਰਾਮ ਕੋਆਰਡੀਨੇਟਰ ਹਾਨਾ ਐਮ ਨੇ ਡਾ. ਨਿਰੰਕਾਰ ਸਿੰਘ ਨੇਕੀ ਨੂੰ ਭੇਜੀ।





# ਸੰਤ ਸੰਮੇਲਨ29 ਨੂੰ

**ਆਦਮਪੁਰ,(ਪਰਮਜੀਤ ਸਿੰਘ)**-ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਪੰਜਾਬ ਬਲਾਕ ਆਦਮਪੁਰ ਦੋਆਬਾ ਅਤੇ ਸਮੂਹ ਇਲਾਕਾ ਨਿਵਾਸੀ ਸੰਗਤ ਵਲੋਂ ਰਵਿਦਾਸੀਆ ਕੌਮ ਨੂੰ ਸਮਰਪਿਤ 15ਵਾਂ ਮਹਾਨ ਸੰਤ ਸੰਮੇਲਨ 29 ਨਵੰਬਰ ਨੂੰ ਦਾਣਾ ਮੰਡੀ, ਆਦਮਪੁਰ ਦੋਆਬਾ ਵਿਖੇ ਬਲਾਕ ਪੱਧਰ ਤੇ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸ੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਗੁਰੂ ਗੱਦੀ ਤੇ ਬਿਰਾਜਮਾਨ ਸ੍ਰੀ 108 ਸੰਤ ਨਿਰੰਜਣ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸੰਤ ਮਹਾਂਪੁਰਸ਼, ਸਾਧੂ ਸਮਾਜ ਮਿਸ਼ਨਰੀ ਗਾਇਕ ਰਾਗੀ ਜਥੇ ਤੇ ਉੱਘੇ ਪ੍ਰਚਾਰਕ ਅਨਮੋਲ ਪ੍ਰਵਚਨ ਕਰਨਗੇ। ਇਸ ਸਮਾਗਮ ਸਬੰਧੀ ਕਮੇਟੀ ਵੱਲੋਂ ਸੰਗਤਾਂ ਦੀ ਸਹੂਲਤ ਵਾਸਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਅਤੇ ਸਮਾਗਮ ਨੂੰ ਸਹੀ ਢੰਗ ਨਾਲ ਨੇਪਰੇ ਚਾੜਨ ਲਈ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਸੁਰਿੰਦਰ ਕੁਮਾਰ ਖੁਰਦਪੁਰ, ਸੁਰਿੰਦਰ ਬੱਧਣ, ਹੰਸਰਾਜ ਐਮ ਈ ਐਸ, ਲੱਛਮਣ ਦਾਸ, ਮਨਜੀਤ ਸਿੰਘ ਨੈਸ਼ਨਲ, ਪਰਮਜੀਤ ਕਠਾਰ, ਸੁਰੇਸ਼ ਭਾਟੀਆ, ਪੰਪਾ ਆਦਮਪੁਰ, ਸੋਹਣਜੀਤ ਹਰੀਪੁਰ ਤੇ ਹੋਰ ਸੇਵਾਦਾਰ ਹਾਜ਼ਰ ਸਨ।

# ਸਰਕਾਰੀ ਸਕੂਲ ਭੰਬੋਤਾੜ ਤੇ ਪਲਾਹੜ ਵਿਖੇ ਕੈਰੀਅਰ ਗਾਈਡੈਂਸ ਪ੍ਰੋਗਰਾਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਬੋਤਾੜ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਲਾਹੜ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ।ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ ਬਾਰੇ ਜਾਣਕਾਰੀ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿੱਤਾਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਿਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਫੂਡ ਕਰਾਫਟ ਇੰਸਟੀਚਿਊਟ ਵਿਖੇ ਡਿਪਲੋਮਾ ਅਤੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਆਤਮ-ਨਿਰਭਰ ਬਣ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਦੋਵਾਂ ਸਕੂਲਾਂ ਦੇ ਸਮੂਹ ਸਟਾਫ ਅਤੇ 120 ਦੇ ਕਰੀਬ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿਚ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਬੋਤਾੜ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਲਾਹੜ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।

# ਸ੍ਰੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਤੇ ਉਤਸਾਹ ਪੂਰਵਕ ਮਨਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਿਜ ਪਾਠ ਦੇ ਭੋਗ ਉਪਰੰਤ ਭਾਈ ਭੁਪਿੰਦਰ ਸਿੰਘ ਰਾਮਾ ਮੰਡੀ ਵਾਲੇ ਤੇ ਉਨ੍ਹਾਂ ਦੇ ਰਾਗੀ ਜੱਥੇ ਦੁਆਰਾ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਨ ਕਰਵਾਇਆ ਗਿਆ।ਇਸ ਮੌਕੇ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਬਲਬੀਰ ਕੌਰ, ਸੰਯੁਕਤ ਸਕੱਤਰ ਜਸਪਾਲ ਸਿੰਘ ਵੜੈਚ, ਮੈਂਬਰ ਗਵਰਨਿੰਗ ਕੌਂਸਲ ਅਵਤਾਰ ਸਿੰਘ ਕੰਗ ਅਤੇ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਰਾਗੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਬਲਬੀਰ ਕੌਰ ਪ੍ਰਧਾਨ ਕਾਲਜ ਗਵਰਨਿੰਗ ਕੌਂਸਲ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਮੂਹ ਮਾਨਵਤਾ ਲਈ ਸਾਂਝੀਆਂ ਹਨ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀ ਸਾਨੂੰ ਜਿੱਥੇ ਸਰਬ-ਸਾਂਝੀਵਾਲਤਾ, ਹੱਕ-ਸੱਚ ਦੀ ਕਮਾਈ, ਇਨਸਾਨੀਅਤ ਦਾ ਭਲਾ, ਜਾਤ-ਪਾਤ ਦਾ ਵਿਰੋਧ ਤੇ ਚੰਗੇ ਕੰਮ ਕਰਨ ਦਾ ਸੁਨੇਹਾ ਦਿੱਤਾ ਉੱਥੇ ਨਾਲ ਹੀ ਹੱਥੀ ਕਿਰਤ ਕਰਨ ਦਾ ਵੀ ਸਿਧਾਂਤ ਦਿੱਤਾ। ਉਨ੍ਹਾਂ ਦੇ ਇਸ ਸਿਧਾਂਤ 'ਤੇ ਚੱਲ ਕੇ ਮਨੁੱਖ ਆਪਣੇ ਜੀਵਨ ਨੂੰ ਸਫਲ ਬਣਾ ਸਕਦਾ ਹੈ।ਇਸ ਮੌਕੇ ਕਮੇਟੀ ਮੈਂਬਰ ਪ੍ਰਭਪਾਲ ਸਿੰਘ ਪੰਨੂੰ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਸਮੂਹ ਟੀਚਿੰਗ, ਨਾਨ-ਟੀਚਿੰਗ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਾਜ਼ਰੀ ਭਰੀ । ਇਸ ਮੌਕੇ ਸਟੇਜ ਦੀ ਕਾਰਵਾਈ ਡਾ. ਹਰਜਿੰਦਰ ਸਿੰਘ ਸੇਖੋਂ ਨੇ ਬਖ਼ੂਬੀ ਨਿਭਾਈ। ਅੰਤ ਵਿਚ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।



# ਸੰਕਲਪ ਐਨ ਜੀ ਓ ਵੱਲੋਂ ਕੀਤੇ ਸਨਮਾਨ ਲਈ ਤਹਿ ਦਿਲੋਂ ਧੰਨਵਾਦ : ਭਾਈ ਸੁਖਜੀਤ ਸਿੰਘ




**ਆਦਮਪੁਰ (ਪਰਮਜੀਤ ਸਿੰਘ)**

ਬੀਤੇ ਦਿਨੀਂ ਸੰਕਲਪ ਐਨ ਜੀ ਓ ਜਲੰਧਰ ਵੱਲੋਂ ਪੂਰੇ ਪੰਜਾਬ ਭਰ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਤਹਿਤ ਨਿਭਾਈਆਂ ਜਾਂਦੀਆਂ ਸ਼ਲਾਘਾਯੋਗ ਸੇਵਾਵਾਂ ਨੂੰ ਹੋਰ ਵੀ ਭਰਵਾਂ ਹੁੰਗਾਰਾ ਦੇਣ ਲਈ ਉਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਇੱਕ ਮੰਚ ਰੈੱਡ ਕਰਾਸ ਭਵਨ ਜਲੰਧਰ ਵਿਖੇ ਇਕਤਰਿਤ ਕਰ ਕੇ ਪ੍ਰਸ਼ੰਸਾ ਪੱਤਰ ਤੇ ਟਰਾਫੀ ਨਾਲ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਐਸ ਡੀ ਐਮ ਬਿਬੇਕ ਮੋਦੀ, ਰੈੱਡ ਕਰਾਸ ਸੁਸਾਇਟੀ ਦੇ ਸੈਕਟਰੀ ਡਾ. ਸੁਰਜੀਤ ਲਾਲ ਅਤੇ ਹੋਰ ਪੰਤਵੰਤੇ ਸੱਜਣਾ ਦੀ ਯੋਗ ਅਗਵਾਈ ਵਿੱਚ ਦਸਵੰਧ ਗਰੀਬਾਂ ਲਈ ਵੈੱਲਫੇਅਰ ਸੁਸਾਇਟ ਪੰਜਾਬ ਪਿੰਡ ਡਰੋਲੀ ਕਲਾਂ ਆਦਮਪੁਰ ਦੁਆਬੇ ਤੋਂ ਸਮਾਜ ਭਲਾਈ ਦੇ ਕੰਮਾਂ ਵਿੱਚ ਲਗਾਤਾਰ ਪਾ ਰਹੇ ਆਪਣੇ ਵੱਡਮੁਲੇ ਯੋਗਦਾਨ ਸਦਕਾ ਹੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੇ ਸਮੁੱਚੇ ਮੀਡੀਆ ਪੱਤਰਕਾਰ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਦਾਸ ਦੇ ਸਰੀਰਕ ਰੂਪ ਵਿੱਚ ਇਹ ਜੋਂ ਵੀ ਮਾਨ ਸਨਮਾਨ ਪ੍ਰਾਪਤ ਹੋ ਰਹੇ ਹਨ ਇਹ ਹਮੇਸ਼ਾ ਹੀ ਸਮਰਪਿਤ ਹਨ।

# ਪੰਜਾਬ ਦੇ 35 ਹਜ਼ਾਰ ਸਕੂਲਾਂ 'ਚ ਸ੍ਰੀ ਗੁਰੂ ਤੇਗ਼ ਬਹਾਦਰ ਦੀਆਂ ਸਿੱਖਿਆਵਾਂ ਬਾਰੇ ਜਾਣੂ ਕਰਵਾਇਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਇਤਿਹਾਸਕ ਅਤੇ ਅਧਿਆਤਮਿਕ ਮਾਹੌਲ ਵਿੱਚ ਰੰਗੇ ਸੂਬੇ ਦੇ 35,000 ਤੋਂ ਵੱਧ ਸਕੂਲਾਂ ਨੇ ਵਿਸ਼ੇਸ਼ ਸਵੇਰ ਦੀਆਂ ਸਭਾਵਾਂ ਕਰਵਾਈਆਂ, ਜਿਨ੍ਹਾਂ ਵਿੱਚ 70 ਲੱਖ ਵਿਦਿਆਰਥੀਆਂ ਨੂੰ 15-ਦਿਨਾਂ ਸਿੱਖਿਆ ਪ੍ਰੋਗਰਾਮ ਤਹਿਤ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ, ਲਾਸਾਨੀ ਸ਼ਹਾਦਤ ਅਤੇ ਸਿੱਖਿਆਵਾਂ ਬਾਰੇ ਜਾਣੂ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਸਾਰੇ ਸਿੱਖਿਆ ਬੋਰਡਾਂ ਨਾਲ ਸਬੰਧਤ ਸੂਬੇ ਭਰ ਦੇ ਸਾਰੇ ਸਕੂਲਾਂ (ਸਰਕਾਰੀ, ਪ੍ਰਾਈਵੇਟ ਅਤੇ ਸਹਾਇਤਾ ਪ੍ਰਾਪਤ) ਵਿੱਚ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਇਹ ਲਾਜ਼ਮੀ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਵਿੱਚ ਹੱਕ-ਸੱਚ, ਨਿਆਂ ਅਤੇ ਨੈਤਿਕ ਕਦਰਾਂ-ਕੀਮਤਾਂ ਪੈਦਾ ਕੀਤੀਆਂ ਜਾ ਸਕਣ।ਇਸ ਪ੍ਰੋਗਰਾਮ ਨੂੰ ਮਿਲੇ ਵੱਡੇ ਹੁੰਗਾਰੇ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਅੱਜ ਅਸੀਂ ਜੋ ਦੇਖਿਆ ਉਹ ਮਹਿਜ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਇੱਕ ਲਹਿਰ ਹੈ। 70 ਲੱਖ ਤੋਂ ਵੱਧ ਵਿਦਿਆਰਥੀਆਂ, ਜੋ ਪੰਜਾਬ ਦਾ ਭਵਿੱਖ ਹੈ, ਦਾ ਸਮੂਹਿਕ ਤੌਰ 'ਤੇ ਧਰਮ, ਸੱਚ ਅਤੇ ਨਿਆਂ ਲਈ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਜਾਣਕਾਰੀ ਹਾਸਲ ਕਰ ਰਹੇ ਹਨ, ਜੋ ਇੱਕ ਡੂੰਘਾ ਭਾਵੁਕ ਅਤੇ ਅਹਿਮ ਪਲ ਹੈ।

# ਉਲੰਪੀਅਨ ਰਿਪੁਦਮਨ ਤੇ ਕੋਚ ਸੰਜੇ ਬੀਰ ਵਿਦਿਆਰਥੀਆਂ ਦੇ ਹੋਏ ਰੂਬਰੂ



**ਕਾਲਾ ਸੰਘਿਆਂ (ਮਨਜੀਤ ਮਾਨ)**

ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ Eminent Expert talk ਤਹਿਤ ਉਲੰਪੀਅਨ ਰਿਪੁਦਮਨ ਕੁਮਾਰ ਸਿੰਘ ਅਤੇ ਭਾਰਤੀ ਰੇਲਵੇ ਹਾਕੀ ਟੀਮ ਦੇ ਕੋਚ ਸੰਜੇ ਬੀਰ ਵੱਲੋਂ ਆਪਣੇ ਜੀਵਨ ਸੰਘਰਸ਼, ਵਿਦਿਆਰਥੀ ਜੀਵਨ, ਖੇਡੇ ਗਏ ਅੰਤਰ ਰਾਸ਼ਟਰੀ ਟੂਰਨਾਮੈਂਟਾਂ ਅਤੇ ਸਫਲਤਾ ਦੇ ਮੰਤਰ ਵਿਦਿਆਰਥੀਆ ਨਾਲ ਸਾਂਝੇ ਕੀਤੇ। ਸਵੇਰ ਦੀ ਸਭਾ ਦੌਰਾਨ ਲੱਗਭਗ ਪੌਣੇ ਘੰਟੇ ਦੇ ਰੂਬਰੂ ਦੌਰਾਨ ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਆਪਣਾ ਨਿਸ਼ਾਨਾ ਮਿੱਥਣ, ਮਿਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਸਖਤ ਮਿਹਨਤ ਕਰਨ, ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ, ਪੰਜਾਬ ਅਤੇ ਦੇਸ਼ ਦੇ ਮਾਣ ਸਨਮਾਨ ਨੂੰ ਬੁਲੰਦ ਕਰਨ ਦਾ ਸੁਨੇਹਾ ਬਹੁਤ ਹੀ ਖੂਬਸੂਰਤ ਅਤੇ ਭਾਵਪੂਰਨ ਤਰੀਕੇ ਨਾਲ ਦਿੱਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਲੈਕਚਰਾਰ ਸੰਜੀਵ ਕੁਮਾਰ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ ਗੁਰਚਰਨ ਸਿੰਘ ਚਾਹਲ ਵੱਲੋਂ ਦੋਵੇਂ ਅੰਤਰ-ਰਾਸ਼ਟਰੀ ਸਖ਼ਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦਿਆਂ ਹੋਇਆਂ ਧੰਨਵਾਦ ਕੀਤਾ ਗਿਆ।

# ਵਿਦਿਆਰਥੀਆਂ ਨੇ ਕੀਤੀ ਇਤਿਹਾਸਕ ਥਾਵਾਂ ਦੀ ਯਾਤਰਾ




**ਗੁਰਾਇਆ (ਬਿੰਦਰ ਸੁਮਨ)**

ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਵੱਲੋਂ ਡਲਹੌਜੀ, ਹਿਮਾਚਲ ਪ੍ਰਦੇਸ਼ ਵਿਖੇ ਵਿਦਿਆਰਥੀਆਂ ਦੇ ਤਿੰਨ ਦਿਨਾਂ ਵਿਦਿਅਕ ਟੂਰ ਦਾ ਆਯੋਜਨ ਕੀਤਾ ਗਿਆ। 40 ਵਿਦਿਆਰਥੀਆਂ ਅਤੇ 4 ਅਧਿਆਪਕਾਵਾਂ ਨੇ ਯਾਤਰਾ ਕੀਤੀ। ਵਿਦਿਆਰਥੀਆਂ ਦੇ ਹਿਮਾਚਲ ਪ੍ਰਦੇਸ਼ ਦੇ ਇਸ ਪਹਾੜੀ ਸ਼ਹਿਰ ਵਿੱਚ ਪੈਰ ਰੱਖਣ ਤੇ ਯਾਤਰਾ ਉਤਸ਼ਾਹ ਨਾਲ ਭਰੇ ਦਿਲਾਂ ਨਾਲ ਸ਼ੁਰੂ ਹੋਈ। ਟੂਰ ਦੌਰਾਨ ਗੁਰਦੁਆਰਾ ਸ਼ਹੀਦਾਂ ਸਾਹਿਬ ਸਮਸਤਪੁਰ, ਡਲਹੌਜ਼ੀ,ਖਜਿਆਰ,ਬੇਨੀਖੇਤ,ਪੰਚਪੁਲਾ ਵਿਖੇ ਪਗੜੀ ਸੰਭਾਲ ਜੱਟਾ ਲਹਿਰ ਦੇ ਮੋਢੀ ਅਜੀਤ ਸਿੰਘ ਜੀ ਦੀ ਸਮਾਧ ਵਿਖੇ ਨਤਮਸਤਕ ਹੋਏ ਅਤੇ ਮਿੰਨੀ ਗੋਆ ਆਦਿ ਦਰਸ਼ਨੀ ਤੇ ਇਤਿਹਾਸਿਕ ਸਥਾਨਾਂ ਦੀ ਯਾਤਰਾ ਕੀਤੀ। ਖਜਿਆਰ ਵਿੱਚ ਜਿਸ ਨੂੰ ਅਕਸਰ ਭਾਰਤ ਦਾ ਮਿੰਨੀ ਸਵਿਟਜ਼ਰਲੈਂਡ ਕਿਹਾ ਜਾਂਦਾ ਹ। ਵਿਦਿਆਰਥੀਆਂ ਨੇ ਸ਼ਾਨਦਾਰ ਦ੍ਰਿਸ਼ਾਂ ਅਤੇ ਬਹੁਤ ਸਾਰੀਆਂ ਗਤੀਵਿਧੀਆਂ ਦਾ ਆਨੰਦ ਮਾਨਿਆ। ਹਰੇ ਭਰੇ ਹਰਿਆਲੀ ਵਿੱਚੋਂ ਲੰਘਣ ਤੋਂ ਲੈ ਕੇ ਘੁੰਮਦੇ ਰਾਹਾਂ ਉੱਤੇ ਘੋੜ ਸਵਾਰੀ ਕੀਤੀ। ਇਨ੍ਹਾਂ ਇਤਿਹਾਸਕ ਤੇ ਦਰਸ਼ਨੀ ਸਥਾਨਾਂ ਦੀ ਯਾਤਰਾ ਕਰਨ ਉਪਰੰਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਅਜਿਹੇ ਟੂਰ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵੀ ਬਹੁਤ ਜ਼ਰੂਰੀ ਹਨ ਅਤੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਉਭਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

# ਤਕਸ਼ਿਲਾ ਬੁੱਧ ਵਿਹਾਰ ਵਿਖੇ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਦਾ ਕੀਤਾ ਜਾਂਦਾ ਪ੍ਰਚਾਰ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਲੁਧਿਆਣਾ-ਜਲੰਧਰ ਬਾਈਪਾਸ ਤੋਂ 5 ਕੁ ਕਿਲੋਮੀਟਰ ਦੀ ਦੂਰੀ ਤੇ ਫਗਵਾੜਾ ਆਉਣ ਵਾਲੀ ਸੜਕ ਤੇ ਪੈਂਦੇ ਪਿੰਡ ਕਾਦੀਆਂ ਵਿਖੇ ਸਥਿਤ ਤਕਸ਼ਿਲਾ ਬੁੱਧ ਵਿਹਾਰ ਵਿਖੇ ਪਿਛਲੇ ਲੰਬੇ ਸਮੇਂ ਤੋਂ ਤਥਾਗਤ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਿਤ ਸਮੇਂ ਸਮੇਂ ਤੇ ਸਮਾਗਮ ਕੀਤੇ ਜਾਂਦੇ ਹਨ। ਪੰਜਾਬ ਦੇ ਸਭ ਤੋਂ ਵੱਡੇ ਇਸ ਬੁੱਧ ਵਿਹਾਰ ਵਿਖੇ ਗੱਲਬਾਤ ਕਰਦਿਆਂ ਭਿਕਸ਼ੂ ਪ੍ਰਗਿਆ ਬੋਧੀ ਨੇ ਕਿਹਾ ਕਿ ਤਥਾਗਤ ਭਗਵਾਨ ਬੁੱਧ ਵੱਲੋਂ ਦਰਸਾਏ ਮਾਰਗ ਸ਼ੀਲ, ਸਮਾਧੀ ਤੇ ਪ੍ਰਗਿਆ ਤੇ ਚੱਲ ਕੇ ਹੀ ਹਰ ਇਨਸਾਨ ਸ਼ਾਂਤਮਈ ਅਤੇ ਸੁੱਖਮਈ ਜੀਵਨ ਬਤੀਤ ਕਰ ਸਕਦਾ ਹੈ। ਉਹਨਾਂ ਕਿਹਾ ਕਿ ਤਥਾਗਤ ਭਗਵਾਨ ਬੁੱਧ ਦੇ ਪੰਚਸ਼ੀਲ ਮਾਰਗ ਵਿੱਚ ਚੋਰੀ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਬਿਨਾਂ ਕਿਸੇ ਕਾਰਨ ਜੀਵ ਹੱਤਿਆ ਨਹੀਂ ਕਰਨੀ, ਆਪਣਾ ਆਚਰਣ ਸ਼ੁੱਧ ਰੱਖਣਾ ਅਤੇ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣਾ ਸ਼ਾਮਿਲ ਹੈ। ਇਸੇ ਤਰ੍ਹਾਂ ਉਨਾਂ ਦੇ ਅਸਟਾਂਗ ਮਾਰਗ ਵਿੱਚ ਸ਼ਾਮਿਲ ਸੱਮਯਕ ਸਮਾਧੀ ਦਾ ਹਰ ਇੱਕ ਉਪਾਸਕ ਨੂੰ ਅਭਿਆਸ ਕਰਨਾ ਚਾਹੀਦਾ ਹੈ। ਸੱਮਯਕ ਸਮਾਧੀ ਰਾਹੀਂ ਹੀ ਆਪਣੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਜੋ ਸਾਨੂੰ ਦੁੱਖਾਂ ਤੋਂ ਬਾਹਰ ਨਿਕਲਣ ਲਈ ਜਾਗਰਤ ਕਰਦੀ ਹੈ। ਉਹਨਾਂ ਦੱਸਿਆ ਕਿ ਇਸ ਅਸਥਾਨ ਤੇ ਬੁੱਧ ਪੂਰਨਿਮਾ,ਅੰਬੇਡਕਰ ਜੈਂਤੀ ਅਤੇ ਅਸ਼ੋਕ ਵਿਜੇ ਦਸ਼ਮੀ ਸਮਾਗਮ ਵੱਡੀ ਪੱਧਰ ਦੇ ਮਨਾਏ ਜਾਂਦੇ ਹਨ। ਇਸ ਤੋਂ ਬਿਨਾਂ ਸਮੇਂ ਸਮੇਂ ਤੇ ਬੁੱਧ ਧਰਮ ਨਾਲ ਸੰਬੰਧਿਤ ਹੋਰ ਸਮਾਗਮ ਵੀ ਕੀਤੇ ਜਾਂਦੇ ਹਨ। ਉਨਾਂ ਦੱਸਿਆ ਕਿ ਹਰ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਵਿਸ਼ੇਸ਼ ਤੌਰ ਤੇ ਸਮਾਗਮ ਹੁੰਦਾ ਹੈ, ਜਿਸ ਵਿੱਚ ਉਪਾਸਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਤਰੀਸ਼ਰਨ, ਬੁੱਧ ਵੰਦਨਾ ਅਤੇ ਪੰਚਸ਼ੀਲ ਦਾ ਉਚਾਰਨ ਕਰਕੇ ਮੈਡੀਟੇਸ਼ਨ ਵਿੱਚ ਹਿੱਸਾ ਲੈਂਦੇ ਹਨ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਹਰ ਐਤਵਾਰ ਵੀ ਇਸ ਅਸਥਾਨ ਤੇ ਪ੍ਰੋਗਰਾਮ ਕੀਤਾ ਜਾਂਦਾ ਹੈ।



# ਤਰਕਸ਼ੀਲ ਸੁਸਾਇਟੀ ਇਕਾਈ ਬੰਗਾ ਦੀ ਮੀਟਿੰਗ ਹੋਈ



**ਬੰਗਾ (ਅਵਤਾਰ ਕਲੇਰ)**

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੀ ਅਹਿਮ ਮੀਟਿੰਗ ਤਰਕਸ਼ੀਲ ਸੁਸਾਇਟੀ ਦੇ ਆਗੂ ਸੁਖਵਿੰਦਰ ਗੋਗਾ ਦੇ ਘਰ ਬੰਗਾ ਵਿਖੇ ਕੀਤੀ ਗਈ। ਮੀਟਿੰਗ ਵਿੱਚ ਜੋਨ ਨਵਾਂਸ਼ਹਿਰ ਦੇ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਸਭ ਤੋਂ ਪਹਿਲਾਂ ਇਕਾਈ ਆਗੂ ਕੁਲਵਿੰਦਰ ਖਟਕੜ ਦੇ ਪਿਤਾ ਅਤੇ ਇਕਾਈ ਮੁਖੀ ਹਰਜਿੰਦਰ ਸੂੰਨੀ ਦੇ ਮਾਤਾ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਉਪਰੰਤ ਇਕਾਈ ਦੇ ਮੈਂਬਰਾਂ ਵੱਲੋਂ ਵੱਖੋ ਵੱਖ ਮੁੱਦਿਆਂ ਤੇ ਗੰਭੀਰ ਵਿਚਾਰ ਚਰਚਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਇਕਾਈ ਦੇ ਸਾਰੇ ਮੈਂਬਰ ਪਰਵਾਰਾਂ ਸਮੇਤ 30 ਨਵੰਬਰ ਨੂੰ ਜ਼ੋਨ ਨਵਾਂਸ਼ਹਿਰ ਦੀ ਹੋ ਰਹੀ ਛਿਮਾਹੀ ਇਕੱਤਰਤਾ ਵਿੱਚ ਸ਼ਾਮਲ ਹੋਣਗੇ। ਜ਼ੋਨ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਵਲੋਂ ਸਾਰਿਆਂ ਨੂੰ ਅਪੀਲ ਕੀਤੀ ਕਿ ਸੂਬਾ ਕਮੇਟੀ ਵੱਲੋਂ 6 ਅਤੇ 7 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋ ਰਹੀ ਦੋ ਰੋਜ਼ਾ ਵਰਕਸ਼ਾਪ ਵਿੱਚ ਜ਼ਰੂਰ ਸ਼ਾਮਲ ਹੋਇਆ ਜਾਵੇ। ਮੀਟਿੰਗ ਵਿੱਚ ਕੁੱਲ 105 ਮੈਗਜੀਨਾਂ ਦੀ ਵੰਡ ਕੀਤੀ ਗਈ। ਇਕਾਈ ਵਲੋਂ ਸੈਂਟਰ ਸਰਕਾਰ ਵਲੋਂ ਪੰਜਾਬ ਯੂਨੀਵਰਸਿਟੀ ਵਿੱਚ ਹੋ ਰਹੀ ਗਲ਼ਤ ਢੰਗਾਂ ਨਾਲ ਦਖਲ ਅੰਦਾਜ਼ੀ ਦੀ ਨਿੰਦਾ ਕੀਤੀ।ਇਸ ਮੌਕੇ ਬਲਜੀਤ ਖਟਕੜ, ਮੋਹਣ ਬੀਕਾ, ਰੂਬੀ ਬੰਗਾ, ਲੈਕ. ਪਰਮਜੀਤ ਖਮਾਚੋਂ, ਸਤਨਾਮ ਖਟਕੜ, ਬੇਟੀ ਸ਼ਾਇਨ, ਬੇਟਾ ਇਸ਼ਾਂਤ ਸੂੰਨੀ,ਰਵਨੀਤ ਸੂੰਨੀ,ਸੁਖਵਿੰਦਰ ਲੰਗੇਰੀ, ਹਰਚਰਨ ਨੌਰਾ, ਸੰਤੋਸ਼ ਖਟਕੜ ਅਤੇ ਸੁਰੇਸ਼ ਕਰਨਾਣਾ ਆਦਿ ਹਾਜ਼ਰ ਸਨ।

# ਦੋ ਰੋਜ਼ਾ ਬਾਸਕਟਬਾਲ ਚੈਂਪੀਅਨਸ਼ਿਪ ਸ਼ਾਨੋ-ਸ਼ੌਕਤ ਨਾਲ ਸਮਾਪਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਸਵ. ਭਗਤ ਸਿੰਘ ਅਤੇ ਸ੍ਰੀਮਤੀ ਰਮਾ ਰਾਣੀ ਪਤਨੀ ਸੋਢੀ ਲਾਲ ਕੋਚ ਦੀ ਯਾਦ ਵਿਚ ਬਾਸਕਟਬਾਲ ਐਸੋਸੀਏਸ਼ਨ ਦੀ ਅਗਵਾਈ ਹੇਠ ਕਰਵਾਈ ਗਈ ਦੋ ਰੋਜ਼ਾ ਬਾਸਕਟਬਾਲ ਚੈਂਪੀਅਨਸ਼ਿਪ ਮੜੂਲੀ ਬ੍ਰਾਹਮਣਾਂ ਵਿਖੇ ਬੜੀ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਈ। ਚੈਂਪੀਅਨਸ਼ਿਪ ਦਾ ਉਦਘਾਟਨ ਸੰਤ ਰਾਮ ਮੂਰਤੀ ਨਾਰੇ ਵਾਲੇ ਅਤੇ ਵਰਿੰਦਰ ਕੁਮਾਰ ਜ਼ਿਲ੍ਹਾ ਅਟਾਰਨੀ ਹੁਸ਼ਿਆਰਪੁਰ ਨੇ ਕੀਤਾ। 14 ਸਾਲ ਤੋਂ ਘੱਟ ਲੜਕਿਆਂ ਵਿਚ ਪੁਰਹੀਰਾਂ ਨੇ ਪਹਿਲਾ ਸਥਾਨ ਅਤੇ ਦਸੂਹਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 14 ਸਾਲ ਤੋਂ ਘੱਟ ਉਮਰ ਵਿਚ ਮੁਕੇਰੀਆਂ ਪਹਿਲੇ ਸਥਾਨ 'ਤੇ ਅਤੇ ਹੁਸ਼ਿਆਰਪੁਰ ਵਿੰਗ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 19 ਸਾਲ ਤੋਂ ਘੱਟ ਲੜਕੇ ਪੁਰਹੀਰਾਂ ਪਹਿਲਾ ਤੇ ਟਾਂਡਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 19 ਸਾਲ ਤੋਂ ਘੱਟ ਲੜਕੀਆਂ ਲਾਜਵੰਤੀ ਸਪੋਰਟਸ ਵਿੰਗ ਪਹਿਲਾ ਅਤੇ ਮੜੂਲੀ ਬ੍ਰਾਹਮਣਾਂ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਜ਼ਿਲ੍ਹਾ ਬਾਸਕਟਬਾਲ ਐਸੋਸੀਏਸ਼ਨ ਵਲੋਂ ਜਨਰਲ ਸਕੱਤਰ ਪ੍ਰੇਮ ਸਿੰਘ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸੋਢੀ ਲਾਲ ਕੋਚ ਅਤੇ ਭਗਤ ਸਿੰਘ ਦੇ ਪਿਤਾ ਸੰਤੋਖ ਸਿੰਘ ਅਤੇ ਇੰਟਰਨੈਸ਼ਨਲ ਸਾਈਕਲਿਸਟ ਬਲਰਾਜ ਸਿੰਘ ਚੌਹਾਨ ਨੂੰ ਵਿਸ਼ੇਸ਼ ਸਨਮਾਨਤ ਵੀ ਕੀਤਾ।ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਡਾ. ਇਸ਼ਾਂਕ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਜ਼ਿਲ੍ਹਾ ਬਾਸਕਟਬਾਲ ਐਸੋਸੀਏਸ਼ਨ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਡਾ. ਸੰਜੀਵ ਹੀਰਾ, ਡਾ. ਕਮਲੇਸ਼ ਹੀਰਾ, ਕੈਪਟਨ ਰਾਜ ਕੁਮਾਰ ਹੀਰਾ, ਵਨੀਤਾ ਹੀਰਾ (ਹੀਰਾ ਕਲੀਨਿਕ ਲੈਬੋਰਟਰੀ), ਡਾ. ਐਸ ਪੀ ਸਿੰਘ ਐਸ ਐਮ ਓ, ਡਾ. ਸੁਰਿੰਦਰ ਕੁਮਾਰ (ਰਿਟਾ.) ਡਿਪਟੀ ਡਾਇਰੈਕਟਰ, ਇੰਜੀ.ਜਗਦੀਸ਼ ਬੱਧਣ, ਪ੍ਰੋ. ਬਹਾਦਰ ਸਿੰਘ ਸਨੇਤ, ਹਰਜਿੰਦਰ ਹਰਿਗੜ੍ਹ, ਪ੍ਰਵੀਨ ਬੰਗਾ, ਐਡਵੋਕੇਟ ਜਸਵਿੰਦਰ ਸਿੰਘ, ਐਡਵੋਕੇਟ ਪਲਵਿੰਦਰ ਮਾਨਾ, ਸੁਰਜੀਤ ਚੰਦੇਲ ਐਨ ਆਰ ਆਈ, ਮੰਗਲ ਨਾਥ ਪਾਲ, ਡਾ. ਰਤਨ ਚੰਦ, ਰਣਜੀਤ ਰਾਣਾ, ਸੁਖਵਿੰਦਰ ਰਾਣਾ, ਇੰਜ.ਸਤਵਿੰਦਰ ਮਦਾਰਾ, ਧਰਮਪਾਲ, ਰਾਕੇਸ਼ ਕੁਮਾਰ, ਲਹਿੰਬਰ ਰਾਮ ਝੰਮਟ, ਹਰਕੀਰਤ ਸਿੰਘ ਸਪੋਰਟਸ ਅਫਸਰ ਨੇ ਸ਼ਿਰਕਤ ਕੀਤੀ। ਇਨਾਮਾਂ ਦੀ ਵੰਡ ਵਿਸ਼ਾਲ ਥਾਪਰ ਟੈਕਨੀਕਲ ਅਫਸਰ ਮਾਰਕਫੈਡ ਹੁਸ਼ਿਆਰਪੁਰ/ਗੁਰਦਾਸਪੁਰ, ਡਾ. ਅਮਨਦੀਪ ਕੌਰ, ਬੇਅੰਤ ਸਿੰਘ ਸਟੇਟ ਅਵਾਰਡੀ ਨੇ ਕਰਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਰਾਜ ਰਾਣੀ ਵਲੋਂ ਆਏ ਹੋਏ ਮਹਿਮਾਨਾਂ ਅਤੇ ਸ਼ਹਿਰ ਵਾਸੀਆਂ, ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਗਰ ਪੰਚਾਇਤ, ਸਰਪੰਚ ਠਾਕੁਰ ਦਾਸ, ਸੋਢੀ ਲਾਲ, ਸੰਤੋਖ ਸਿੰਘ, ਬਲਰਾਜ, ਅਜੇ ਕੁਮਾਰ, ਬੀਬੀ ਤੀਰਥ ਕੌਰ, ਜਸਵਿੰਦਰ ਸਿੰਘ, ਰਾਮ ਆਸਰਾ ਐਨ ਆਰ ਆਈ, ਸੰਦੀਪ ਮਿੰਟੂ, ਐਨ ਐਸ ਭੱਟੀ, ਰਜਿੰਦਰ ਕੁਮਾਰ, ਸਤੀਸ਼ ਕੁਮਾਰ, ਸਰਬਜੀਤ ਸਿੰਘ ਵਿਰਦੀ, ਜਤਿੰਦਰ ਕੁਮਾਰ ਮੈਨੇਜਰ, ਭੁਪਿੰਦਰ ਬਿੰਦੂ, ਅਮਨਦੀਪ ਟਰਨਟੀ ਸਕੂਲ, ਗੁਰਪ੍ਰੀਤ ਪੁਰਹੀਰਾਂ, ਜਸਵੰਤ ਬੱਸੀ, ਮੈਂਡਮ ਅਮਨਦੀਪ ਕੌਰ ਕੋਚ, ਸਿਮੀ ਕੋਚ ਰੇਲਵੇ ਮੰਡੀ, ਆਰਤੀ ਭਾਰਦਵਾਜ, ਗੁਰਕਿਰਨ ਸਿੰਘ, ਬ੍ਰਿਜ ਸ਼ਰਮਾ, ਮਾਸਟਰ ਸੋਮ ਨਾਥ, ਅਜੇ ਦਸੂਹਾ, ਕੋਚ ਰੋਹਿਤ ਮੁਕੇਰੀਆਂ ਵੀ ਹਾਜ਼ਰ ਸਨ।



# ਖੂਨਦਾਨ ਕੈਂਪ 14 ਦਸੰਬਰ ਨੂੰ




**ਫਗਵਾੜਾ (ਡਾ. ਰਮਨ)**

ਸਾਂਪਲਾ ਫਾਊਂਡੇਸ਼ਨ ਨਾਲ ਸਬੰਧਿਤ ਸਮਾਜ ਸੇਵੀ ਸੰਸਥਾ ਨਵਿਆ ਹੈਲਪਿੰਗ ਹੈਂਡਸ ਵੱਲੋਂ ਸੀਨੀਅਰ ਭਾਜਪਾ ਆਗੂ ਆਸ਼ੂ ਸਾਂਪਲਾ ਦੀ ਪੁੱਤਰੀ ਨਵਿਆ ਦੀ ਮਿੱਠੀ ਯਾਦ 'ਚ ਇੱਕ ਮੈਗਾ ਖ਼ੂਨਦਾਨ ਕੈਂਪ ਐਤਵਾਰ, 14 ਦਸੰਬਰ ਨੂੰ ਫਗਵਾੜਾ ਦੇ ਜੀ ਟੀ ਰੋਡ ਸਥਿਤ ਅਸ਼ੀਸ਼ ਕੌਂਟੀਨੈਂਟਲ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੈਗਾ ਕੈਂਪ ਦਾ ਬੈਨਰ ਸਾਬਕਾ ਕੇਂਦਰੀ ਮੰਤਰੀ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਰਾਸ਼ਟਰੀ ਚੇਅਰਮੈਨ ਵਿਜੇ ਸਾਂਪਲਾ ਦੁਆਰਾ ਲਾਂਚ ਕੀਤਾ ਗਿਆ। ਆਸ਼ੂ ਸਾਂਪਲਾ ਨੇ ਦੱਸਿਆ ਕਿ ਉਨ੍ਹਾਂ ਦੀ ਪੁੱਤਰੀ ਨਵਿਆ ਸਾਂਪਲਾ ਢਾਈ ਸਾਲ ਦੀ ਉਮਰ ਵਿੱਚ ਸਮੇਂ ਸਿਰ ਖੂਨ ਨਾ ਮਿਲਣ ਕਾਰਨ ਦੁਨੀਆ ਤੋਂ ਅਲਵਿਦਾ ਹੋ ਗਈ ਸੀ। ਇਸ ਦੁਖਦਾਈ ਘਟਨਾ ਨੇ ਉਨ੍ਹਾਂ ਨੂੰ ਸਾਂਪਲਾ ਫਾਊਂਡੇਸ਼ਨ ਅਤੇ ਨਵਿਆ ਹੈਲਪਿੰਗ ਹੈਂਡਸ ਰਾਹੀਂ ਵੱਧ ਤੋਂ ਵੱਧ ਖ਼ੂਨਦਾਨ ਦਾ ਟੀਚਾ ਮਿੱਥ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਸਾਲ ਨਵਿਆ ਦੇ ਬਾਰ੍ਹਵੇਂ ਜਨਮ ਦਿਨ ਦੇ ਮੌਕੇ 'ਤੇ, 14 ਦਸੰਬਰ ਨੂੰ ਅਸ਼ੀਸ਼ ਕੌਂਟੀਨੈਂਟਲ (ਗੁਪਤਾ ਪੈਲੇਸ) ਵਿਖੇ ਖ਼ੂਨ ਦਾਨ ਕੈਂਪ ਲਗਾਇਆ ਜਾਵੇਗਾ। ਇਹ ਕੈਂਪ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜਾਰੀ ਰਹੇਗਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਅਤੇ ਵੱਧ ਤੋਂ ਵੱਧ ਖ਼ੂਨਦਾਨ ਕਰਨ ਤਾਂ ਜੋ ਕਿਸੇ ਵੀ ਮਰੀਜ਼ ਨੂੰ ਖ਼ੂਨ ਦੀ ਘਾਟ ਕਾਰਨ ਆਪਣੇ ਪਰਿਵਾਰ ਅਤੇ ਇਸ ਦੁਨੀਆਂ ਨੂੰ ਅਲਵਿਦਾ ਨਾ ਕਹਿਣਾ ਪਵੇ।

13 Nov Page 10.qxd 11/12/2025 10:56 PM Page 1



## ਖੱਬੇ-ਪੱਖੀ ਧਿਰਾਂ ਦੀ ਮਜ਼ਬੂਤੀ ਬਿਨਾਂ ਆਮ ਲੋਕਾਂ ਦੀ ਖੁਸ਼ਹਾਲੀ ਅਸੰਭਵ : ਚੌਹਾਨ/ਉੱਡਤ

**ਝੁਨੀਰ/ ਸਰਦੂਲਗੜ੍ਹ (ਨ ਜ਼ ਸ)** ਇੱਥੋਂ ਥੋੜ੍ਹੀ ਦੂਰ ਸਥਿਤ ਪਿੰਡ ਕੋਟ ਧਰਮੂ ਵਿਖੇ ਸੀ ਪੀ ਆਈ ਦੀ 25ਵੀਂ ਤਹਿਸੀਲ ਡੈਲੀਗੇਟ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਕੁਮਾਰ ਕਾਮਰੇਡ ਸਾਧੂ ਸਿੰਘ ਰਾਮਾਨੰਦੀ, ਕਾਮਰੇਡ ਗੁਰਪਿਆਰ ਸਿੰਘ ਫੱਤਾ ਤੇ ਪੂਰਨ ਸਿੰਘ ਸਰਦੂਲਗੜ੍ਹ ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪੰਨ ਹੋਈ। ਕਾਨਫਰੰਸ ਦੀ ਸ਼ੁਰੂਆਤ ਵਿੱਚ ਵਿਛੜ ਚੁੱਕੇ ਸਾਥੀਆਂ ਦੀ ਯਾਦ ਵਿੱਚ ਦੋ ਮਿੰਟ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕਾਨਫਰੰਸ ਦਾ ਉਦਘਾਟਨ ਕਰਦਿਆ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਦੇਸ਼ ਦਾ ਹਰ ਵਰਗ ਅੱਜ ਸਮੇਂ ਦੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਪੀੜਤ ਹੋ ਚੁੱਕਿਆ ਹੈ, ਬੇਰੁਜ਼ਗਾਰੀ ਆਪਣੇ ਸਾਰੇ ਰਿਕਾਰਡ ਤੋੜ ਚੁੱਕੀ ਹੈ ਤੇ ਮਹਿੰਗਾਈ ਆਪਣੀ ਚਰਮਸੀਮਾ ਤੇ ਪਹੁੰਚ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲਾਲ ਝੰਡੇ ਦੀ ਮਜ਼ਬੂਤੀ ਤੋਂ ਬਿਨਾਂ ਆਮ ਆਦਮੀ ਲੋਕਾਂ ਜੀਵਨ ਸੁਖਾਲਾ ਨਹੀਂ ਕੀਤਾ ਜਾ ਸਕਦਾ ਤੇ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ ਬੰਦ ਨਹੀਂ ਕੀਤੀ ਜਾ ਸਕਦੀ। ਪਿਛਲੇ ਸਮੇਂ ਦੀਆਂ ਸਰਗਰਮੀਆਂ ਦੀ ਰਿਪੋਰਟ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੇ ਪੇਸ਼ ਕੀਤੀ, ਜਿਸ ਨੂੰ ਹਾਊਸ ਵੱਲੋਂ ਬਹਿਸ ਉਪਰੰਤ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਤੇ ਕਾਮਰੇਡ ਸੀਤਾਰਾਮ ਗੋਬਿੰਦਪੁਰਾ ਨੇ ਕਿਹਾ ਕਿ ਬਦਲਾਅ ਵਾਲੀ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਚੁੱਕੀ ਹੈ ਤੇ ਲੋਕ ਖੱਬੇ ਪੱਖੀ ਧਿਰਾਂ ਵੱਲ ਆਸ ਦੀ ਕਿਰਨ ਨਾਲ ਦੇਖ ਰਹੇ ਹਨ।ਇਸ ਮੌਕੇ ਸਰਬਸੰਮਤੀ ਨਾਲ 15 ਮੈਂਬਰੀ ਤਹਿਸੀਲ ਕਮੇਟੀ ਚੁਣੀ ਗਈ, ਜਿਸ ਵਿੱਚ ਕਾਮਰੇਡ ਸਾਧੂ ਸਿੰਘ ਰਾਮਾਨੰਦੀ, ਗੁਰਪਿਆਰ ਸਿੰਘ ਫੱਤਾ, ਬਲਵਿੰਦਰ ਸਿੰਘ ਕੋਟ ਧਰਮੂ, ਪੂਰਨ ਸਿੰਘ ਸਰਦੂਲਗੜ੍ਹ, ਬਲਦੇਵ ਸਿੰਘ ਬਾਜੇਵਾਲਾ, ਬੂਟਾ ਸਿੰਘ ਬਾਜੇਵਾਲਾ, ਦੇਸਰਾਜ ਸਿੰਘ ਕੋਟ ਧਰਮੂ, ਸੰਵਰ ਸਿੰਘ ਜਟਾਣਾ, ਜੰਗਾ ਸਿੰਘ ਰਾਏਪੁਰ, ਮਹਿੰਦਰ ਸਿੰਘ ਝੰਡਾ ਕਲਾਂ, ਜਗਦੀਸ਼ ਝੁਨੀਰ, ਰਾਜ ਸਿੰਘ ਪਿੱਪਲ, ਨਾਜਰ ਸਿੰਘ ਜੋੜਕੀਆਂ, ਲਾਭ ਸਿੰਘ ਭੰਮੇ ਆਦਿ ਸ਼ਾਮਿਲ ਹਨ। ਨਵੀਂ ਚੁਣੀ ਕਮੇਟੀ ਦੀ ਮੀਟਿੰਗ ਕਰਕੇ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੂੰ ਸਕੱਤਰ, ਕਾਮਰੇਡ ਗੁਰਪਿਆਰ ਸਿੰਘ ਫੱਤਾ ਤੇ ਬਲਵਿੰਦਰ ਸਿੰਘ ਕੋਟ ਧਰਮੂ ਨੂੰ ਸਹਾਇਕ ਸਕੱਤਰ ਤੇ ਕਾਮਰੇਡ ਪੂਰਨ ਸਿੰਘ ਸਰਦੂਲਗੜ੍ਹ ਨੂੰ ਵਿੱਤ ਸਕੱਤਰ ਚੁਣ ਲਿਆ। ਇਸ ਮੌਕੇ 25 ਨਵੰਬਰ ਨੂੰ ਮਾਨਸਾ ਵਿੱਖੇ ਹੋਣ ਵਾਲੀ 25ਵੀਂ ਜ਼ਿਲ੍ਹਾ ਡੈਲੀਗੇਟ ਕਾਨਫਰੰਸ ਲਈ 8 ਡੈਲੀਗੇਟਾਂ ਦੀ ਚੋਣ ਕੀਤੀ ਗਈ। ਕਾਨਫਰੰਸ ਦੇ ਅਖੀਰ ਵਿੱਚ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।



## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਦੋ ਰੋਜ਼ਾ ਕੀਰਤਨ ਸਮਾਗਮ ਸੰਪੰਨ

**ਮੋਗਾ (ਇਕਬਾਲ ਸਿੰਘ ਖਹਿਰਾ)**- ਸ੍ਰੀ ਗੁਰੂ ਰਾਮਦਾਸ ਕੀਰਤਨ ਦਰਬਾਰ ਕਮੇਟੀ ਮੋਗਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਦੋ ਰੋਜ਼ਾ ਗੁਰਮਤਿ ਕੀਰਤਨ ਸਮਾਗਮ ਦੇ ਦੂਜੇ ਗੁਰਦੁਆਰਾ ਬੀਬੀ ਕਾਹਨ ਕੌਰ ਮੋਗਾ ਵਿਖੇ ਸ਼ਾਮ ਦੇ ਦੀਵਾਨਾਂ ਵਿੱਚ ਸੰਗਤਾਂ ਦੇ ਹੜ੍ਹ ਅੱਗੇ ਸਾਰੇ ਪ੍ਰਬੰਧ ਛੋਟੇ ਨਜ਼ਰ ਆਉਣ ਲੱਗੇ।ਗੁਰਮਤਿ ਕੀਰਤਨ ਸਮਾਗਮ ਦੀ ਆਰੰਭਤਾ ਰਹਿਰਾਸ ਸਾਹਿਬ ਜੀ ਦੇ ਜਾਪ ਨਾਲ ਕੋਈ।ਕੀਰਤਨ ਦੀ ਸ਼ੁਰੂਆਤ ਕਰਦਿਆਂ ਛੋਟੇ ਛੋਟੇ ਬੱਚਿਆਂ ਨੇ ਬੀਬਾ ਸ਼ਰਨਜੀਤ ਕੌਰ ਦੀ ਅਗਵਾਈ ਵਿੱਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਵਾਇਆ।ਸਮਾਗਮ ਵਿੱਚ ਉਚੇਚੇ ਤੌਰ 'ਤੇ ਪੁੱਜੇ ਪ੍ਰਿੰਸੀਪਲ ਸੁਖਵੰਤ ਸਿੰਘ ਸੰਗੀਤ ਅਕੈਡਮੀ ਜੰਡਿਆਲਾ ਗੁਰੂ ਤੇ ਉਨ੍ਹਾਂ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਸੰਗਤਾਂ ਦੀ ਪੁਰਜ਼ੋਰ ਮੰਗ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਆਪ ਵੀ ਗੁਰਬਾਣੀ ਸਬਦ ਗਾਇਣ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਜਸਪ੍ਰੀਤ ਸਿੰਘ ਫਿਰੋਜ਼ਪੁਰ ਵਾਲਿਆਂ ਦੇ ਜੱਥੇ ਵੱਲੋਂ ਬੀਰ ਰਸੀ ਸ਼ਬਦਾਂ ਦੇ ਗਾਇਣ ਨਾਲ ਸੰਗਤਾਂ ਵਿੱਚ ਜੋਸ਼ ਭਰ ਦਿੱਤਾ।ਉਪਰੰਤ ਭਾਈ ਗੁਰਦੇਵ ਸਿੰਘ ਕੋਹਾੜਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਹਰਜਿੰਦਰ ਸਿੰਘ ਜ਼ਖਮੀ ਜਲੰਧਰ ਵਾਲੇ ਤੇ ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲਿਆਂ ਕੀਰਤਨ ਦੀ ਹਾਜ਼ਰੀ ਭਰੀ।ਸਮਾਗਮ ਦੌਰਾਨ ਮੋਗਾ ਦੀ ਜੰਮਪਲ ਹਰਮਨਪ੍ਰੀਤ ਕੌਰ ਕਪਤਾਨ ਭਾਰਤੀ ਕ੍ਰਿਕਟ ਟੀਮ ਵੱਲੋਂ ਸੰਸਾਰ ਕੱਪ ਜਿੱਤਣ 'ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਮਾਗਮ ਦੀ ਸੰਪੂਰਨਤਾ ਭਾਈ ਸਾਹਿਬ ਚਰਨ ਸਿੰਘ ਹੈੱਡ ਗ੍ਰੰਥੀ ਵੱਲੋਂ ਕੀਤੀ ਅਰਦਾਸ ਨਾਲ ਹੋਈ।ਸਮਾਗਮ ਦੀ ਕਾਮਯਾਬੀ ਵਿੱਚ ਗੁਰੂ ਨਾਨਕ ਘਰ ਦੇ ਗੋਲੇ ਟੀਮ ਦਾ ਵਿਸ਼ੇਸ਼ ਯੋਗਦਾਨ ਰਿਹਾ।ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਸਟੇਜ ਦੀ ਸਮੁੱਚੀ ਕਾਰਵਾਈ ਬਲਜਿੰਦਰ ਸਿੰਘ ਸਹਿਗਲ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।ਸਮਾਗਮ ਦੌਰਾਨ ਪਤਵੰਤੇ ਸੱਜਣਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ ।



## ਵੰਦੇ ਭਾਰਤ ਟਰੇਨ ਚੱਲਣ ਨਾਲ ਵਪਾਰੀਆਂ ਤੇ ਆਮ ਲੋਕਾਂ ਨੂੰ ਹੋਵੇਗਾ ਬਹੁਤ ਲਾਭ : ਮਨੀਸ਼ਾ ਉੱਪਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਵੱਲੋਂ ਪੰਜਾਬ ਨੂੰ ਸੌਗਾਤ ਦੇ ਤੌਰ ਤੇ ਫਿਰੋਜ਼ਪੁਰ ਤੋਂ ਨਵੀਂ ਦਿੱਲੀ ਵਾਇਆ ਪਟਿਆਲਾ ਵੰਦੇ ਭਾਰਤ ਟਰੇਨ ਚਲਾਈ ਗਈ ਹੈ। ਇਸ ਮੌਕੇ ਭਾਜਪਾ ਮਹਿਲਾ ਮੋਰਚਾ ਜ਼ਿਲ੍ਹਾ ਪਟਿਆਲਾ ਦੀ ਪ੍ਰਧਾਨ ਮਨੀਸ਼ਾ ਉੱਪਲ ਅਤੇ ਉਹਨਾਂ ਦੀ ਟੀਮ ਨੇ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਅਤੇ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਬੀਬਾ ਜੈ ਇੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਟਿਆਲਾ ਵਿਖੇ ਇਸ ਟ੍ਰੇਨ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਬਿੱਟੂ ਦੇ ਪਟਿਆਲਾ ਪਹੁੰਚਣ ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ। ਉਹਨਾਂ ਅੱਗੇ ਕਿਹਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਕੂਕਾ ਵੱਲੋਂ ਇਸ ਟਰੇਨ ਦੇ ਆਗਮਨ ਤੇ ਇੱਕ ਵੱਡੇ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਜਿਸ ਵਿੱਚ ਸੈਂਕੜੇ ਭਾਜਪਾ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੱਡੇ ਪੱਧਰ ਤੇ ਭਾਗ ਲਿਆ। ਇਸ ਮੌਕੇ ਮਨੀਸ਼ਾ ਉੱਪਲ ਕਿਹਾ ਕਿ ਇਸ ਟਰੇਨ ਦੇ ਚੱਲਣ ਨਾਲ ਪਟਿਆਲਾ ਦੇ ਵਪਾਰੀਆਂ ਅਤੇ ਆਮ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਉਨ੍ਹਾਂ ਦਾ ਪਟਿਆਲਾ ਤੋਂ ਦਿੱਲੀ ਪਹੁੰਚਣ ਲਈ ਸਮਾਂ ਅਤੇ ਪੈਸੇ ਦੋਨਾਂ ਦੀ ਬੱਚਤ ਵੀ ਹੋਵੇਗੀ। ਇਸ ਮੌਕੇ ਗੀਆ ਚੰਦਾ, ਊਸ਼ਾ, ਕਿਰਨ, ਬਲਜੀਤ ਕੌਰ, ਖੁਸ਼ੀ, ਕਾਮਨੀ ਕਸਯਪ, ਅਮਨਦੀਪ ਕੌਰ ਅਤੇ ਹੋਰ ਵੀ ਮੈਂਬਰ ਮੌਕੇ ਤੇ ਹਾਜ਼ਰ ਸਨ।



## ਝਾੜ ਸਾਹਿਬ ਕਾਲਜ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ

**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਦੇ ਇੰਚਾਰਜ ਪ੍ਰੋ. ਜਸਵੀਰ ਕੌਰ, ਸੋਸ਼ਲ ਹੈਲਪ ਗਰੁੱਪ ਦੇ ਇੰਚਾਰਜ ਡਾ. ਸੁਨੀਤਾ ਕੌਸ਼ਲ ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਮਹੀਪਿੰਦਰ ਕੌਰ ਦੇ ਸਹਿਯੋਗ ਨਾਲ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਪਿੰਡ ਝਾੜ ਸਾਹਿਬ ਵਿਖੇ ਕੱਢੀ ਗਈ, ਜਿਸ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾ ਬਾਰੇ ਜਾਗਰੂਕ ਕਰਨਾ ਸੀ। ਇਸ ਰੈਲੀ ਵਿੱਚ ਵਿਦਿਆਰਥਣਾਂ ਵੱਲੋਂ ਤਖਤੀਆਂ ਉੱਤੇ ਨਸ਼ਿਆਂ ਵਿਰੁੱਧ ਲਿਖੇ ਗਏ ਸਲੋਗਨ ਤੇ ਪੋਸਟਰ ਹੱਥਾਂ ਵਿੱਚ ਫੜ੍ਹ ਕੇ ਸਲੋਗਨ ਉਚਾਰਦੇ ਹੋਏ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥਣਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਨਸ਼ਿਆਂ ਦੀ ਲਾਹਨਤ ਖਿਲਾਫ ਜਾਗਰੂਕਤਾ ਪੈਦਾ ਕਰਨ ਲਈ ਹਰ ਵਰਗ ਦੇ ਲੋਕਾਂ ਵੱਲੋਂ ਹੁੰਗਾਰਾ ਮਿਲਣਾ ਚਾਹੀਦਾ ਹੈ।ਇਸ ਰੈਲੀ ਦਾ ਮਕਸਦ ਨਸ਼ੇ ਤੋਂ ਮੁਕਤ ਜੀਵਨ ਦੀ ਮਹੱਤਤਾ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਅੱਜ ਦੀ ਰੈਲੀ ਇੱਕ ਚੰਗੇ ਤੇ ਸਿਹਤਮੰਦ ਸਮਾਜ ਦੀ ਸਿਰਜਨਾ ਕਰਨ ਵਿੱਚ ਸਾਰਥਕ ਸਿੱਧ ਹੋਵੇਗੀ।ਕਾਲਜ ਵਿਖੇ ਸਮੇਂ ਸਮੇਂ 'ਤੇ ਵਿਦਿਆਰਥਣਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਜਾਣੂ ਕਰਵਾਉਣ ਹਿੱਤ ਲੈਕਚਰ ਵੀ ਕਰਵਾਏ ਜਾਂਦੇ ਹਨ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੇ ਜਾਗਰੂਕਤਾ ਰੈਲੀ ਕੱਢਣ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਡਾ. ਅੰਜੂ, ਡਾ. ਗੁਰਮੀਤ ਇੰਚਾਰਜ ਡਿਸਪੈਂਸਰੀ ਝਾੜ ਸਾਹਿਬ, ਹਰਵਿੰਦਰ ਸਿੰਘ ਤੇ ਰਾਮ ਕੁਮਾਰ ਝਾੜ ਸਾਹਿਬ ਮੌਜੂਦ ਸਨ।



## ਡਿਪਟੀ ਕਮਿਸ਼ਨਰ ਨੇ ਖੁਡਾਲ ਕਲਾਂ ਤੇ ਦਾਤੇਵਾਸ 'ਚ ਖ਼ੁਦ ਬੁਝਵਾਈ ਅੱਗ

### ਬਣਦੀ ਕਾਰਵਾਈ ਕਰਨ ਦੀ ਕੀਤੀ ਸਖ਼ਤ ਹਦਾਇਤ

**ਬਰੇਟਾ (ਰੀਤਵਾਲ, ਗੋਬਿੰਦ ਸ਼ਰਮਾ)**- ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਲਗਾਤਾਰ ਯਤਨਸ਼ੀਲ ਹੈ।ਅੱਜ ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਨਵਜੋਤ ਕੌਰ ਨੇ ਖੁਦ ਪਿੰਡ ਖੁਡਾਲ ਕਲਾਂ ਤੇ ਦਾਤੇਵਾਸ ਦੇ ਖੇਤਾਂ ਵਿੱਚ ਮੌਕੇ 'ਤੇ ਪਹੁੰਚ ਕੇ ਅੱਗ ਬੁਝਵਾਈ।ਇਸ ਮੌਕੇ ਐੱਸ ਐੱਸ ਪੀ ਮਾਨਸਾ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨਵਜੋਤ ਕੌਰ ਵੱਲੋਂ ਅੱਜ ਪਿੰਡ ਕਾਹਨਗੜ੍ਹ, ਬਹਾਦਰਪੁਰ, ਖੁਡਾਲ ਕਲਾਂ, ਦਾਤੇਵਾਸ ਵਿੱਚ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਦਾ ਦੌਰਾ ਕੀਤਾ ਜਾ ਰਿਹਾ ਸੀ।ਇਸ ਦੌਰਾਨ ਪਿੰਡ ਖੁਡਾਲ ਕਲਾਂ ਦੇ ਖੇਤ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਡਿਪਟੀ ਕਮਿਸ਼ਨਰ ਮੌਕੇ 'ਤੇ ਪੁੱਜੇ ਤੇ ਫਾਇਰ ਬ੍ਰਿਗੇਡ ਮੰਗਵਾ ਕੇ ਮੌਕੇ 'ਤੇ ਅੱਗ ਬੁਝਾਈ ਗਈ।ਇਸ ਮੌਕੇ ਉਨ੍ਹਾਂ ਜ਼ਮੀਨ ਮਾਲਕ ਨੂੰ ਮੌਕੇ 'ਤੇ ਬੁਲਾਇਆ, ਜਿਸ ਨੇ ਦੱਸਿਆ ਕਿ ਉਸ ਨੇ ਇਹ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ ਅਤੇ ਉਹ ਖੁਦ ਅੱਗ ਲਾਉਣ ਦੇ ਹੱਕ ਵਿੱਚ ਨਹੀਂ ਹੈ, ਉਸ ਨੂੰ ਖ਼ੁਦ ਧੂਏਂ ਤੋਂ ਐਲਰਜੀ ਹੈ। ਡਿਪਟੀ ਕਮਿਸ਼ਨਰ ਨੇ ਮੌਕੇ 'ਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਠੇਕੇ 'ਤੇ ਜ਼ਮੀਨ ਲੈਣ ਵਾਲੇ 'ਤੇ ਬਣਦੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਦਾਤੇਵਾਸ ਦੇ ਖੇਤਾਂ ਵਿੱਚ ਵੀ ਮੌਕੇ 'ਤੇ ਪਹੁੰਚ ਕੇ ਅੱਗ ਬੁਝਵਾਈ ਗਈ ਤੇ ਬਣਦੀ ਕਾਰਵਾਈ ਦੀ ਹਦਾਇਤ ਕੀਤੀ ਗਈ।ਇਸ ਮੌਕੇ ਉਨ੍ਹਾਂ ਨੋਡਲ, ਕਲੱਸਟਰ, ਖੇਤੀਬਾੜੀ ਵਿਕਾਸ ਅਫਸਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਪਰਾਲੀ ਨੂੰ ਅੱਗ ਕਿਸੇ ਵੀ ਹਾਲਤ ਵਿੱਚ ਨਾ ਲੱਗਣ ਦਿੱਤੀ ਜਾਵੇ ਤੇ ਕਿਸਾਨਾਂ ਨੂੰ ਮਸ਼ੀਨਰੀ ਦੀ ਕੋਈ ਦਿੱਕਤ ਨਾ ਆਉਣ ਦਿੱਤੀ ਜਾਵੇ।



## ਮੁਕਤਸਰ ਪੁਲਸ ਵੱਲੋਂ ਰੇਲਵੇ ਸਟੇਸ਼ਨਾਂ 'ਤੇ ਵਿਸ਼ੇਸ਼ ਸਰਚ ਅਭਿਆਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ, ਕੁਲਭੂਸ਼ਨ ਚਾਵਲਾ)**- ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਜਨਤਕ ਸੁਰੱਖਿਆ ਤੇ ਨਸ਼ਾ ਤਸਕਰਾਂ ਖਿਲਾਫ ਸਖ਼ਤ ਕਾਰਵਾਈ ਦੇ ਸਿਲਸਿਲੇ ਨੂੰ ਜਾਰੀ ਰੱਖਦਿਆਂ ਰੇਲਵੇ ਸਟੇਸ਼ਨਾਂ 'ਤੇ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ।ਇਹ ਸਰਚ ਅਭਿਆਨ ਡਾ. ਅਖਿਲ ਚੌਧਰੀ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਦੀਆਂ ਚਾਰਾਂ ਸਬ-ਡਵੀਜ਼ਨਾਂ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਦੇ ਰੇਲਵੇ ਸਟੇਸ਼ਨਾਂ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਚਲਾਇਆ ਗਿਆ।ਇਸ ਅਭਿਆਨ ਦੌਰਾਨ ਮਨਮੀਤ ਸਿੰਘ ਢਿੱਲੋਂ ਐੱਸ.ਪੀ. (ਡੀ), ਨਵੀਨ ਕੁਮਾਰ ਡੀ.ਐੱਸ.ਪੀ. (ਸ੍ਰੀ ਮੁਕਤਸਰ ਸਾਹਿਬ), ਅੰਗਰੇਜ਼ ਸਿੰਘ ਡੀ.ਐੱਸ.ਪੀ. (ਮਲੋਟ), ਅਰੁਣ ਮੁੰਡਨ ਡੀ.ਐੱਸ.ਪੀ. (ਗਿੱਦੜਬਾਹਾ) ਤੇ ਇਸ਼ਾਂਤ ਸਿੰਗਲਾ ਡੀ.ਐੱਸ.ਪੀ. (ਲੰਬੀ) ਵੱਲੋਂ ਪੁਲਸ ਕਰਮਚਾਰੀਆਂ ਸਮੇਤ ਜ਼ਿਲ੍ਹਾ ਦੀਆਂ ਚਾਰੇ ਸਬ-ਡਵੀਜ਼ਨਾਂ ਦੇ ਰੇਲਵੇ ਸਟੇਸ਼ਨਾਂ 'ਤੇ ਸਰਚ ਆਪ੍ਰੇਸ਼ਨ ਕੀਤਾ ਗਿਆ।ਇਸ ਵਿਸ਼ੇਸ਼ ਸਰਚ ਆਪ੍ਰੇਸ਼ਨ ਵਿੱਚ 220 ਤੋਂ ਵੱਧ ਪੁਲਸ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ।ਰੇਲਵੇ ਸਟੇਸ਼ਨਾਂ ਵਿਖੇ ਸ਼ੱਕੀ ਵਿਅਕਤੀਆਂ ਤੇ ਉਨ੍ਹਾਂ ਦੇ ਸਮਾਨ ਦੀ ਤਲਾਸ਼ੀ ਕੀਤੀ ਗਈ।ਐਪ ਦੀ ਮਦਦ ਨਾਲ ਸ਼ੱਕੀ ਵਿਅਕਤੀਆਂ ਦੇ ਅਪਰਾਧਕ ਪਿਛੋਕੜ ਦੀ ਜਾਂਚ ਕੀਤੀ ਗਈ। ਐਂਟੀ-ਸਾਬੋਟਾਜ਼ ਟੀਮਾਂ ਵੱਲੋਂ ਰੇਲਵੇ ਪਲੇਟਫਾਰਮ, ਵੇਟਿੰਗ ਹਾਲ, ਟਿਕਟ ਘਰ, ਪਾਰਕਿੰਗ ਤੇ ਸਟੇਸ਼ਨ ਦੇ ਆਲੇ ਦੁਆਲੇ ਇਲਾਕਿਆਂ ਦੀ ਤਲਾਸ਼ੀ ਕੀਤੀ ਗਈ। ਸਟੇਸ਼ਨ ਉੱਤੇ ਮੌਜੂਦ ਯਾਤਰੀਆਂ ਨਾਲ ਪੁੱਛਗਿੱਛ ਕਰਕੇ ਉਨ੍ਹਾਂ ਨੂੰ ਨਸ਼ਾ ਮੁਕਤ ਸਮਾਜ ਬਣਾਉਣ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਪੁਲਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਵਿਅਕਤੀ ਸਬੰਧੀ ਕੋਈ ਸ਼ੱਕੀ ਗਤੀਵਿਧੀ ਜਾਂ ਜਾਣਕਾਰੀ ਹੋਵੇ, ਤਾਂ ਤੁਰੰਤ ਪੁਲਸ ਨਾਲ ਸੰਪਰਕ ਕੀਤਾ ਜਾਵੇ।ਜਾਣਕਾਰੀ ਦੇਣ ਵਾਲੇ ਦਾ ਨਾਂ ਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।



## 'ਐੱਚ ਆਈ ਵੀ ਬਾਰੇ ਜਾਗਰੂਕਤਾ : ਤੱਥ ਜਾਣੋ, ਗਲਤਫਹਿਮੀਆਂ ਦੂਰ ਕਰੋ' ਵਿਸ਼ੇ 'ਤੇ ਲੈਕਚਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਭਾਗ ਫਿਜ਼ਿਓਥੈਰਪੀ ਦੇ ਰੇਡ ਰਿਬਨ ਕਲੱਬ ਵੱਲੋਂ 'ਐਚ.ਆਈ.ਵੀ. ਬਾਰੇ ਜਾਗਰੂਕਤਾ : ਤੱਥ ਜਾਣੋ, ਗ਼ਲਤ ਫਹਿਮੀਆਂ ਦੂਰ ਕਰੋ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕੀਤਾ ਗਿਆ। ਡਾ. ਐਨ. ਐਸ. ਬਾਵਾ ਸੰਸਥਾਪਕ, ਬਾਵਾ ਨਰਸਿੰਗ ਹੋਮ, ਬੱਸੀ ਪਠਾਣਾ ਨੇ ਮੁੱਖ ਵਕਤਾ ਵਜੋਂ ਵਿਸ਼ੇਸ਼ ਲੈਕਚਰ ਪੇਸ਼ ਕੀਤਾ।ਡਾ. ਸੁਪ੍ਰੀਤ ਬਿੰਦਰਾ, ਸਹਾਇਕ ਪ੍ਰੋਫੈਸਰ ਤੇ ਮੁਖੀ, ਵਿਭਾਗ ਫਿਜ਼ਿਓਥੈਰਪੀ ਨੇ ਸਵਾਗਤ ਭਾਸ਼ਣ ਦੌਰਾਨ ਕਿਹਾ ਕਿ ਇਸ ਲੈਕਚਰ ਦਾ ਉਦੇਸ਼ ਐਚ.ਆਈ.ਵੀ. ਨਾਲ ਸੰਬੰਧਿਤ ਗ਼ਲਤ ਧਾਰਨਾਵਾਂ ਨੂੰ ਦੂਰ ਕਰਨਾ, ਇਸ ਦੇ ਸੰਕਰਮਣ ਦੇ ਢੰਗ, ਬਚਾਅ ਤੇ ਸ਼ੁਰੂਆਤੀ ਨਿਦਾਨ ਬਾਰੇ ਜਾਣਕਾਰੀ ਦੇਣਾ ਅਤੇ ਐਚ.ਆਈ.ਵੀ. ਪੀੜਤ ਵਿਅਕਤੀਆਂ ਪ੍ਰਤੀ ਬਿਨਾ ਭੇਦਭਾਵ ਵਾਲਾ ਰਵੱਈਆ ਅਪਣਾਉਣ ਲਈ ਪ੍ਰੇਰਤ ਕਰਨਾ ਸੀ। ਡਾ. ਬਾਵਾ ਨੇ ਮਨੁੱਖੀ ਰੋਗ ਪ੍ਰਤੀਰੋਧੀ ਵਾਇਰਸ ਦੇ ਉਤਪੱਤੀ, ਸੁਭਾਵ ਤੇ ਸੰਕਰਮਣ ਦੇ ਢੰਗਾਂ ਬਾਰੇ ਵਿਸਤ੍ਰਿਤ ਤੇ ਵਿਗਿਆਨਕ ਜਾਣਕਾਰੀ ਪ੍ਰਦਾਨ ਕੀਤੀ।ਉਨ੍ਹਾਂ ਨੇ ਐਚ.ਆਈ.ਵੀ. ਅਤੇ ਐਡਜ਼ ਵਿੱਚ ਅੰਤਰ ਸਮਝਾਇਆ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਮੇਂ-ਸਮੇਂ ਤੇ ਜਾਂਚ, ਸ਼ੁਰੂਆਤੀ ਪਛਾਣ ਤੇ ਇਲਾਜ ਦੀ ਪਾਲਣਾ ਨਾਲ ਐਚ.ਆਈ.ਵੀ. ਪੀੜਤ ਵਿਅਕਤੀ ਲੰਬੀ ਤੇ ਸਿਹਤਮੰਦ ਜ਼ਿੰਦਗੀ ਜੀਅ ਸਕਦੇ ਹਨ। ਡਾ. ਬਾਵਾ ਨੇ ਵਿਦਿਆਰਥੀਆਂ ਅਤੇ ਸਿਹਤ ਪੇਸ਼ੇਵਰਾਂ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਜਾਗਰੂਕਤਾ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ।ਉਨ੍ਹਾਂ ਹਮਦਰਦੀ, ਗੋਪਨੀਯਤਾ ਤੇ ਜ਼ਿੰਮੇਵਾਰ ਵਿਵਹਾਰ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਅਸਲੀ ਜ਼ਿੰਦਗੀ ਦੇ ਉਦਾਹਰਣਾਂ ਤੇ ਕੇਸ ਸਟੱਡੀਜ਼ ਰਾਹੀਂ ਉਨ੍ਹਾਂ ਦਰਸਾਇਆ ਕਿ ਐਚ.ਆਈ.ਵੀ. ਪੀੜਤ ਵਿਅਕਤੀਆਂ ਨਾਲ ਸਮਾਜ ਵਿੱਚ ਅਕਸਰ ਭੇਦਭਾਵ ਹੁੰਦਾ ਹੈ ਤੇ ਇਸ ਪ੍ਰਤੀ ਸਮਝਦਾਰੀ ਅਤੇ ਕਰੁਣਾ ਦੀ ਭਾਵਨਾ ਪੈਦਾ ਕਰਨ ਦੀ ਲੋੜ ਹੈ। ਉਨ੍ਹਾਂ ਨੇ ਵਿਸ਼ਵ ਅਤੇ ਰਾਸ਼ਟਰੀ ਪੱਧਰ 'ਤੇ ਐਚ.ਆਈ.ਵੀ. ਦੀ ਸਥਿਤੀ ਬਾਰੇ ਵੀ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਭਾਵੇਂ ਚਿਕਿਤਸਾ ਖੇਤਰ ਵਿੱਚ ਕਾਫ਼ੀ ਤਰੱਕੀ ਹੋਈ ਹੈ, ਫਿਰ ਵੀ ਭਾਰਤ ਵਿੱਚ ਲਗਭਗ 2.4 ਮਿਲੀਅਨ ਲੋਕ ਐਚ.ਆਈ.ਵੀ. ਨਾਲ ਜੀ ਰਹੇ ਹਨ।ਉਨ੍ਹਾਂ ਕਿਹਾ ਕਿ ਜਾਗਰੂਕਤਾ, ਰੋਕਥਾਮ ਅਤੇ ਸ਼ੁਰੂਆਤੀ ਜਾਂਚ ਹੀ ਨਵੀਆਂ ਸੰਕਰਮਣਾਂ ਨੂੰ ਘਟਾਉਣ ਅਤੇ ਐਡਜ਼ ਨੂੰ ਸਾਰਵਜਨਿਕ ਸਿਹਤ ਖ਼ਤਰੇ ਵਜੋਂ ਖਤਮ ਕਰਨ ਦੇ ਰਾਸ਼ਟਰੀ ਲਕਸ਼ ਨੂੰ ਪੂਰਾ ਕਰਨ ਦੇ ਮੁੱਖ ਸਾਧਨ ਹਨ।




## ਗ੍ਰਾਮ ਸਭਾ ਨੂੰ ਅ.ਫਸਰਸ਼ਾਹੀ ਨੇ ਕਾ.ਗਜ਼ਾਂ ਤੱਕ ਹੀ ਸੀਮਤ ਕੀਤਾ ਹੋਇਆ : ਆਈ ਡੀ ਪੀ

**ਨਾਭਾ (ਵਰਿੰਦਰ ਵਰਮਾ)** ਆਈਡੀਪੀ ਵੱਲੋਂ ਪਿੰਡ-ਪਿੰਡ ਜਾ ਕੇ ਸ਼ੁਰੂ ਕੀਤੀ ਜਾਗਰੂਕਤਾ ਤੇ ਲਾਮਬੰਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਦੀਆ ਸਾਮਲਾਟ ਜ਼ਮੀਨਾਂ ਨੂੰ ਖੋਹਣ ਦੀ ਕਿਸੇ ਵੀ ਕੋਸ਼ਿਸ਼ ਨੂੰ ਪੰਜਾਬ ਦੀ ਇੱਕਜੁੱਟਤਾ ਕਾਮਯਾਬ ਨਹੀਂ ਹੋਣ ਦੇਵੇਗੀ।ਪੰਜਾਬ ਨਾਲ ਹਮੇਸ਼ਾ ਸਰਕਾਰਾਂ ਧੱਕਾ ਕਰਦੀਆਂ ਰਹੀਆਂ ਹਨ, ਪਰ ਪੰਜਾਬ ਦੇ ਲੋਕ ਉਸਦਾ ਮੂੰਹ ਤੋੜ ਜਵਾਬ ਦਿੰਦੇ ਆ ਰਹੇ ਹਨ। ਦੇਸ਼ ਦੇ ਰਾਜਾਂ ਦੇ ਹੱਕਾਂ ਤੇ ਕੇਂਦਰ ਸਰਕਾਰ ਲਗਾਤਾਰ ਡਾਕਾ ਮਾਰਨ ਲੱਗੀ ਹੋਈ ਹੈ।ਸੂਬਿਆਂ ਨੂੰ ਬੌਣੇ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਈਡੀਪੀ ਆਗੂ ਗੁਰਮੀਤ ਸਿੰਘ ਥੂਹੀ, ਕੁਲਵਿੰਦਰ ਕੌਰ ਰਾਮਗੜ੍ਹ ਨੇ ਪਿੰਡ ਅਭੇਪੁਰ, ਸੁਖੇਵਾਲ, ਭੀਲੋਵਾਲ, ਗੁਰਦਿੱਤ ਪੁਰਾ, ਗਦਾਈਆ ਆਦਿ ਪਿੰਡਾਂ 'ਚ ਚੇਤਨਾ ਮਾਰਚ ਦੇ ਕਾਫ਼ਲੇ ਵੱਲੋਂ ਕੀਤੀਆਂ ਜਨਤਕ ਰੈਲੀਆਂ ਦੌਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਆਪਣੇ ਆਪ ਨੂੰ ਕੱਟੜ ਇਮਾਨਦਾਰ ਕਹਾਉਣ ਵਾਲੀ ਪੰਜਾਬ ਸਰਕਾਰ ਖੇਤੀਬਾੜੀ ਯੂਨੀਵਰਸਿਟੀ, ਮੰਡੀ ਬੋਰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੇ ਬਾਗਬਾਨੀ ਆਦਿ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫ਼ੈਸਲਾ ਕਰ ਚੁੱਕੀ ਹੈ।ਪੰਚਾਇਤੀ ਜ਼ਮੀਨਾਂ ਦੀ ਨਿਸ਼ਾਨਦੇਹੀ ਦੇ ਹੁਕਮ ਵੀ ਦਿੱਤੇ ਗਏ ਹਨ।ਪੰਚਾਇਤਾਂ ਦੀ ਆਮਦਨ ਦਾ ਇੱਕ ਤਿਹਾਈ ਹਿੱਸਾ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਨਾਂਅ ਉੱਤੇ ਜਬਰੀ ਵਸੂਲਿਆ ਜਾ ਰਿਹਾ ਹੈ।ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਖਿਲਾਫ਼ ਹੁਣ ਸਜ਼ਾ ਦੀ ਧਾਰਾ ਖਤਮ ਕਰਕੇ ਜੁਰਮਾਨੇ ਤੱਕ ਸੀਮਤ ਕਰ ਦਿੱਤਾ ਹੈ।ਪਿੰਡਾਂ ਦੀ ਪਾਰਲੀਮੈਂਟ ਗ੍ਰਾਮ ਸਭਾ ਨੂੰ ਕਾਗਜ਼ਾਂ ਤੱਕ ਹੀ ਸੀਮਤ ਕੀਤਾ ਹੋਇਆ।ਉਨ੍ਹਾਂ ਅੱਗੇ ਕਿਹਾ ਕਿ ਸਾਰੇ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਸ਼ਾਮਲਾਟ ਜ਼ਮੀਨਾਂ ਉੱਤੇ ਮਨਰੇਗਾ ਨੂੰ ਸਹੀ ਰੂਪ ਵਿੱਚ ਲਾਗੂ ਕਰਕੇ ਇਸ ਵਿੱਚ ਬਾਗਬਾਨੀ ਤੇ ਐਗਰੋ ਫੋਰੈਸਟਰੀ ਸ਼ੁਰੂ ਕਰਨ ਦੇ ਫ਼ੈਸਲੇ ਕਰਨ, ਜਿਸ ਨਾਲ ਪਾਣੀ, ਵਾਤਾਵਰਨ ਤੇ ਮਿੱਟੀ ਦੀ ਗੁਣਵੱਤਾ ਬਚੇਗੀ ਤੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਕੁਲਵਿੰਦਰ ਕੌਰ ਰਾਮਗੜ੍ਹ ਨੇ ਕਿਹਾ ਕਿ ਪਾਣੀ ਪ੍ਰਦੂਸ਼ਿਤ ਕਰਨ ਵਾਲਿਆਂ ਨੂੰ ਖੁੱਲ੍ਹੀ ਛੁੱਟੀ ਦੇਣ ਦੇ ਕਾਨੂੰਨ ਦਾ ਫ਼ੈਸਲਾ ਗ਼ਲਤ ਹੈ।ਇਸ ਨੂੰ ਵਾਪਸ ਲਿਆ ਜਾਵੇ।ਪੰਚਾਇਤਾਂ ਦੀ ਆਮਦਨ ਦਾ ਲਗਭਗ ਇੱਕ ਤਿਹਾਈ ਹਿੱਸਾ ਵਸੂਲਣਾ ਤੁਰੰਤ ਵਾਪਸ ਲਿਆ ਜਾਵੇ।




## ਪੈਨਸ਼ਨਰ ਸੇਵਾ ਪੋਰਟਲ ਸੰਬੰਧੀ 15 ਤੱਕ ਵਿਸ਼ੇਸ਼ ਪੈਨਸ਼ਨਰ ਜਾਗਰੂਕਤਾ ਸੇਵਾ ਮੇਲਾ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਵਿੱਤ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਫ਼ਤਹਿਗੜ੍ਹ ਸਾਹਿਬ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ 13, 14 ਅਤੇ 15 ਨਵੰਬਰ ਨੂੰ ਵਿਸ਼ੇਸ਼ ਪੈਨਸ਼ਨਰ ਸੇਵਾ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਦੌਰਾਨ ਸਾਰੇ ਪੈਨਸ਼ਨਰਾਂ ਨੂੰ ਆਪਣੀ ਈ-ਕੇ.ਵਾਈ.ਸੀ. ਮੁਕੰਮਲ ਕਰਨ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਜਿਹਨਾਂ ਦੀ ਈ-ਕੇ.ਵਾਈ.ਸੀ. ਬਾਕੀ ਹੈ, ਉਨ੍ਹਾਂ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਇਹ ਜਾਣਕਾਰੀ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਅਸ਼ੋਕ ਕੁਮਾਰ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ/ਫੈਮਲੀ ਪੈਨਸ਼ਨਰਾਂ ਦੀ ਸੁਵਿਧਾ ਲਈ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਗਿਆ ਹੈ, ਜਿਸ ਰਾਹੀਂ ਪੈਨਸ਼ਨ ਸੰਬੰਧੀ ਅਰਜ਼ੀਆਂ, ਈ-ਪੀ.ਪੀ.ਓ, ਪੈਨਸ਼ਨ ਡਾਟਾ, ਸ਼ਿਕਾਇਤ ਨਿਵਾਰਣ ਆਦਿ ਸਹੂਲਤਾਂ ਇਕ ਹੀ ਪਲੇਟਫਾਰਮ 'ਤੇ ਉਪਲਬਧ ਕਰਵਾਈਆਂ ਜਾਣਗੀਆਂ ਅਤੇ ਪੰਜਾਬ ਰਾਜ ਦੇ ਸਮੂਹ ਪੈਨਸ਼ਨਰਾਂ/ਫੈਮਲੀ ਪੈਨਸ਼ਨਰਾਂ ਨੂੰ ਡਿਜੀਟਲ ਲਾਈਫ਼ ਸਰਟੀਫ਼ਿਕੇਟ, ਜੀਵਨ ਪ੍ਰਮਾਣ ਪੱਤਰ ਜਾਰੀ ਕਰਨ ਲਈ ਈ ਕੇ.ਵਾਈ.ਸੀ. ਕੀਤੀ ਜਾਵੇਗੀ ਅਤੇ ਇਸ ਸਬੰਧੀ ਜਾਗਰੂਕ ਵੀ ਕੀਤਾ ਜਾਵੇਗਾ। ਇਸ ਮੇਲੇ ਵਿੱਚ ਸਾਰੀਆਂ ਬੈਂਕਾਂ ਦੇ ਨੁਮਾਇੰਦੇ ਹਾਜ਼ਰ ਰਹਿਣਗੇ ਜਿਨ੍ਹਾਂ ਵੱਲੋਂ ਪੈਨਸ਼ਨਰਾਂ ਦਾ ਕੰਮ ਮੌਕੇ 'ਤੇ ਕੀਤਾ ਜਾਵੇਗਾ।ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਨੇ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਪੈਨਸ਼ਨਰ ਸੇਵਾ ਮੇਲੇ ਵਿੱਚ ਸ਼ਾਮਲ ਹੋਣ ਅਤੇ ਆਪਣੀ ਈ-ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰਕੇ ਸਰਕਾਰ ਦੀ ਇਸ ਸਹੂਲਤ ਦਾ ਲਾਭ ਪੈਨਸ਼ਨਰ ਘਰ ਬੈਠੇ ਪੈਨਸ਼ਨ ਸੇਵਾ ਪੋਰਟਲ ਤੋਂ ਪ੍ਰਾਪਤ ਕਰ ਸਕਣਗੇ ।

## ਗੁਰਸ਼ਰਨ ਕੌਰ ਰੰਧਾਵਾ ਦੀ ਨਿਯੁਕਤੀ ਨਾਲ ਕਾਂਗਰਸ ਵਰਕਰਾਂ 'ਚ ਖੁਸ਼ੀ ਦੀ ਲਹਿਰ

**ਸਨੌਰ (ਰਾਜਿੰਦਰ ਸਿੰਘ ਥਿੰਦ)** ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਕਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਸ ਅਧੀਨ ਪਟਿਆਲਾ ਦਿਹਾਤੀ ਤੋਂ ਗੁਰਸ਼ਰਨ ਕੌਰ ਰੰਧਾਵਾ ਨੂੰ ਨਵੀਂ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ।ਗੁਰਸ਼ਰਨ ਕੌਰ ਰੰਧਾਵਾ ਦੀ ਨਿਯੁਕਤੀ ਨਾਲ ਕਾਂਗਰਸ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਤੇ ਇਸਨੂੰ ਸੰਗਠਨ ਮਜ਼ਬੂਤੀ ਵੱਲ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਸੀਨੀਅਰ ਕਾਂਗਰਸੀ ਆਗੂ ਨਿਰਮਲ ਭੱਟੀਆ ਨੇ ਗੁਰਸ਼ਰਨ ਕੌਰ ਰੰਧਾਵਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਸ ਉੱਤੇ ਉਹ ਪੂਰੀ ਤਰ੍ਹਾਂ ਖਰੇ ਉਤਰਨਗੇ।ਉਨ੍ਹਾਂ ਕਿਹਾ ਕਿ ਗੁਰਸ਼ਰਨ ਕੌਰ ਰੰਧਾਵਾ ਇੱਕ ਸਮਰਪਤ ਤੇ ਤਜਰਬੇਕਾਰ ਆਗੂ ਹਨ, ਜੋ ਹਮੇਸ਼ਾ ਪਾਰਟੀ ਦੇ ਆਦਰਸ਼ਾਂ ਅਤੇ ਲੋਕਾਂ ਦੀ ਭਲਾਈ ਲਈ ਕੰਮ ਕਰਦੇ ਆ ਰਹੇ ਹਨ। ਭੱਟੀਆ ਨੇ ਇਹ ਵੀ ਕਿਹਾ ਕਿ ਉਹਨਾਂ ਦੀ ਪ੍ਰਧਾਨਗੀ ਹੇਠ ਪਟਿਆਲਾ ਦਿਹਾਤੀ ਜ਼ਿਲ੍ਹੇ 'ਚ ਕਾਂਗਰਸ ਹੋਰ ਮਜ਼ਬੂਤੀ ਨਾਲ ਉਭਰੇਗੀ ਤੇ ਜਨਤਾ ਨਾਲ ਸਿੱਧਾ ਸੰਪਰਕ ਬਣਾ ਕੇ ਲੋਕ ਮੁੱਦੇ ਉਠਾਏ ਜਾਣਗੇ।ਉਨ੍ਹਾਂ ਕਿਹਾ ਰੰਧਾਵਾ ਦੀ ਨਿਯੁਕਤੀ ਨਾਲ ਸੰਗਠਨ ਦੇ ਹਰੇਕ ਪੱਧਰ 'ਤੇ ਨਵੀਂ ਊਰਜਾ ਅਤੇ ਜੋਸ਼ ਆਇਆ ਹੈ।ਗੁਰਸ਼ਰਨ ਕੌਰ ਰੰਧਾਵਾ ਨੇ ਵੀ ਆਪਣੀ ਨਿਯੁਕਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਮਜਬੂਤੀ ਲਈ ਪੂਰੀ ਤਰ੍ਹਾਂ ਸਮਰਪਤ ਰਹਿਣਗੇ ਤੇ ਵਰਕਰਾਂ ਦੇ ਸਹਿਯੋਗ ਨਾਲ ਕਾਂਗਰਸ ਨੂੰ ਹਰ ਪਿੰਡ ਅਤੇ ਸ਼ਹਿਰ ਤੱਕ ਮਜ਼ਬੂਤ ਕਰਨ ਲਈ ਕੰਮ ਕਰਾਂਗੇ।



## ਡਰਾਈਵਿੰਗ ਸਕਿੱਲ ਇੰਸਟੀਚਿਊਟ ਦੇ ਦੋ ਸਾਲ ਪੂਰੇ ਹੋਣ 'ਤੇ ਕਰਾਇਆ ਪ੍ਰੋਗਰਾਮ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਰੈੱਡ ਕਰਾਸ ਸੁਸਾਇਟੀ ਬਠਿੰਡਾ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਮਹੂਆਣਾ ਦੀ ਤਰਜ਼ 'ਤੇ ਵਪਾਰਕ ਗੱਡੀਆਂ ਦੇ ਨਵੇਂ ਤੇ ਰੀਨਿਊ ਲਾਈਸੰਸਾਂ ਲਈ 2 ਦਿਨਾਂ ਦਾ ਰੋਡ ਸੇਫਟੀ ਰਿਫਰੈਸ਼ਰ ਕੋਰਸ ਕਰਾਉਣ ਲਈ ਰੈੱਡ ਕਰਾਸ ਭਵਨ, ਸਿਵਲ ਸਟੇਸ਼ਨ, ਬਠਿੰਡਾ ਵਿਖੇ ਖੋਲ੍ਹੇ ਗਏ ਬਠਿੰਡਾ ਇੰਸਟੀਚਿਊਟ ਆਫ਼ ਆਟੋਮੋਟਿਵ ਐਂਡ ਡਰਾਈਵਿੰਗ ਸਕਿਲਜ਼ ਦੇ 2 ਸਾਲ ਪੂਰੇ ਹੋਣ 'ਤੇ ਰੈੱਡ ਕਰਾਸ ਭਵਨ ਵਿਖੇ ਪ੍ਰੋਗਰਾਮ ਕਰਾਇਆ ਗਿਆ।ਇਸ ਮੌਕੇ ਅਵੈਤਨੀ ਸਕੱਤਰ-ਕਮ-ਐਸਡੀਐਮ ਬਠਿੰਡਾ ਬਲਕਰਨ ਸਿੰਘ, ਆਰ.ਟੀ.ਓ ਪੁਨੀਤ ਸ਼ਰਮਾ, ਐਮਬੀਆਈ ਗੁਰਭਿੰਦਰਜੀਤ ਸਿੰਘ ਗਿੱਲ ਤੇ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ ਬਾਂਸਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਅਵੈਤਨੀ ਸਕੱਤਰ-ਕਮ-ਐਸਡੀਐਮ ਬਲਕਰਨ ਸਿੰਘ, ਆਰਟੀਓ ਪੁਨੀਤ ਸ਼ਰਮਾ ਅਤੇ ਐਮਬੀਆਈ ਗੁਰਭਿੰਦਰਜੀਤ ਸਿੰਘ ਗਿੱਲ ਨੇ ਸੰਸਥਾ ਅਧਿਕਾਰੀਆਂ ਨੂੰ ਜਿਥੇ ਵਧਾਈ ਦਿੱਤੀ, ਉਥੇ ਡਰਾਈਵਰਜ਼ ਨੂੰ ਸਰਟੀਫਿਕੇਟਾਂ ਦੀ ਵੀ ਵੰਡ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਾਂਝੇ ਉਪਰਾਲੇ ਨਾਲ ਖੋਲ੍ਹੇ ਗਏ ਇਸ ਇੰਸਟੀਚਿਊਟ 'ਚ ਜ਼ਿਲ੍ਹੇ ਦੇ ਲੋਕਾਂ ਨੂੰ ਬੇਹੱਦ ਫ਼ਾਇਦਾ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਹਿਲਾਂ ਰੋਡ ਸੇਫਟੀ ਦਾ ਇਹ ਰਿਫਰੈਸ਼ਰ ਕੋਰਸ ਕਰਨ ਲਈ ਲੋਕਾਂ ਨੂੰ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮਹੂਆਣਾ ਸਥਿਤ ਇੰਸਟੀਚਿਊਟ ਜਾਣਾ ਪੈਂਦਾ ਸੀ, ਜੋ ਕਾਫੀ ਦੂਰ ਸੀ।ਸੈਂਟਰ ਖੁੱਲ੍ਹਣ ਨਾਲ ਜਿੱਥੇ ਉਨ੍ਹਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ, ਉਥੇ ਉਨ੍ਹਾਂ ਦੀ ਦੂਰੀ ਵੀ ਘਟੀ ਹੈ।ਇਸ ਦੌਰਾਨ ਸਕੱਤਰ ਰੈੱਡ ਕਰਾਸ ਦਰਸ਼ਨ ਕੁਮਾਰ ਬਾਂਸਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਤੇ ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸ਼੍ਰੀ ਰਾਜੇਸ਼ ਧੀਮਾਨ ਦੀ ਰਹਿਨੁਮਾਈ ਹੇਠ ਚਲ ਰਹੇ ਇਸ ਇੰਸਟੀਚਿਊਟ ਵਿਖੇ ਬਠਿੰਡਾ ਜ਼ਿਲ੍ਹੇ ਤੋਂ ਇਲਾਵਾ ਇਸ ਸੈਂਟਰ 'ਚ ਬਾਹਰਲੇ ਜ਼ਿਲ੍ਹਿਆਂ ਦੇ ਵੀ ਡਰਾਈਵਰਜ਼ ਰੋਡ ਸੇਫਟੀ ਕੋਰਸ ਕਰਨ ਲਈ ਪਹੁੰਚਦੇ ਹਨ।ਸਮਾਗਮ ਦੌਰਾਨ ਸੈਂਟਰ ਦੇ ਇੰਸਟਰਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਪਿਛਲੇ 2 ਸਾਲਾਂ ਦੌਰਾਨ ਦਸ ਹਜ਼ਾਰ ਦੇ ਕਰੀਬ ਡਰਾਈਵਰਾਂ ਨੇ ਲਾਭ ਉਠਾਇਆ ਹੈ।ਇਸ ਮੌਕੇ ਫਸਟ ਏਡ ਟ੍ਰੇਨਰ ਸ਼੍ਰੀ ਨਰੇਸ਼ ਪਠਾਣੀਆ ਨੇ ਦੱਸਿਆ ਕਿ ਇਥੇ ਰੋਡ ਸੇਫਟੀ ਤੋਂ ਇਲਾਵਾ ਡਰਾਈਵਰਜ਼ ਨੂੰ ਫਸਟ ਏਡ ਦੀ ਬੇਸਿਕ ਜਾਣਕਾਰੀ ਵੀ ਦਿੱਤੀ ਜਾਂਦੀ ਹੈ।



## ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਦਿੱਲੀ ਵੱਲ ਕੂਚ

**ਬੱਧਨੀ ਕਲਾਂ (ਲਵਲੀ ਕੁਮਾਰ)** ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਦੀ ਬਲਾਕ ਕਮੇਟੀ ਦੀ ਮੀਟਿੰਗ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ ਦੀ ਪ੍ਰਧਾਨਗੀ ਹੇਠ ਪਿੰਡ ਮੱਲੇਆਣਾ ਵਿਖੇ ਹੋਈ। ਮੀਟਿੰਗ ਵਿੱਚ ਸੂਬਾਈ ਆਗੂ ਤੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇਖੁਰਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੂਬਾ ਆਗੂ ਚਮਕੌਰ ਸਿੰਘ ਰੋਡੇਖੁਰਦ, ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਬਲਾਕ ਮੀਤ ਪ੍ਰਧਾਨ ਬਲਦੇਵ ਸਿੰਘ ਲੋਪੋ ਤੇ ਬਲਾਕ ਪ੍ਰੈੱਸ ਸਕੱਤਰ ਨਛੱਤਰ ਸਿੰਘ ਦੌਧਰ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਚੰਡੀਗੜ੍ਹ ਵਿਖੇ ਕੌਮੀ ਇਨਸਾਫ ਮੋਰਚੇ ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚਾ ਚੱਲ ਰਿਹਾ ਹੈ। ਮੋਰਚੇ ਦੀ ਹਮਾਇਤ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਕੌਮੀ ਇਨਸਾਫ਼ ਮੋਰਚੇ ਦੀ ਕਾਲ ਤੇ 14 ਨਵੰਬਰ ਨੂੰ ਬੰਦੀ ਸਿੰਘਾਂ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਕੇਂਦਰ ਸਰਕਾਰ ਖਿਲਾਫ਼ ਧਰਨੇ-ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਹੈ, ਕਿਉਂਕਿ ਭਾਰਤੀ ਕਾਨੂੰਨ ਅਨੁਸਾਰ ਸਿੱਖ ਕੈਦੀ ਤੇ ਸਿਆਸੀ ਕੈਦੀ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪ੍ਰੰਤੂ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਅੱਜ ਵੀ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ, ਜੋ ਲੋਕਤੰਤਰ ਦਾ ਘਾਣ ਹੈ।ਇਸ ਲਈ ਕੇਂਦਰ ਸਰਕਾਰ ਖਿਲਾਫ਼ ਕੌਮੀ ਇਨਸਾਫ ਮੋਰਚੇ ਦੇ ਸੱਦੇ ਤਹਿਤ ਬੰਦੀ ਸਿੰਘਾਂ ਤੇ ਸਿਆਸੀਆਂ ਦੀ ਰਿਹਾਈ ਲਈ 14 ਨਵੰਬਰ ਨੂੰ ਦਿੱਲੀ ਵੱਲ ਕੀਤੇ ਜਾ ਰਹੇ ਮਾਰਚ 'ਚ ਬਲਾਕ ਨਿਹਾਲ ਸਿੰਘ ਵਾਲਾ ਵੱਲੋਂ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨੀ ਨਾਲ ਜੁੜੀਆਂ ਮੰਗਾਂ ਜਿਵੇਂ ਹੜ੍ਹ ਪੀੜ੍ਹਤ ਇਲਾਕਿਆਂ ਮੁਆਵਜ਼ੇ ਦੀ ਮੰਗ, ਝੋਨੇ ਦੇ ਘੱਟ ਝਾੜ, ਡੀਏਪੀ ਨਾਲ ਵਾਧੂ ਵਸਤਾਂ ਤੇ ਪਰਾਲੀ ਦੇ ਮਾਮਲਿਆਂ ਨੂੰ ਲੈ ਕੇ ਆਉਣ ਵਾਲੀ 26 ਨਵੰਬਰ ਨੂੰ ਚੰਡੀਗੜ੍ਹ ਵੱਲ ਪੰਜਾਬ ਸਰਕਾਰ ਖਿਲਾਫ਼ ਰੋਸ ਮਾਰਚ ਕੀਤਾ ਜਾਵੇਗਾ।ਇਸ ਮਾਰਚ 'ਚ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ।



## ਸਰਕਾਰੀ ਸਕੂਲ ਗੋਬਿੰਦਪੁਰਾ 'ਚ ਸਕੂਲ ਸੇਫਟੀ ਪ੍ਰੋਗਰਾਮ ਤਹਿਤ ਸੈਮੀਨਾਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਸਕੂਲ ਸੇਫਟੀ ਪ੍ਰੋਗਰਾਮ ਅਧੀਨ ਸੱਤਵੀਂ ਬੀ. ਐੱਨ. ਐਨ. ਡੀ. ਆਰ. ਐੱਫ. ਯੂਨਿਟ ਵੱਲੋਂ ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਬਿੰਦਪੁਰਾ ਵਿਖੇ ਇੱਕ ਜਾਣਕਾਰੀ ਭਰਪੂਰ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਕੁਦਰਤੀ ਆਫਤਾਂ ਵੱਲੋਂ ਸੁਰੱਖਿਅਤ ਰਹਿਣ ਲਈ ਸੂਚਿਤ ਅਤੇ ਤਿਆਰ ਕਰਨਾ ਸੀ। ਸੈਮੀਨਾਰ ਦੌਰਾਨ ਐਨ. ਡੀ. ਆਰ. ਐੱਫ. ਯੂਨਿਟ ਦੇ ਅਸਿਸਟੈਂਟ ਕਮਾਂਡਰ ਏ. ਸੀ. ਅਨਿਲ ਕੁਮਾਰ ਰਨਵਾ, ਇੰਸਪੈਕਟਰ ਜੀ. ਡੀ. ਬਿਕਰਮ ਸਿੰਘ ਅਤੇ ਉਹਨਾਂ ਦੀ ਟੀਮ ਨੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਭੁਚਾਲ, ਹੜ੍ਹ, ਸਾਈਕਲੋਨ ਵਰਗੀਆਂ ਕੁਦਰਤੀ ਦੁਰਘਟਨਾਵਾਂ ਤੋਂ ਬਚਾਅ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ। ਇਹ ਜਾਣਕਾਰੀ ਸਿਰਫ ਸਿਧਾਂਤਕ ਹੀ ਨਹੀਂ ਸੀ, ਸਗੋਂ ਪ੍ਰੈਕਟੀਕਲ ਰੂਪ ਵਿੱਚ ਵੀ ਵਿਦਿਆਰਥੀਆਂ ਨੂੰ ਦਿਖਾਈ ਅਤੇ ਸਮਝਾਈ ਗਈ। ਵਿਦਿਆਰਥੀਆਂ ਨੇ ਇਨ੍ਹਾਂ ਗਤਿਵਿਧੀਆਂ ਵਿੱਚ ਭਰਪੂਰ ਰੁਚੀ ਦਿਖਾਈ ਅਤੇ ਵਿਅਕਤੀਗਤ ਤੌਰ 'ਤੇ ਵੀ ਇਹਨਾਂ ਤਕਨੀਕਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ। ਸਕੂਲ ਦੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਐਨ. ਡੀ. ਆਰ. ਐੱਫ. ਦੇ ਅਧਿਕਾਰੀਆਂ ਅਤੇ ਉਹਨਾਂ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਨੌਜਵਾਨਾਂ ਵਿਚ ਸੁਰੱਖਿਆ ਸੰਬੰਧੀ ਜਾਗਰੂਕਤਾ ਪੈਦਾ ਕਰਦੇ ਹਨ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਵਿਦਿਆਰਥੀਆਂ ਨੂੰ ਤਿਆਰ ਰੱਖਦੇ ਹਨ। ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।



## ਸਰਕਾਰੀ ਵਾਹਨਾਂ ਦੇ ਕਾਗਜ਼ਾਤ 'ਚ ਤਰੁੱਟੀਆਂ, ਕਿਸ ਅਧਿਕਾਰੀ ਦੀ ਜ਼ਿੰਮੇਵਾਰੀ ਹੋਵੇਗੀ ਤੈਅ ?

**ਪਟਿਆਲਾ (ਰਾਜਿੰਦਰ ਥਿੰਦ)**- ਸੂਬੇ ਅੰਦਰ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਸੜਕਾਂ 'ਤੇ ਆਮ ਲੋਕਾਂ ਦੇ ਵਾਹਨਾਂ ਨੂੰ ਰੋਕ ਕੇ ਕਾਗਜ਼ਾਤ ਚੈਕ ਕਰਦੇ ਆਮ ਦੇਖੇ ਜਾ ਸਕਦੇ ਹਨ, ਜਿਥੇ ਉਹਨਾਂ ਦੇ ਕਾਗਜ਼ਾਤ ਵਿਚ ਕਮੀਆਂ ਸਾਹਮਣੇ ਆਉਣ 'ਤੇ ਹਜ਼ਾਰਾਂ ਰੁਪਏ ਦੇ ਜੁਰਮਾਨੇ ਕੀਤੇ ਜਾਂਦੇ ਹਨ ਅਤੇ ਵਸੂਲੇ ਜਾਂਦੇ ਹਨ। ਜਿਥੇ ਆਮ ਲੋਕਾਂ ਨੂੰ ਮਜ਼ਬੂਰੀਵਸ ਇਨਾਂ ਜੁਰਮਾਨਿਆਂ ਦਾ ਭੁਗਤਾਨ ਕਰਨਾ ਹੀ ਪੈਂਦਾ ਹੈ। ਜੇਕਰ ਦੂਜੇ ਪਾਸੇ ਨਜ਼ਰ ਮਾਰੀ ਜਾਵੇ ਤਾਂ ਸਰਕਾਰੀ ਵਾਹਨਾਂ ਦੇ ਕਾਗਜ਼ਾਤਾਂ ਵਿਚ ਰਹਿੰਦੀਆਂ ਕਮੀਆਂ ਨੂੰ ਕੋਈ ਅਧਿਕਾਰੀ ਚੈਕ ਨਹੀਂ ਕਰਦਾ, ਜੁਰਮਾਨੇ ਕਰਨੇ ਤੇ ਵਸੂਲਣੇ ਤਾਂ ਦੂਰ ਦੀ ਗੱਲ ਹੈ। ਇਸੇ ਤਰ੍ਹਾਂ ਪਿਛਲੇ ਦਿਨੀਂ ਸਥਾਨਕ ਮੋਦੀ ਕਾਲਜ ਚੌਂਕ 'ਤੇ ਦੁਰਘਟਨਾਗ੍ਰਸਤ ਹੋਏ ਪੀ. ਸੀ. ਐਸ. ਅਫਸਰ ਦੇ ਚਾਰ ਪਹੀਆ ਪ੍ਰਾਈਵੇਟ ਵਾਹਨ ਨੂੰ ਜਦੋਂ ਭਾਰਤ ਸਰਕਾਰ ਵੱਲੋਂ ਚਲਾਈ ਗਈ ਸਾਈਟ ਐਮ ਪਰਿਵਾਹਨ (ਨੈਕਸਟ ਜੈਨਰੇਸ਼ਨ) 'ਤੇ ਚੈਕ ਕੀਤਾ ਗਿਆ ਤਾਂ ਟ੍ਰਾਂਸਪੋਰਟ ਵਿਭਾਗ ਅੰਦਰ ਚਾਰ ਪਹੀਆ ਵਾਹਨ ਦੀ ਬਜਾਏ ਦੋ ਪਹੀਆ ਵਾਹਨ ਦਾ ਨੰਬਰ ਦਿਖਾਇਆ ਗਿਆ ਹੈ।ਜਿਸ ਦਾ 2013 ਤੋਂ ਬਾਅਦ ਕੋਈ ਬੀਮਾ ਨਹੀਂ ਕਰਵਾਇਆ ਗਿਆ ਅਤੇ ਪ੍ਰਦੂਸ਼ਣ ਵੀ ਨੋਟ ਐਪਲੀਕੇਬਲ ਦਿਖਾ ਰਿਹਾ ਹੈ। ਇੱਥੇ ਹੀ ਬੱਸ ਨਹੀਂ ਜਦੋਂ ਨਗਰ ਨਿਗਮ ਪਟਿਆਲਾ ਦੇ ਵਾਹਨਾਂ ਦਾ ਰੀਅਲ ਚੈਕ ਕੀਤਾ ਗਿਆ ਤਾਂ ਇੱਥੇ ਵੀ ਪੀ. ਬੀ. 11 ਸੀ. ਵੀ. 3345 ਦੀ ਬੋਲੈਰੋ ਗੱਡੀ ਦੀ ਫਿਟਨੈਸ 18 ਮਾਰਚ 2022 ਵਿਚ ਖਤਮ ਹੋ ਚੁੱਕੀ ਹੈ, ਜਿਸ ਦੇ ਟੈਕਸ 31 ਮਾਰਚ 2020 ਤੋਂ ਬਾਅਦ ਭਰੇ ਹੀ ਨਹੀਂ ਗਏ ।ਇਸੇ ਤਰ੍ਹਾਂ ਬੋਲੈਰੋ ਗੱਡੀ 6624 ਦੀ ਫਿਟਨੈਸ 19 ਜੂਨ 2015 ਵਿਚ ਖਤਮ ਹੋ ਚੁੱਕੀ ਹੈ ।ਟੈਕਸ 31 ਮਾਰਚ 2014 ਤੋਂ ਬਾਅਦ ਭਰਿਆ ਹੀ ਨਹੀਂ ਗਿਆ। ਅੰਬੈਸਡਰ 1133 ਦੀ ਫਿਟਨੈਸ 2022 ਵਿਚ ਖਤਮ ਹੋ ਚੁੱਕੀ ਹੈ ਦਾ ਬੀਮਾ ਅਪ੍ਰੈਲ 2025 ਵਿਚ ਖਤਮ ਹੋ ਚੁੱਕਿਆ ਹੈ ਅਤੇ ਪ੍ਰਦੂਸ਼ਣ 2024 ਵਿਚ ਖਤਮ ਹੋ ਚੁੱਕਿਆ ਹੈ।ਇਸੇ ਤਰ੍ਹਾਂ 2780 ਜਿਪਸੀ ਗੱਡੀ ਜੋ ਰਿਕਾਰਡ ਵਿਚ ਮੋਟਰ ਸਾਈਕਲ ਬੋਲਦੀ ਹੈ, ਜਿਸ ਦੀ ਫਿਟਨੈਸ ਸਾਲ 2017 ਵਿਚ ਖਤਮ ਹੋ ਚੁੱਕੀ ਹੈ ਅਤੇ ਬੀਮਾ ਬੋਲਦਾ ਹੀ ਨਹੀਂ ਅਤੇ ਨਾ ਹੀ ਹਾਈ ਸਕਿਓਰਿਟੀ ਨੰਬਰ ਪਲੇਟ ਹੈ। ਇਸੇ ਤਰ੍ਹਾਂ ਹੋਰ ਕਈ ਸਰਕਾਰੀ ਵਾਹਨਾਂ ਦੀ ਇੰਟਰਨੈਟ ਜ਼ਰੀਏ ਚੈਕਿੰਗ ਕਰਨ ਤੋਂ ਪਤਾ ਲੱਗਾ ਹੈ ਕਿ ਇਨਾਂ ਦੀ ਨਾਂ ਹੀ ਫਿਟਨੈਸ ਹੋਈ, ਨਾ ਹੀ ਪ੍ਰਦੂਸ਼ਣ ਮੁਕਤ ਸਰਟੀਫਿਕੇਟ ਅਤੇ ਨਾਂ ਹੀ ਕਿਸੇ ਦਾ ਟੈਕਸ ਮੁਕੰਮਲ ਰੂਪ ਵਿਚ ਭਰਿਆ ਹੋਇਆ ਹੈ। ਇਸੇ ਤਰ੍ਹਾਂ ਟਰਾਂਸਪੋਰਟ ਵਿਭਾਗ ਦੇ ਆਪਣੇ ਵਾਹਨਾਂ ਦੇ ਹੀ ਕਾਗਜ਼ਾਤ ਪੂਰੇ ਨਹੀਂ ਪਰ ਆਮ ਲੋਕਾਂ ਦੇ ਵਾਹਨਾਂ ਦੇ ਕਾਗਜ਼ਾਤਾਂ ਨੂੰ ਲੈ ਕੇ ਭਾਰੀ ਜੁਰਮਾਨੇ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ । ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰਕਾਰੀ ਵਾਹਨਾਂ ਦੀ ਚੈਕਿੰਗ ਕਰਨ ਦਾ ਅਧਿਕਾਰ ਕਿਸ ਅਧਿਕਾਰੀ ਕੋਲ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਸਰਕਾਰ ਦੇ ਕੁਝ ਵਿਭਾਗਾਂ ਦੇ ਵਾਹਨਾਂ ਨੂੰ ਟੈਕਸ ਅਤੇ ਬੀਮਾ ਤੋਂ ਛੋਟ ਪ੍ਰਾਪਤ ਹੈ ਪ੍ਰੰਤੂ ਪ੍ਰਦੂਸ਼ਣ ਮੁਕਤ ਸਰਟੀਫਿਕੇਟ ਅਤੇ ਹਾਈ ਸਕਿਓਰਟੀ ਨੰਬਰ ਪਲੇਟਾਂ ਹਰ ਵਾਹਨ ਲਈ ਜ਼ਰੂਰੀ ਹਨ। ਬਹੁਤੇ ਮੁਲਾਜ਼ਮ ਹਾਲੇ ਵੀ ਡਰਾਈਵਿੰਗ ਲਾਇਸੈਂਸ ਤੋਂ ਬਿਨਾਂ ਹੀ ਵਾਹਨ ਚਲਾਉਂਦੇ ਆਮ ਦੇਖੇ ਜਾ ਸਕਦੇ ਹਨ ਅਤੇ ਜਿਨਾਂ ਕੋਲ ਡਰਾਈਵਿੰਗ ਲਾਇਸੈਂਸ ਹਨ ਵੀ ਤਾਂ ਉਹ ਐਕਸਪਾਇਰ ਜਾਂ ਲੋੜੀਂਦੇ ਮਾਪਦੰਡਾਂ ਤੋਂ ਸੱਖਣੇ ਹੀ ਹੋਣਗੇ।ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਵਾਹਨਾਂ ਦੇ ਕਾਗਜ਼ਾਤਾਂ ਅਤੇ ਟੈਕਸਾਂ ਸੰਬੰਧੀ ਜਦੋਂ ਟ੍ਰਾਂਸਪੋਰਟ ਵਿਭਾਗ ਪਟਿਆਲਾ ਦੇ ਰੀਜਨਲ ਟ੍ਰਾਂਸਪੋਰਟ ਅਫਸਰ (ਆਰ. ਟੀ. ਓ.) ਬਬਨਦੀਪ ਸਿੰਘ ਵਾਲੀਆ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਰਕਾਰੀ ਵਾਹਨ ਟੈਕਸ ਅਤੇ ਬੀਮਾ ਸਰਟੀਫਿਕੇਟ ਤੋਂ ਮੁਕਤ ਹੁੰਦੇ ਹਨ । ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕੋਈ ਸਰਕਾਰੀ ਵਾਹਨ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਵਾਹਨ ਦਾ ਡਰਾਇਵਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

## ਕਾਕਾ ਬਰਾੜ ਵੱਲੋਂ ਸੰਗਤਾਂ ਨੂੰ ਲਾਈਟ ਐਂਡ ਸਾਊਂਡ ਸਮਾਗਮ 'ਚ ਸ਼ਮੂਲੀਅਤ ਲਈ ਅਪੀਲ

**ਸ੍ਰੀ ਮੁਕਤਸਰ ਸਾਹਿਬ ( ਸਮਿੰਦਰ ਪਾਲ /ਪੂਜਾ)**- ਸ੍ਰੀ ਮੁਕਤਸਰ ਸਾਹਿਬ ਵਿਧਾਨ ਸਭਾ ਹਲਕੇ ਦੇ ਵਿਧਾਇਕ . ਜਗਦੀਪ ਸਿੰਘ ਕਾਕਾ ਬਰਾੜ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 14 ਨਵੰਬਰ ਸ਼ਾਮ 6 ਤੋਂ 8 ਵਜੇ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿੱਚ ਆਯੋਜਿਤ ਲਾਈਟ ਐਂਡ ਸਾਊਂਡ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ।ਇਹ ਸਮਾਗਮ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਤੇ ਬਾਬਾ ਜੈਤਾ ਜੀ ਆਦਿ ਮਹਾਨ ਸ਼ਹੀਦਾਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਹੈ।ਕਾਕਾ ਬਰਾੜ ਨੇ ਕਿਹਾ ਕਿ ਇਹ ਸਮਾਗਮ ਸਾਨੂੰ ਆਪਣੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਅਮਰ ਕੁਰਬਾਨੀਆਂ ਨੂੰ ਯਾਦ ਕਰਨ ਦਾ ਇਕ ਅਨਮੋਲ ਮੌਕਾ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਰੌਸ਼ਨੀ ਅਤੇ ਆਵਾਜ਼ ਦੇ ਇਸ ਵਿਲੱਖਣ ਪ੍ਰੋਗਰਾਮ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਧਰਮ ਲਈ ਕੀਤੀ ਬਲਿਦਾਨਮਈ ਜੀਵਨ ਕਥਾ ਨੂੰ ਦਰਸਾਇਆ ਜਾਵੇਗਾ, ਜੋ ਹਰ ਉਮਰ ਦੇ ਲੋਕਾਂ, ਖ਼ਾਸ ਤੌਰ 'ਤੇ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਬਣੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਸਮਾਗਮਾਂ ਰਾਹੀਂ ਲੋਕਾਂ ਨੂੰ ਆਪਣੇ ਇਤਿਹਾਸ, ਧਾਰਮਿਕ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਨ ਦਾ ਉਦੇਸ਼ ਹੈ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸਾਰੇ ਜ਼ਿਲ੍ਹਾ ਵਾਸੀਆਂ, ਵਿਦਿਆਰਥੀਆਂ, ਅਧਿਆਪਕਾਂ, ਸਮਾਜ ਸੇਵਕਾਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਵਾਰ ਸਮੇਤ ਇਸ ਪਵਿੱਤਰ ਤੇ ਇਤਿਹਾਸਕ ਯਾਦਗਾਰ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਇਸ ਨੂੰ ਸਫਲ ਬਣਾਉਣ।



13-Nov Page 11-Majha-25.qxd 11/12/2025 10:55 PM Page 1



# ਵਿਧਾਇਕ ਰੰਧਾਵਾ ਨੇ ਪੰਜ ਪਿੰਡਾਂ ਦੇ ਕਿਸਾਨਾਂ ਨੂੰ 3 ਕਰੋੜ ਤੋਂ ਵੱਧ ਦੀ ਰਾਹਤ ਰਾਸ਼ੀ ਵੰਡੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਤਹਿਤ ਪੰਜਾਬ ਸਰਕਾਰ ਹਰੇਕ ਹੜ੍ਹ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਦੇਣਾ ਯਕੀਨੀ ਬਣਾ ਰਹੀ ਹੈ ਅਤੇ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਜਲਦ ਹੀ ਹਰੇਕ ਹੜ੍ਹ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪਾਇਆ ਜਾਵੇ ਤਾਂ ਜੋ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਹੋ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਸ: ਗੁਰਦੀਪ ਸਿੰਘ ਰੰਧਾਵਾ ਨੇ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਪਿੰਡ ਸ਼ਾਹਪੁਰ ਗੋਰਾਇਆ, ਭਗਤਾਣਾ ਤੁਲੀਆਂ, ਅਗਵਾਨ, ਸ਼ਕਰੀ ਅਤੇ ਮਛਰਾਲਾ ਦੇ 935 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ 3 ਕਰੋੜ 71 ਲੱਖ 69404 ਰੁਪਏ ਰੁਪਏ ਦੇ ਫਸਲਾਂ ਦੇ ਖਰਾਬੇ ਦੀ ਰਾਸ਼ੀ ਵੰਡਣ ਉਪਰੰਤ ਕੀਤਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪੀੜਤਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਅਤੇ ਉਸੇ ਸਮੇਂ ਹੀ ਉਨ੍ਹਾਂ ਦੇ ਮੁਸ਼ਕਿਲ ਦਾ ਹੱਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਹਲਕੇ ਅੰਦਰ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨੂੰ ਪਹਿਲਾਂ ਵੀ ਮੁਆਵਜ਼ਾ ਰਾਸ਼ੀ ਦੀ ਵੰਡ ਕੀਤੀ ਜਾ ਚੁੱਕੀ ਹੈ।ਸ: ਰੰਧਾਵਾ ਨੇ ਪੀੜਤ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਬੰਧਤ ਪਟਵਾਰੀ ਨਾਲ ਮਿਲ ਕੇ ਆਪਣੇ ਬੈਂਕ ਖਾਤੇ, ਆਈ.



ਐੱਫ. ਸੀ. ਕੋਡ ਅਤੇ ਆਧਾਰ ਕਾਰਡ ਜ਼ਰੂਰ ਦਰੁਸਤ ਕਰਵਾਉਣ ਤਾਂ ਜੋ ਅਦਾਇਗੀ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਜਿਨਾਂ ਨੂੰ ਮੁਆਵਜ਼ਾ ਰਾਸ਼ੀ ਨਹੀਂ ਮਿਲੀ ਉਹ ਆਪਣੇ ਪਿੰਡ ਦੇ ਸਬੰਧਤ ਪਟਵਾਰੀ ਨਾਲ ਰਾਬਤਾ ਕਾਇਮ ਕਰਨ ਤਾਂ ਜੋ ਉਨ੍ਹਾਂ ਦੀ ਮੁਆਵਜ਼ਾ ਰਾਸ਼ੀ ਬੈਂਕ ਖਾਤਿਆਂ ਵਿੱਚ ਪਾਈ ਜਾ ਸਕੇ।ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਤੁਰੰਤ ਮੇਰੇ ਨਾਲ ਸੰਪਰਕ ਸਥਾਪਿਤ ਕਰੋ, ਹਰੇਕ ਹੜ੍ਹ ਪੀੜ੍ਹਤ ਪਰਿਵਾਰ ਨੂੰ ਬਣਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਵੇਗੀ।ਇਸ ਮੌਕੇ ਬੀਡੀਪੀਓ ਅਮਨਦੀਪ ਕੌਰ, ਐੱਸਐੱਚਓ ਅਸ਼ੋਕ ਕੁਮਾਰ ਸ਼ਰਮਾ, ਸੁਖਜਿੰਦਰ ਸਿੰਘ ਤੋਂ ਇਲਾਵਾ ਪਿੰਡਾਂ ਦੇ ਪੰਚ, ਸਰਪੰਚ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪਤੀ-ਪਤਨੀ ਦੀ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਦਰ ਗੁਰਦਾਸਪੁਰ ਪੁਲਿਸ ਨੇ ਕੁੱਟਮਾਰ ਕਰਨ ਵਾਲੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸੁਖਦੇਵ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪੁਰੋਵਾਲ ਜੱਟਾ ਨੇ ਦੱਸਿਆ ਮਿਤੀ 7 ਨਵੰਬਰ ਨੂੰ ਮੈਂ ਪਰਿਵਾਰ ਸਮੇਤ ਆਪਣੇ ਘਰ ਮੌਜੂਦ ਸੀ ਕਿ ਦੁਪਹਿਰ ਕਰੀਬ 3.30 ਵਜੇ ਤਿੰਨ ਮੋਟਰਸਾਈਕਲਾਂ 'ਤੇ ਜਗਦੀਪ ਸਿੰਘ ਪੁੱਤਰ ਮੇਵਾ ਸਿੰਘ, ਮੇਵਾ ਸਿੰਘ ਪੁੱਤਰ ਜਸਵੰਤ ਸਿੰਘ, ਅਰਜਨ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਕਲਿਆਣਪੁਰ ਅਤੇ 7/8 ਨਾ-ਮਾਲੂਮ ਵਿਅਕਤੀ ਸਵਾਰ ਹੋ ਕੇ ਆਏ, ਗਲੀ ਵਿਚ ਰੌਲਾ ਸੁਣ ਕੇ ਜਦ ਮੈਂ ਬਾਹਰ ਗਿਆ ਤਾਂ ਉਕਤ ਵਿਅਕਤੀਆਂ ਨੇ ਦਸਤੀ ਹਥਿਆਰਾਂ ਮੈਨੂੰ ਅਤੇ ਮੇਰੀ ਪਤਨੀ ਹਰਭਜਨ ਕੌਰ ਨੂੰ ਜਖਮੀ ਕਰ ਦਿੱਤਾ। ਪੀੜਤ ਦੇ ਬਿਆਨ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਕੁੱਟਮਾਰ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## 9 ਗਰਾਮ ਹੈਰੋਇਨ ਸਮੇਤ ਵਿਅਕਤੀ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਇਕ ਵਿਅਕਤੀ ਨੂੰ ਨਸ਼ੇ ਸਮੇਤ ਕਾਬੂ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ. ਆਈ. ਸੋਮ ਲਾਲ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਨੇੜੇ ਮਿਲਕ ਪਲਾਂਟ ਤੋਂ ਸਾਜਨ ਉਰਫ਼ ਕੁੱਤੂ ਪੁੱਤਰ ਮਨੋਹਰ ਲਾਲ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈੱਕ ਕੀਤਾ ਜਿਸ ਵਿਚੋਂ 9 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਉਕਤ ਨਸ਼ਾ ਤਸਕਰ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜੱਗੂ ਭਗਵਾਨਪੁਰੀਆ ਗੈਂਗ ਦਾ ਸਰਗਰਮ ਮੈਂਬਰ ਗ੍ਰਿਫ਼ਤਾਰ; ਦੋ ਆਧੁਨਿਕ ਪਿਸਤੌਲ ਬਰਾਮਦ

## * ਅਸਲਾ ਐਕਟ, ਚੋਰੀ, ਠੱਗੀ ਆਦਿ ਮਾਮਲਿਆਂ 'ਚ ਸ਼ਾਮਲ ਸੀ ਮੁਲਜ਼ਮ

ਬਟਾਲਾ, (ਡਾ. ਮਲਵਿੰਦਰ ਸਿੰਘ)-ਗੈਂਗਸਟਰ ਵਿਰੋਧੀ ਟਾਸਕ ਫੋਰਸ (ਏਜੀਟੀਐੱਫ) ਪੰਜਾਬ ਨੇ ਬਟਾਲਾ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਜੱਗੂ ਭਗਵਾਨਪੁਰੀਆ ਗੈਂਗ ਦੇ ਇੱਕ ਸਰਗਰਮ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਦੇ ਕਬਜ਼ੇ 'ਚੋਂ ਦੋ ਆਧੁਨਿਕ ਪਿਸਤੌਲ ਬਰਾਮਦ ਕੀਤੇ ਹਨ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਲਵ ਸਿੰਘ ਉਰਫ਼ ਲਵ ਰੰਧਾਵਾ ਵਾਸੀ ਉਜਾਗਰ ਨਗਰ ਬਟਾਲਾ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ ਜ਼ਿਗਾਨਾ ਪਿਸਤੌਲ ਸਮੇਤ ਮੈਗਜ਼ੀਨ ਅਤੇ ਤਿੰਨ ਜ਼ਿੰਦਾ ਕਾਰਤੂਸ ਅਤੇ ਇੱਕ.30 ਬੋਰ ਪਿਸਤੌਲ ਸਮੇਤ ਦੋ ਮੈਗਜ਼ੀਨ ਤੇ 13 ਜ਼ਿੰਦਾ ਕਾਰਤੂਸ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰ ਅੰਮ੍ਰਿਤ ਦਾਲਮ ਦੇ ਨਿਰਦੇਸ਼ਾਂ 'ਤੇ ਕੰਮ ਕਰਦਾ ਸੀ।ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ



ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਏਜੀਟੀਐੱਫ ਦੇ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਏਡੀਜੀਪੀ) ਪ੍ਰਮੋਦ ਬਾਨ ਨੇ ਦੱਸਿਆ ਕਿ ਪੁਖ਼ਤਾ ਇਤਲਾਹ 'ਤੇ ਕਾਰਵਾਈ ਕਰਦੇ ਹੋਏ ਡੀਐੱਸਪੀ ਏਜੀਟੀਐੱਫ ਰਾਜਨ ਪਰਮਿੰਦਰ ਦੀ ਅਗਵਾਈ ਹੇਠ ਏਜੀਟੀਐੱਫ ਦੀਆਂ ਪੁਲਸ ਟੀਮਾਂ ਨੇ ਬਟਾਲਾ ਪੁਲਸ ਨਾਲ ਸਾਂਝੀ ਕਾਰਵਾਈ ਤਹਿਤ ਬਟਾਲਾ ਦੇ 60- ਫੁੱਟੇ ਕਾਦੀਆਂ ਰੋਡ ਦੇ ਟੀ-ਪੁਆਇੰਟ ਤੋਂ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ।ਸੀਨੀਅਰ ਪੁਲਸ ਸੁਪਰਡੈਂਟ (ਐੱਸਐੱਸਪੀ) ਬਟਾਲਾ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਮੁਲਜ਼ਮ ਗੁਰਲਵ ਉਰਫ਼ ਲਵ ਰੰਧਾਵਾ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਅਸਲਾ ਐਕਟ, ਚੋਰੀ-ਠੱਗੀ ਅਤੇ ਮਨੁੱਖੀ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਮਾਮਲਿਆਂ ਵਿੱਚ ਸ਼ਾਮਲ ਹੈ।ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਹੋਰ ਜਾਂਚ ਜਾਰੀ ਹੈ।ਇਸ ਸਬੰਧ ਵਿੱਚ ਬਟਾਲਾ ਦੇ ਸਿਵਲ ਲਾਈਨਜ਼ ਪੁਲਸ ਸਟੇਸ਼ਨ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐੱਫਆਈਆਰ ਨੰਬਰ 342 ਮਿਤੀ 11.11.2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਫਰੀਡਮ ਫਾਈਟਰ ਪਰਿਵਾਰਾਂ ਵੱਲੋਂ ਲਾਧੂਪੁਰ ਵਿਖੇ ਮਹੀਨਾਵਾਰ ਮੀਟਿੰਗ

## * ਬਿਜਲੀ ਬੋਰਡ ਦੀਆਂ ਜਾਇਦਾਦਾਂ ਤੇ ਯੂਨੀਵਰਸਿਟੀ ਦਾ ਮੌਜੂਦਾ ਸਿਸਟਮ ਬਹਾਲ ਰੱਖਣ ਦੀ ਕੀਤੀ ਹਮਾਇਤ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਆਲ ਇੰਡੀਆ ਫਰੀਡਮ ਫਾਈਟਰ ਫੈਮਲੀ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਪ੍ਰਧਾਨ ਬਖਤਾਵਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਦੇ ਤਕਰੀਬਨ 60 ਦੇ ਕਰੀਬ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਫਰੀਡਮ ਫਾਈਟਰਾਂ ਦੇ ਉੱਤਰਾ ਅਧਿਕਾਰੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਮੌਜੂਦਾ ਹਾਲਾਤ ਉੱਤੇ ਖੁੱਲ੍ਹ ਕੇ ਵਿਚਾਰ ਚਰਚਾ ਕਰਦੇ ਹੋਏ ਹਰੇਕ ਮੈਂਬਰ ਨੇ ਆਪਣੇ ਵਿਚਾਰ ਰੱਖੇ।ਇਸ ਮੌਕੇ ਪ੍ਰਧਾਨ ਬਖਤਾਵਰ ਸਿੰਘ ਨੇ ਜਥੇਬੰਦੀ ਦਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ/ਬਿਜਲੀ ਬੋਰਡ ਦੀਆਂ ਜੋ ਜਾਇਦਾਦਾਂ ਵੇਚਣ ਜਾ ਰਹੀ ਹੈ, ਸਾਡੀ ਸੰਸਥਾ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਾਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਜੋ ਜਾਇਦਾਦਾਂ ਪਬਲਿਕ ਹਿੱਤ ਵਿੱਚ ਰੱਖੀਆਂ ਗਈਆਂ ਹਨ, ਉਹਨਾਂ ਨੂੰ ਨਾ ਵੇਚਿਆ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੌਜੂਦਾ ਹੋਂਦ ਨੂੰ ਬਰਕਰਾਰ ਰੱਖਣ ਵਾਸਤੇ ਵਿਦਿਆਰਥੀ ਜਥੇਬੰਦੀਆਂ ਅਤੇ ਸਮੁੱਚਾ ਚੇਤਨ ਵਰਗ ਚਿੰਤਾ ਦੇ ਆਲਮ ਵਿੱਚੋਂ ਗੁਜ਼ਰ ਰਿਹਾ ਹੈ।ਕੇਂਦਰ ਦੀ ਸਰਕਾਰ ਇਸ ਦਾ ਡੈਮੋਕਰੇਟਿਕ ਸਿਸਟਮ ਬਦਲ ਕੇ ਮਨ ਮਰਜ਼ੀ ਤੇ ਉੱਤਰੀ ਹੋਈ ਹੈ



ਅਤੇ ਸਿੱਖਿਆ ਦਾ ਭਗਵਾਂਕਰਨ ਕਰਨ ਵਾਸਤੇ ਤਿਆਰੀ ਕਰ ਰਹੀ ਹੈ।ਬੁਲਾਰਿਆਂ ਨੇ ਕਿਹਾ ਕਿ ਜਥੇਬੰਦੀ ਪੰਜਾਬ ਯੂਨੀਵਰਸਿਟੀ ਦਾ ਮੌਜੂਦਾ ਸਿਸਟਮ ਬਹਾਲ ਰੱਖਣ ਵਾਸਤੇ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੇ ਨਾਲ ਖੜੀ ਹੈ ਅਤੇ ਕੇਂਦਰ ਸਰਕਾਰ ਦੇ ਇਸ ਕਦਮ ਦੀ ਵਿਰੋਧਤਾ ਕਰਦੀ ਹੈ।ਇਸ ਮੌਕੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਗਿਆ ਕਿ ਫਰੀਡਮ ਫਾਈਟਰ ਪਰਿਵਾਰਾਂ ਦੇ ਉੱਤਰਾ ਅਧਿਕਾਰੀਆਂ ਨੂੰ ਆਪਣੇ ਜਾਇਜ਼ ਕੰਮਾਂ ਵਾਸਤੇ ਅਤੇ ਆਪਣੇ ਬਣਦੇ ਹੱਕ ਲੈਣ ਵਾਸਤੇ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ, ਪਰ ਸਰਕਾਰ ਕੋਈ ਵੀ ਹਾਂ ਪੱਖੀ ਹੁੰਗਾਰਾ ਨਹੀਂ ਭਰ ਰਹੀ ਅਤੇ ਨਾ ਹੀ ਏਸ ਭਰਾਤ ਪਰਿਵਾਰਾਂ ਦੀ ਸਰਕਾਰੇ ਦਰਬਾਰੇ ਸੁਣਵਾਈ ਕਰ ਰਹੀ ਹੈ। ਸਮੂਹ ਜਥੇਬੰਦੀ ਇਸ ਵਤੀਰੇ ਦੀ ਸਖਤ ਨਿੰਦਾ ਕਰਦੀ ਹੈ।ਇਸ ਮੀਟਿੰਗ ਦੀ ਸਮੁੱਚੀ ਕਾਰਵਾਈ ਜਥੇਬੰਦੀ ਦੇ ਜਨਰਲ ਸਕੱਤਰ ਰਿਟਾਇਰਡ ਪ੍ਰਿੰਸੀਪਲ ਸੁਲੱਖਣ ਸਿੰਘ ਗੁਰਾਇਆ ਵੱਲੋਂ ਸੰਚਾਲਤ ਕੀਤੀ ਗਈ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਠਾਕੁਰ ਕਸ਼ਮੀਰ ਸਿੰਘ, ਦਲਬੀਰ ਸਿੰਘ, ਕੈਪਟਨ ਤਰਸੇਮ ਸਿੰਘ, ਸੁਖਦੇਵ ਸਿੰਘ ਬੁੱਟਰ, ਲੱਕੀ ਰੰਧਾਵਾ, ਤਰਸੇਮ ਸਿੰਘ ਪਠਾਨਕੋਟ, ਯੁੱਧਵੀਰ ਸਿੰਘ, ਬਲਵੀਰ ਸਿੰਘ, ਸਰਵਨ ਸਿੰਘ, ਪੰਕਜ ਸਿੰਘ, ਪਿਆਰਾ ਸਿੰਘ, ਹੀਰਾ ਸਿੰਘ, ਸਤਨਾਮ ਸਿੰਘ, ਕਰਮ ਸਿੰਘ, ਰਜਨੀਸ਼ ਕੁਮਾਰ, ਸਰਦਾਰੀ ਲਾਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

# ਟਿੱਪਰ ਨਾਲ ਹੋਏ ਹਾਦਸੇ 'ਚ ਮੋਟਰਸਾਈਕਲ ਸਵਾਰ ਦੀ ਮੌਤ

ਮਜੀਠਾ (ਸੋਇਮ ਆਨੰਦ)-ਮਜੀਠਾ ਤੋਂ ਸੋਹੀਆਂ ਕਲਾਂ ਜਾਂਦੀ ਸੜਕ ਤੇ ਇੱਕ ਟਿੱਪਰ ਟਰੱਕ ਦੀ ਫੇਟ ਵੱਜਣ ਨਾਲ ਇੱਕ ਮੋਟਰ ਸਾਈਕਲ ਸਵਾਰ ਵਿਅਕਤੀ ਦੀ ਮੌਤ



ਹੋਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਲਖਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਜੇਠੂਨੰਗਲ ਆਪਣੇ ਮੋਟਰਸਾਈਕਲ ਹੀਰੋ ਹਾਂਡਾ ਨੰਬਰ ਪੀਬੀ02/ਈ.ਡੀ./4770 ਤੇ ਸਵਾਰ ਹੋ ਕੇ ਮਜੀਠਾ ਤੋਂ ਆਪਣੇ ਪਿੰਡ ਜਾ ਰਿਹਾ ਸੀ। ਰਸਤੇ ਵਿੱਚ ਇੱਕ ਟਿੱਪਰ (ਟਰੱਕ) ਨੰਬਰ ਪੀਬੀ/06/ਵੀ/4636 ਜਿਸ ਨੂੰ ਅਵਤਾਰ ਸਿੰਘ ਵਾਸੀ ਪਿੰਡ ਵਰਿਆਮ ਨੰਗਲ ਚਲਾ ਰਿਹਾ ਸੀ, ਨਾਲ ਟਕਰਾ ਜਾਣ ਕਾਰਣ ਮੋਟਰ ਸਾਈਕਲ ਸਵਾਰ ਸੜਕ 'ਤੇ ਡਿੱਗ ਪਿਆ ਅਤੇ ਗੰਭੀਰ ਰੂਪ ਵਿਚ ਜਖਮੀ ਹੋ ਗਿਆ।

ਜ਼ਖਮੀ ਲਖਵਿੰਦਰ ਸਿੰਘ ਨੂੰ ਤੁਰੰਤ ਮਜੀਠਾ ਵਿਖੇ ਨਿੱਜੀ ਹਸਪਤਾਲ ਲਿਜਾਇਆ ਗਿਆ ਪਰ ਸੱਟਾਂ ਜ਼ਿਆਦਾ ਗੰਭੀਰ ਹੋਣ ਕਰਕੇ ਉਸ ਨੂੰ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ ਜਿਥੇ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਮੋਟਰਸਾਈਕਲ ਸਵਾਰ ਲਖਵਿੰਦਰ ਸਿੰਘ ਦੀ ਮੌਤ ਹੋ ਗਈ।ਇਸ ਦੌਰਾਨ ਥਾਣਾ ਮਜੀਠਾ ਤੋਂ ਏਐੱਸਆਈ ਕੁਲਦੀਪ ਸਿੰਘ ਦੀ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਟਿੱਪਰ ਟਰੱਕ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

# ਦਰਪੇਸ਼ ਮੁਸ਼ਕਲਾਂ ਨੂੰ ਲੈ ਕੇ ਮੈਡੀਕਲ ਪ੍ਰੈਕਟੀਸ਼ਨਰ ਹੋਏ ਇਕੱਠੇ

ਧਾਰੀਵਾਲ/ਹਰਚੋਵਾਲ, (ਮਨਦੀਪ ਸਿੰਘ ਵਿੱਕੀ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਰਕਲ ਹਰਚੋਵਾਲ ਦੀ ਮੀਟਿੰਗ ਗੁਰਦੁਆਰਾ ਘੱਲੂਘਾਰਾ ਸਾਹਿਬ ਵਿਖੇ ਸਰਕਲ ਪ੍ਰਧਾਨ ਡਾਕਟਰ ਗੁਰਨੇਕ ਸਿੰਘ ਹਰਚੋਵਾਲ ਦੀ ਪ੍ਰਧਾਨਗੀ ਅਤੇ ਜਨਰਲ ਸਕੱਤਰ ਡਾਕਟਰ ਸਤਨਾਮ ਸਿੰਘ ਕੰਡੀਲਾ ਦੀ ਅਗਵਾਈ ਵਿੱਚ ਹੋਈ।



ਮੀਟਿੰਗ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਆਉਂਦੀਆਂ ਮੁਸ਼ਕਲਾਂ ਅਤੇ ਜਥੇਬੰਦੀ ਦੀ ਮਜ਼ਬੂਤੀ ਲਈ ਡਾਕਟਰ ਸਾਥੀਆਂ ਦੀ ਮੀਟਿੰਗ ਵਿੱਚ ਗਿਣਤੀ ਵਧਾਉਣ ਪ੍ਰਤੀ ਵਿਚਾਰ ਵਟਾਂਦਰਾ ਕੀਤਾ ਗਿਆ। ਬੁਲਾਰਿਆਂ ਨੇ ਡਾਕਟਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਤੇ ਸਿਧਾਂਤਾਂ ਅਨੁਸਾਰ ਹੱਕ ਸੱਚ ਦੀ ਕਿਰਤ ਕਰਕੇ ਜੀਵਨ ਨੂੰ ਨਿਰਬਾਹ ਕਰਨ ਦੀ ਗੱਲ ਆਖੀ। ਐਸੋਸੀਏਸ਼ਨ ਦੇ ਆਗੂਆਂ ਨੇ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣਾ ਵਾਲਿਆਂ ਦੀ ਬਰਸੀ ਮੌਕੇ ਲਗਾਏ ਮੁਫ਼ਤ ਮੈਡੀਕਲ ਕੈਂਪ ਵਿੱਚ ਪਹੁੰਚ ਕੇ ਸੇਵਾਵਾਂ ਨਿਭਾਉਣ ਵਾਲੇ ਡਾਕਟਰ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਬਾਕੀ ਡਾਕਟਰ ਸਾਥੀਆਂ ਨੂੰ ਵੀ ਅਜਿਹੀ ਸੇਵਾ ਨਿਭਾਉਣ ਪ੍ਰਤੀ ਕਿਹਾ ਗਿਆ।

ਮੀਟਿੰਗ ਵਿੱਚ ਸਰਕਲ ਪ੍ਰਧਾਨ ਡਾਕਟਰ ਗੁਰਨੇਕ ਸਿੰਘ ਹਰਚੋਵਾਲ, ਜਨਰਲ ਸਕੱਤਰ ਡਾਕਟਰ ਸਤਨਾਮ ਸਿੰਘ ਕੰਡੀਲਾ, ਸੂਬਾ ਸੀਨੀਅਰ ਮੀਤ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਿਲਾ ਲਾਲ ਸਿੰਘ, ਜ਼ਿਲ੍ਹਾ ਪ੍ਰਧਾਨ ਡਾਕਟਰ ਪਿਆਰਾ ਸਿੰਘ ਹੰਬੋਵਾਲ, ਜਨਰਲ ਸਕੱਤਰ ਡਾਕਟਰ ਭੁਪਿੰਦਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਡਾਕਟਰ ਦਿਲਬਾਗ ਸਿੰਘ ਪੰਨੂ, ਮੀਤ ਪ੍ਰਧਾਨ ਡਾਕਟਰ ਬਲਵੀਰ ਸਿੰਘ ਭਿੰਡਰ, ਡਾਕਟਰ ਬਲਵਿੰਦਰ ਸਿੰਘ ਕੋਟਲੀ, ਡਾਕਟਰ ਬੂਟਾ ਸਿੰਘ ਭਾਗੀ ਨੰਗਲ, ਡਾਕਟਰ ਸੀਨੀਅਰ ਮੀਤ ਪ੍ਰਧਾਨ ਡਾਕਟਰ ਦਿਲਬਾਗ ਸਿੰਘ ਪੰਨੂ , ਕੈਸ਼ੀਅਰ ਡਾਕਟਰ ਰਸ਼ਪਾਲ ਸਿੰਘ ਵਰਿਆਂ, ਡਾਕਟਰ ਬੂਟਾ ਸਿੰਘ ਭਾਗੀਨੰਗਲ , ਮੁੱਖ ਬੁਲਾਰਾ ਡਾਕਟਰ ਸੰਤੋਖ ਸਿੰਘ ਲੀਲ ਕਲਾਂ, ਪ੍ਰੈੱਸ ਸਕੱਤਰ ਡਾਕਟਰ ਸਰਬਜੀਤ ਸਿੰਘ ਭਿੰਡਰ, ਮੁੱਖ ਸਲਾਹਕਾਰ ਡਾਕਟਰ ਬਲਦੇਵ ਸਿੰਘ ਮਠੋਲਾ, ਸਹਾਇਕ ਸਲਾਹਕਾਰ ਡਾਕਟਰ ਸਤਨਾਮ ਸਿੰਘ ਮੁੱਲਾਂਪੁਰ, ਸਹਾਇਕ ਕੈਸ਼ੀਅਰ ਡਾਕਟਰ ਭੁਪਿੰਦਰ ਸਿੰਘ ਬਸਰਾਵਾਂ, ਜੁਆਇੰਟ ਸੈਕਟਰੀ ਡਾਕਟਰ ਕੁਲਦੀਪ ਸਿੰਘ ਦਕੋਹਾ ਆਦਿ ਸਮੇਤ ਭਾਰੀ ਗਿਣਤੀ ਵਿੱਚ ਹੋਰ ਵੀ ਡਾਕਟਰ ਹਾਜ਼ਰ ਸਨ।

# ਸੇਂਟ ਵਾਰੀਅਰ ਸਕੂਲ ਦੇ ਵਿਹੜੇ 'ਚ 'ਲੋਕ ਉਤਸਵ ਗੁਰਦਾਸਪੁਰ-2025' ਦਾ ਦੂਸਰਾ ਦਿਨ

## * ਵੱਖੋ-ਵੱਖ ਰਾਜਾਂ ਦੇ ਕਲਾਕਾਰਾਂ ਨੇ ਆਪੋ-ਆਪਣੇ ਸੱਭਿਆਚਾਰ ਦੇ ਬਿਖੇਰੇ ਵੰਨ-ਸੁਵੰਨੇ ਰੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਫੋਕ ਆਰਟਸ ਸੈਂਟਰ ਗੁਰਦਾਸਪੁਰ ਵੱਲੋਂ ਨੌਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਕਮਿਸ਼ਨਰ ਆਫ ਯੂਥ ਐਕਟੀਵਿਟੀ ਗਾਂਧੀ ਨਗਰ, ਜੰਮੂ-ਕਸ਼ਮੀਰ ਆਰਟ ਕਲਚਰ ਐਂਡ ਲੈਂਗੁਏਜ ਅਕੈਡਮੀ ਵੱਲੋਂ ਸੇਂਟ ਵਾਰੀਅਰ ਸਕੂਲ ਕਾਦੀਆਂ ਵਿਖੇ ਲੋਕ ਉਤਸਵ ਗੁਰਦਾਸਪੁਰ-2025 ਕਰਵਾਇਆ ਗਿਆ।

ਲੋਕ ਉਤਸਵ ਗੁਰਦਾਸਪੁਰ ਦਾ ਇਹ ਦੂਸਰਾ ਦਿਨ ਸੀ।ਪ੍ਰੋਗਰਾਮ ਵਿੱਚ ਸਰਦਾਰ ਫਤਿਹ ਜੰਗ ਸਿੰਘ ਬਾਜਵਾ ਵਾਈਜ਼ ਪ੍ਰੈਜ਼ੀਡੈਂਟ ਬੀਜੇਪੀ ਪੰਜਾਬ ਬਚਾਓ ਮੁੱਖ ਮਹਿਮਾਨ ਵਜੋਂ ਪਧਾਰੇ।ਸੱਜਣ ਸਿੰਘ ਧੰਦਲ ਚੇਅਰਮੈਨ ਸੇਂਟ ਵਾਰੀਅਰ ਸਕੂਲ ਕਾਦੀਆਂ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।



ਕਲਾਕਾਰਾਂ ਨੇ ਆਪੋ ਆਪਣੇ ਰਾਜ ਦੀ ਸੰਸਕ੍ਰਿਤੀ ਦੀ ਪੇਸ਼ਕਾਰੀ ਕੀਤੀ ਜਿਸ ਵਿੱਚ ਹਿਮਾਚਲ ਤੋਂ ਆਏ ਹੋਏ ਕਲਾਕਾਰਾਂ ਨੇ ਨਾਟੀ ਲੋਕ ਨਾਚ ਪ੍ਰਸਤੁਤ ਕੀਤਾ। ਰਾਜਸਥਾਨ ਤੋਂ ਆਏ ਹੋਏ ਕਲਾਕਾਰਾਂ ਨੇ ਘੂਮਰ ਲੋਕ ਨਾਚ ਪ੍ਰਸਤੁਤ ਕੀਤਾ। ਹਰਿਆਣਾ ਤੋਂ ਆਏ ਹੋਏ ਕਲਾਕਾਰਾਂ ਨੇ ਉਮਰ ਲੋਕ ਨਾਚ ਪੇਸ਼ ਕੀਤਾ। ਜੰਮੂ-ਕਸ਼ਮੀਰ ਦੇ ਕਲਾਕਾਰਾਂ ਨੇ ਰੂਫ ਅਤੇ ਜਾਗਰਣ ਨਾਚ ਦੀ ਪ੍ਰਸਤੁਤੀ ਦਿੱਤੀ। ਗੁਜਰਾਤ ਦੇ ਕਲਾਕਾਰਾਂ ਨੇ ਮੇਵਾਸੀ ਅਤੇ ਹੁਡੂ ਲੋਕ ਨਾਚ ਪ੍ਰਸਤੁਤ ਕੀਤਾ।ਸ. ਫਤਿਹ ਜੰਗ ਸਿੰਘ ਬਾਜਵਾ ਨੇ ਪ੍ਰੋਗਰਾਮ ਦੇ ਅਖੀਰ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਅਤੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਦੇਸ਼ ਦੀ ਸੰਸਕ੍ਰਿਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਇਸ ਮੌਕੇ ਹਰਮਨਪ੍ਰੀਤ ਸਿੰਘ ਡਾਇਰੈਕਟਰ ਪੰਜਾਬ ਫੋਕ ਸੈਂਟਰ ਗੁਰਦਾਸਪੁਰ ਦਾ ਵੀ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਸਰਵਣ ਸਿੰਘ ਡਾਇਰੈਕਟਰ ਸੇਂਟ ਵਾਰੀਅਰ ਸਕੂਲ ਕਾਦੀਆਂ ਨੇ ਉੱਘਾ ਯੋਗਦਾਨ ਦਿੱਤਾ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਭੁਪਿੰਦਰ ਪਾਲ ਸਿੰਘ ਬਿੱਟੀ ਮੈਂਬਰ ਐੱਸ ਐੱਸ ਬੋਰਡ ਪੰਜਾਬ, ਡਾਕਟਰ ਕਮਲ ਜੋਤੀ, ਬੀਜੇਪੀ ਸਪੋਕਸ ਪਰਸਨ ਭੁਪਿੰਦਰ ਸਿੰਘ ਸੈਨੀ ਨੈਨੇਕੋਟ ਤੋਂ ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ।

ਪਰਮਵੀਰ ਸਿੰਘ ਪ੍ਰਿੰਸੀਪਲ ਸੇਂਟ ਵਾਰੀਅਰ ਸਕੂਲ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਬਾਹਰੋਂ ਆਏ ਹੋਏ ਕਲਾਕਾਰਾਂ ਦਾ ਧੰਨਵਾਦ ਕੀਤਾ।ਇਸ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਪੰਜਾਬ ਫੋਕ ਆਰਟ ਸੈਂਟਰ ਗੁਰਦਾਸਪੁਰ ਦੇ ਪ੍ਰਧਾਨ ਅਰਸ਼ਪ੍ਰੀਤ ਸਿੰਘ, ਦਮਨਜੀਤ ਸਿੰਘ ਸੈਕਟਰੀ, ਮੈਂਬਰ ਹਰਮਨਜੋਤ ਸਿੰਘ, ਜਗਬੀਰ ਸਿੰਘ ਨੇ ਆਪਣਾ ਅਹਿਮ ਯੋਗਦਾਨ ਪਾਇਆ।

# ਅੱਜ ਦੇ ਪੁਲਸ ਖਿਲਾਫ ਧਰਨੇ 'ਚ ਭਰਵੀਂ ਸ਼ਮੂਲੀਅਤ ਦਾ ਅਹਿਦ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਡੀਐੱਸਪੀ ਅਜਨਾਲਾ ਦੇ ਝੂਠੇ ਲਾਰੇ ਲੱਪੇ ਅਤੇ ਲਗਾਤਾਰ ਅਜਨਾਲਾ ਪੁਲਸ ਪ੍ਰਸ਼ਾਸਨ ਵੱਲੋਂ ਨਿਰਦੋਸ਼ ਲੋਕਾਂ 'ਤੇ ਬਣਾਏ ਜਾ ਰਹੇ ਝੂਠੇ ਕੇਸ ਅਤੇ ਸੰਗੀਨ ਦੋਸ਼ਾਂ 'ਚ ਨਾਮਜ਼ਦ ਮੁਜਰਮਾਂ ਅਤੇ ਗੈਂਗਸਟਰਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੈ ਜਿਹੜੇ ਆਏ ਦਿਨ ਕੋਈ ਨਾ ਕੋਈ ਨਵੀਂ ਵਾਰਦਾਤ ਨੂੰ ਅੰਜਾਮ ਦੇ ਰਹੇ ਹਨ ਅਤੇ ਨਿਰਦੋਸ਼ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਪਿੰਡ ਪਿੰਡ ਅਜਨਾਲਾ ਪੁਲਸ ਵਿਰੁੱਧ ਗੁੱਸਾ ਵੱਧ ਰਿਹਾ ਹੈ! ਅੱਜ ਇਥੇ ਡਿਆਲ ਭੱਟੀ ਵਿਖੇ ਪੁਲਸ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਫੈਸਲਾ ਕੀਤਾ ਕਿ ਉਹ 13 ਨਵੰਬਰ ਨੂੰ ਪੁਲਸ ਵਿਰੁੱਧ ਲੱਗ ਰਹੇ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਣਗੇ! ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਡਾ. ਸਤਨਾਮ ਸਿੰਘ ਅਜਨਾਲਾ, ਪ੍ਰੋ. ਮਾਲਕ ਸਿੰਘ ਗੁਰਾਲਾ, ਜੱਗਾ ਸਿੰਘ ਡੱਲਾ, ਬਲਵਿੰਦਰ ਸਿੰਘ ਡਿਆਲ ਭੱਟੀ, ਸਤਨਾਮ ਸਿੰਘ ਡਿਆਲ ਭੱਟੀ, ਬਾਬਾ ਗੁਰਦੇਵ ਸਿੰਘ, ਮਹਿੰਦਰ ਸਿੰਘ ਗੁਰਾਲਾ, ਸੰਤੋਖ ਸਿੰਘ ਅਜਨਾਲਾ ਆਦਿ ਨੇ ਵੀ ਮੀਟਿੰਗ ਵਿੱਚ ਆਪਣੇ ਵਿਚਾਰ ਰੱਖੇ।

# ਸੀਵਰੇਜ ਦੇ ਗੰਦੇ ਪਾਣੀ ਨੇ ਧਾਰਿਆ ਨਰਕ ਦਾ ਰੂਪ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)-ਫਤਿਹਗੜ੍ਹ ਚੂੜੀਆਂ ਬੱਦੋਵਾਲ ਸੜਕ 'ਤੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਨਰਕ ਦਾ ਦ੍ਰਿਸ਼ ਬਣਿਆ ਹੋਇਆ ਜਿਸ ਨਾਲ ਲੋਕਾਂ 'ਚ ਹਾਹਾਕਾਰ ਮਚੀ ਹੋਈ ਹੈ।ਇਸ ਸਬੰਧੀ ਸਥਾਨਕ ਲੋਕਾਂ ਅਤੇ ਰਾਹਗੀਰਾਂ ਨੇ ਗੁੱਸੇ ਭਰੇ ਲਹਿਜੇ 'ਚ ਕਿਹਾ ਕਿ ਪਿਛਲੇ ਲੰਮੇ ਸਮੇ ਤੋਂ



ਫਤਿਹਗੜ੍ਹ ਚੂੜੀਆਂ ਦੇ ਬੱਦੋਵਾਲ ਰੋਡ ਉਪਰ ਹਮੇਸ਼ਾ ਗੋਡੇ ਗੋਡੇ ਪਾਣੀ ਖੜ੍ਹਾ ਰਹਿੰਦਾ ਹੈ ਜਿਸ ਨਾਲ ਮੁਹੱਲਾ ਵਾਸੀਆਂ ਅਤੇ ਰਾਹਗੀਰ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਉਹ ਲਮੇ ਸਮੇਂ ਤੋਂ ਸੀਵਰੇਜ ਬੋਰਡ ਨੂੰ ਵੀ ਦਰਖਾਸਤਾਂ ਦੇ ਰਹੇ ਹਨ ਪਰ ਕੋਈ ਵੀ ਸੁਣਵਾਈ ਨਹੀਂ ਹੋ ਰਹੀ।ਮੁਹੱਲਾ ਵਾਸੀਆਂ ਫੌਜੀ ਕਾਲਾ ਮਸੀਹ, ਸੁਰਜੀਤ ਸਿੰਘ ਤਿੱਤਰ, ਵਿੱਕੀ ਮਸੀਹ, ਪੱਪੂ ਮਸੀਹ ਨੇ ਸੀਵਰੇਜ ਬੋਰਡ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕਰਦੇ ਹੋਏ ਕਿਹਾ ਕਿ ਸੜਕ 'ਤੇ ਖੜਦੇ ਗੰਦੇ ਪਾਣੀ ਤੋਂ ਛੁਟਕਾਰਾ ਦਿਵਾਇਆ ਜਾਵੇ।ਇਸ ਸਬੰਧੀ ਸੀਵਰੇਜ ਬੋਰਡ ਦੇ ਜੇ ਈ ਅਮਨ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਸੜਕ 'ਤੇ ਖੜ੍ਹੇ ਗੰਦੇ ਪਾਣੀ ਨੂੰ ਹਟਾਇਆ ਜਾਵੇਗਾ।

# 'ਆਓ ਮਿਲ ਕੇ ਪੰਜਾਬ ਦੀ ਮਿੱਟੀ ਨੂੰ ਮੁੜ ਜੀਵਤ ਕਰੀਏ' ਸਮਾਗਮ ਦਾ ਸਫਲ ਆਯੋਜਨ

ਮਜੀਠਾ (ਸੋਇਮ ਆਨੰਦ)-ਮਜੀਠਾ ਵਿਖੇ ਆਰ. ਜੀ. ਆਰ. ਸੈੱਲ ਟਾਟਾ ਟਰੱਸਟ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਸਮਾਗਮ ਦਾ ਮੁੱਖ ਉਦੇਸ਼ ਆਓ ਮਿਲ ਕੇ ਪੰਜਾਬ ਦੀ ਮਿੱਟੀ ਨੂੰ ਮੁੜ ਜੀਵਤ ਕਰੀਏ।ਇਸ ਸਮਾਗਮ ਵਿਚ ਇਲਾਕੇ ਭਰ ਤੋ ਕਰੀਬ 600 ਕਿਸਾਨਾਂ ਨੇ ਭਾਗ ਲਿਆ।ਜ਼ਿਲ੍ਹਾ ਪੱਧਰੀ ਸਮਾਗਮ ਵਿਚ ਟੀਐੱਨਸੀ ਤੋਂ ਮਿਸ ਅਮਨਦੀਪ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਡਾ: ਰਵਿੰਦਰ ਕੌਰ, ਡਾ: ਰਾਜਨ ਭੱਟ, ਖੇਤੀ ਮਾਹਿਰ ਡਾ: ਸੁਰਜੀਤ ਸਿੰਘ, ਡਾ: ਚੰਦਰ ਮੋਹਨ ਅਤੇ ਡਾ: ਕੁਲਦੀਪ ਸਿੰਘ ਸ਼ੇਰਗਿੱਲ ਮਰਖਾਈ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਇਸ ਮੌਕੇ ਆਰ. ਜੀ. ਆਰ. ਸੈੱਲ ਦੇ ਏਰੀਆ ਮੈਨੇਜਰ ਬਲਜਿੰਦਰ ਸਿੰਘ ਕੰਬੋ ਨੇ ਖੇਤਾਂ ਵਿਚ ਹੀ ਝੋਨੇ ਦੀ ਪਰਾਲੀ ਨੂੰ ਸੁਚੱਜੀ ਸਾਂਭ ਸੰਭਾਲ ਬਾਰੇ ਜਾਣਕਾਰੀ ਸਾਂਝੀ ਕੀਤੀ ਜਿਸ ਤਾਂ ਕਿ ਮਰ ਚੁੱਕੀ ਮਿੱਟੀ ਨੂੰ ਮੁੜ ਜੀਵਤ ਕੀਤਾ ਜਾ ਸਕੇ।ਇਸ ਤੋਂ ਇਲਾਵਾ ਕਣਕ ਦੀ ਫਸਲ ਬਾਰੇ ਅਤੇ ਪਸ਼ੂ ਪਾਲਣ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ।ਸੈੱਲ ਦੇ ਐਗਜ਼ੈਕਟਿਵ ਡਾਇਰੈਕਟਰ ਡਾ: ਬਲਜਿੰਦਰ ਸਿੰਘ ਸੈਣੀ ਅਤੇ ਏਰੀਆ ਮੈਨੇਜ਼ਰ ਕੁਲਬੀਰ ਸਿੰਘ ਬਰਾੜ੍ਹ ਦੀ ਮਿਹਨਤ ਸਦਕਾ ਇਸ ਸਮਾਗਮ ਦਾ ਆਯੋਜਨ ਕਰਾਇਆ



ਗਿਆ।ਸਮਾਗਮ ਵਿਚਾਰ ਵਟਾਂਦਰੇ ਅਤੇ ਵਰਕਸ਼ਾਪ ਕਿਸਾਨਾਂ ਦੇ ਗਿਆਨ ਨੂੰ ਵਧਾਉਣ ਅਤੇ ਆਧੁਨਿਕ ਖੇਤੀਬਾੜੀ ਅਭਿਆਸਾਂ ਨੂੰ ਅਪਨਾਉਣ ਦੇ ਦੁਆਲੇ ਕੇਂਦਰਿਤ ਸੀ।ਮਾਹਿਰਾਂ ਨੇ ਕਿਸਾਨਾਂ ਨਾਲ ਸਫਲਤਾ ਦੀਆਂ ਕਈ ਕਹਾਣੀਆਂ ਵੀ ਸਾਂਝੀਆਂ ਕੀਤੀਆਂ। ਸਥਾਨਕ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀ ਪੈਦਾਵਾਰ ਅਤੇ ਸੰਚਾਲਨ ਕੁਸ਼ਲਤਾਵਾਂ ਨੂੰ ਬਿਹਤਰ ਬਣਾਉਣ ਲਈ ਲੋੜੀਦੇ ਸਾਧਨਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਜੋਧਬੀਰ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਤਰਨ ਤਾਰਨ, ਹਰਕੀਰਤ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਟੀਮ ਦੇ ਐੱਫ. ਏ. ਅਤੇ ਖੇਤ ਦੂਤ ਵੀ ਸ਼ਾਮਲ ਸਨ।

# ਸਮਾਜ ਸੁਧਾਰ ਸੰਸਥਾ ਪੰਜਾਬ ਵੱਲੋਂ ਡੀ ਸੀ ਅੰਮ੍ਰਿਤਸਰ ਨੂੰ ਸਨਮਾਨਿਤ ਕਰਨ ਦਾ ਐਲਾਨ : ਭੋਮਾ

ਮਜੀਠਾ (ਸੋਇਮ ਆਨੰਦ)-ਜ਼ਿਲ੍ਹਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੂੰ ਸਮਾਜ ਸੁਧਾਰ ਸੰਸਥਾ ਪੰਜਾਬ ਵੱਲੋਂ ਸਮਾਜ ਸੁਧਾਰ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੰਸਥਾ ਦੇ ਪੰਜਾਬ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਗੱਲਬਾਤ ਕਰਦਿਆਂ ਕੀਤਾ। ਰਣਜੀਤ ਸਿੰਘ ਭੋਮਾ, ਜਗਦੀਸ਼ ਸਿੰਘ ਵਡਾਲਾ, ਹਰਬੰਸ ਸਿੰਘ ਮੱਲ੍ਹੀ, ਡਾ: ਸੁਖਦੀਪ ਸਿੰਘ ਨਾਗ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇੱਕ ਇਤਿਹਾਸਕ ਫੈਸਲਾ ਲੈਂਦੇ ਹੋਏ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਹਾੜੇ ਦੇ ਸਬੰਧ ਵਿਚ ਅੰਮ੍ਰਿਤਸਰ ਸ਼ਹਿਰ ਵਿਚ ਸਜਾਏ ਜਾਣ ਵਾਲੇ ਨਗਰ ਕੀਰਤਨ ਅਤੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੇ ਸਾਰੇ ਸ਼ਰਾਬ ਦੇ ਠੇਕੇ, ਪਾਨ ਬੀੜੀ ਅਤੇ ਤੰਬਾਕੂ ਆਦਿ ਦੀਆਂ ਦੁਕਾਨਾਂ ਨੂੰ ਨਗਰ ਕੀਰਤਨ ਵਾਲੇ ਰੂਟ ਤੇ ਦੋ ਦਿਨ ਵਾਸਤੇ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਜਿਹੜਾ ਕਿ ਬਹੁਤ ਹੀ ਸਲਾਹੁਣਯੋਗ ਕਦਮ ਹੈ।ਭੋਮਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਅਤੇ ਹੋਰ ਧਾਰਮਿਕ ਜਥੇਬੰਦੀਆਂ ਵੱਲੋਂ ਪਿਛਲੇ ਕਰੀਬ 14 ਸਾਲਾਂ ਤੋਂ ਵੱਖ-ਵੱਖ ਸਮੇਂ 'ਤੇ ਅਰਦਾਸਾਂ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਸਮੇਂ ਸਮੇਂ 'ਤੇ ਡਿਪਟੀ ਕਮਿਸ਼ਨਰਜ਼ ਨੂੰ ਇਸ ਸਬੰਧੀ ਮੰਗ ਪੱਤਰ ਦਿੱਤੇ ਜਾਂਦੇ ਰਹੇ ਹਨ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ ਅਤੇ ਸ਼੍ਰੀ ਹਰਿਮੰਦਰ ਸਾਹਿਬ ਅਤੇ ਸ਼੍ਰੀ ਦੁਰਗਿਆਣਾ ਮੰਦਰ ਨੂੰ ਜਾਂਦੇ ਰਸਤਿਆਂ ਵਿੱਚੋਂ ਸ਼ਰਾਬ ਦੇ ਠੇਕੇ, ਪਾਨ ਬੀੜੀ ਤੇ ਤੰਬਾਕੂ



ਦੀਆਂ ਦੁਕਾਨਾਂ ਨੂੰ ਪੱਕੇ ਤੌਰ 'ਤੇ ਬੰਦ ਕਰਵਾਇਆ ਜਾਵੇ। ਅਜਿਹਾ ਹੀ ਮੰਗ ਪੱਤਰ ਇਸ ਵਾਰ ਡੀਸੀ ਦਲਵਿੰਦਰਜੀਤ ਸਿੰਘ ਨੂੰ ਵੀ ਦਿੱਤਾ ਗਿਆ ਸੀ ਜਿਸ ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਉਨ੍ਹਾਂ ਵੱਲੋਂ ਇਹ ਵੱਡਾ ਅਤੇ ਇਤਿਹਾਸਕ ਫੈਸਲਾ ਲਿਆ ਗਿਆ। ਦੋ ਦਿਨ ਵਾਸਤੇ ਇਨ੍ਹਾਂ ਦੁਕਾਨਾਂ ਨੂੰ ਬੰਦ ਰੱਖਣ ਦੇ ਸਖਤ ਆਦੇਸ਼ ਜਾਰੀ ਕੀਤੇ ਗਏ। ਜਿਹੜਾ ਕਿ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਦੀ ਸੰਸਥਾ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮੁੱਖ ਸਕੱਤਰ, ਮੁੱਖ ਮੰਤਰੀ ਪੰਜਾਬ ਅਤੇ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਦਿੱਤੇ ਗਏ ਹਨ ਕਿ ਅੰਮ੍ਰਿਤਸਰ ਸ਼ਹਿਰ ਨੂੰ ਕਾਸ਼ੀ, ਹਰਿਦੁਆਰ, ਆਯੁੱਧਿਆ, ਕੁਰੂਕਸ਼ੇਤਰ, ਮਥਰਾ ਅਤੇ ਮੱਧ ਪ੍ਰਦੇਸ਼ ਸਥਿਤ ਵੱਖ-ਵੱਖ ਧਰਮ ਅਸਥਾਨਾਂ ਵਾਂਗ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ ਤਾਂ ਕਿ ਦੇਸ਼ ਦੁਨੀਆਂ ਤੋਂ ਇਸ ਸ਼ਹਿਰ ਵਿਚ ਸ਼੍ਰੀ ਹਰਿਮੰਦਰ ਸਾਹਿਰ, ਸ਼੍ਰੀ ਦੁਰਗਿਆਣਾ ਮੰਦਰ ਅਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਆਉਣ ਵਾਲੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਧਾਰਮਿਕ ਆਸਥਾ ਨੂੰ ਕੋਈ ਠੇਸ ਨਾ ਪਹੁੰਚੇ। ਭੋਮਾ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤੇ ਜਾਣ ਤੱਕ ਸੰਸਥਾਂ ਦਾ ਇਹ ਸੰਘਰਸ਼ ਜਾਰੀ ਰਹੇਗਾ।

# ਕਲਾ ਨੂੰ ਸਮਾਜਿਕ ਤਬਦੀਲੀ ਦਾ ਮਾਧਿਅਮ ਬਣਾਉਣ ਕਲਾਕਾਰ : ਤਰੁਣ ਚੁੱਘ

ਛੇਹਰਟਾ, (ਮਨੋਜ ਕੁਮਾਰ) : ਇੰਡੀਅਨ ਅਕੈਡਮੀ ਆਫ਼ ਫਾਈਨ ਆਰਟਸ, ਅੰਮ੍ਰਿਤਸਰ ਵੱਲੋਂ 90ਵੀਂ ਆਲ ਇੰਡੀਆ ਆਰਟ ਪ੍ਰਦਰਸ਼ਨੀ -2025 ਦਾ ਉਦਘਾਟਨ ਤੇ ਇਨਾਮ ਵੰਡ ਸਮਾਰੋਹ ਅਕੈਡਮੀ ਦੀ ਆਰਟ ਗੈਲਰੀ, ਐੱਮ.ਐੱਮ. ਮਾਲਵੀਆ ਰੋਡ, ਅੰਮ੍ਰਿਤਸਰ ਵਿਚ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਸਨ। ਪ੍ਰਦਰਸ਼ਨੀ ਦਾ ਉਦਘਾਟਨ ਕਰਨ ਤੋਂ ਬਾਅਦ ਉਨ੍ਹਾਂ ਨੇ ਪ੍ਰਦਰਸ਼ਿਤ ਕਲਾਕ੍ਰਿਤੀਆਂ ਨੂੰ ਦੇਖਿਆ ਤੇ ਕਲਾਕਾਰਾਂ ਦੀਆਂ ਰਚਨਾਵਾਂ ਦੀ ਸ਼ਲਾਘਾ ਕੀਤੀ। ਆਪਣੇ ਸੰਬੋਧਨ ਵਿਚ ਚੁੱਘ ਨੇ ਕਿਹਾ ਕਿ ਕਲਾ ਸਮਾਜ ਦੀ ਆਤਮਾ ਹੈ ਅਤੇ ਕਲਾਕਾਰ, ਆਪਣੀਆਂ ਰਚਨਾਵਾਂ ਰਾਹੀਂ ਦੇਸ਼ ਦੀ ਸੰਸਕ੍ਰਿਤੀ, ਕਦਰਾਂ-ਕੀਮਤਾਂ ਤੇ ਭਾਵਨਾ ਨੂੰ ਜ਼ਿੰਦਾ ਰੱਖਦੇ ਹਨ। ਚੁੱਘ ਨੇ ਕਿਹਾ ਕਿ ਅੱਜ ਦੀ ਨੌਜਵਾਨੀ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਆਪਣਾ ਭਵਿੱਖ ਬਰਬਾਦ ਕਰ ਰਹੀ ਹੈ। ਉਨ੍ਹਾਂ ਕਲਾਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਕਲਾ ਨੂੰ ਸਮਾਜਿਕ ਤਬਦੀਲੀ ਦਾ ਮਾਧਿਅਮ ਬਣਾਉਣ ਤਾਂ ਜੋ ਪੰਜਾਬ ਦੀ ਨੌਜਵਾਨੀ ਇਸ ਹਨੇਰੇ ਤੇ ਨਸ਼ਿਆਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਜ਼ਿੰਦਗੀ ਨੂੰ ਰੌਸ਼ਨੀ ਵੱਲ ਲੈ ਕੇ ਜਾ ਸਕੇ। ਉਨ੍ਹਾਂ ਕਿਹਾ ਕਿ ਕਲਾ ਸਿਰਫ਼ ਪ੍ਰਗਟਾਵਾ ਨਹੀਂ, ਇਹ ਤਬਦੀਲੀ ਲਈ ਇਕ



ਪ੍ਰੇਰਨਾ ਵੀ ਹੈ ਅਤੇ ਸਾਨੂੰ ਇਸ ਦੀ ਵਰਤੋਂ ਸਮਾਜ ਦੇ ਪੁਨਰ ਨਿਰਮਾਣ ਲਈ ਕਰਨੀ ਚਾਹੀਦੀ ਹੈ। ਇਸ ਮੌਕੇ ਇੰਡੀਅਨ ਅਕੈਡਮੀ ਆਫ਼ ਫਾਈਨ ਆਰਟਸ, ਅੰਮ੍ਰਿਤਸਰ ਦੇ ਆਨਰੇਰੀ ਜਨਰਲ ਸਕੱਤਰ ਪੀ. ਐੱਸ. ਗਰੋਵਰ ਅਤੇ ਪ੍ਰਧਾਨ ਤੇ ਖ਼ਾਲਸਾ ਕਾਲਜ ਦੇ ਆਨਰੇਰੀ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ ਨੇ ਮੁੱਖ ਮਹਿਮਾਨ ਤਰੁਣ ਚੁੱਘ ਦਾ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਸ਼ਿਵਦੇਵ ਸਿੰਘ, ਸਕੱਤਰ (ਵਿਜ਼ੂਅਲ ਆਰਟਸ) ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਰੰਧਾਵਾ ਵੱਲੋਂ 98 ਪੰਚਾਇਤਾਂ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਸਫ਼ਾਈ ਲਈ 2-2 ਲੱਖ ਦੇ ਚੈੱਕ ਤਕਸੀਮ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਆਮ ਆਦਮੀ ਪਾਰਟੀ ਦੇ ਡੇਰਾ ਬਾਬਾ ਨਾਨਕ ਤੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਬਲਾਕ ਡੇਰਾ ਬਾਬਾ ਨਾਨਕ ਦੀਆਂ 98 ਹੜ੍ਹ ਪ੍ਰਭਾਵਿਤ ਪੰਚਾਇਤਾਂ ਦੇ ਸਰਪੰਚਾਂ ਨੂੰ ਪਿੰਡਾਂ ਦੀ ਸਫਾਈ ਕਰਾਉਣ ਲਈ 2-2 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ ।ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਡੇਰਾ ਬਾਬਾ ਨਾਨਕ ਦੇ ਦਫਤਰ ਵਿਖੇ ਕਰਵਾਏ ਗਏ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਤੇ ਬਲਾਕ ਡੇਰਾ ਬਾਬਾ ਨਾਨਕ ਦੇ ਸਮੂਹ ਸਰਪੰਚਾਂ ਤੇ ਪੰਚਾਇਤ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਸਫਾਈ ਕਰਾਉਣ ਲਈ 98 ਪੰਚਾਇਤਾਂ ਨੂੰ 1 ਕਰੋੜ 96 ਲੱਖ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਰਪੰਚ ਆਪਣੇ ਪਿੰਡਾਂ ਵਿੱਚ ਜਾ ਕੇ ਇਸ ਗ੍ਰਾਂਟ ਰਾਹੀਂ ਇਮਾਨਦਾਰੀ ਨਾਲ ਪਿੰਡ ਦੀ ਸਫ਼ਾਈ ਦੇ ਨਾਲ ਨਾਲ ਹੋਰ ਕੰਮ ਵੀ ਕਰਵਾ ਸਕਦੇ ਹਨ , ਉਨਾਂ ਕਿਹਾ ਕਿ ਪਹਿਲੀ ਵਾਰੀ ਹੈ ਜੋ ਕਿਸੇ ਸਰਕਾਰ ਨੇ ਪਿੰਡਾਂ ਦੀ ਸਫਾਈ ਕਰਾਉਣ ਲਈ ਅਜਿਹੀ ਗ੍ਰਾਂਟ ਜਾਰੀ ਕੀਤੀ ਹੈ। ਉਨ੍ਹਾਂ ਇਹ ਗ੍ਰਾਂਟ ਜਾਰੀ ਕਰਨ ਲਈ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ।ਇਸ ਮੌਕੇ ਵੱਖ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨੇ ਪੰਜਾਬ ਸਰਕਾਰ ਤੇ ਹਲਕਾ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਗ੍ਰਾਂਟ ਦਾ ਸਹੀ ਇਸਤੇਮਾਲ ਕਰਕੇ ਆਪਣੇ ਪਿੰਡਾਂ ਦੀ ਸਫਾਈ ਕਰਨ ਲਈ ਵਚਨਬੱਧ ਹਨ।ਇਸ ਮੌਕੇ ਅਮਨਦੀਪ ਕੌਰ ਬੀਡੀਪੀਓ ਡੇਰਾ ਬਾਬਾ ਨਾਨਕ, ਅਸ਼ੋਕ ਕੁਮਾਰ ਸ਼ਰਮਾ ਐੱਸਐੱਚਓ ਡੇਰਾ ਬਾਬਾ ਨਾਨਕ, ਨਗਰ ਕੌਂਸਲ ਪ੍ਰਧਾਨ ਦੇ



ਪਤੀ ਰਾਜੇਸ਼ ਕੁਮਾਰ ਗੁਪਤਾ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਸੁਖਜਿੰਦਰ ਸਿੰਘ ਸਰਪੰਚ ਜੌੜੀਆਂ ਕਲਾਂ, ਕੈਪਟਨ ਨਰਿੰਦਰ ਸਿੰਘ ਸਰਪੰਚ ਠੇਠਰਕੇ, ਸਤਨਾਮ ਸਿੰਘ ਬਾਜਵਾ ਸਰਪੰਚ ਵੇਰੋਕੇ, ਅਮਰਜੀਤ ਸਿੰਘ ਸਰਪੰਚ ਗੁਰਚੱਕ, ਡਾਕਟਰ ਮਲਕੀਤ ਸਿੰਘ ਸਰਪੰਚ ਡੇਰੇ ਪਠਾਣਾ, ਕੁਲਵਿੰਦਰ ਸਿੰਘ ਸਰਪੰਚ ਸ਼ਹਿਜ਼ਾਦਾ ਕਲਾਂ, ਨਰਿੰਦਰ ਸਿੰਘ ਪੰਚਾਇਤ ਅਫ਼ਸਰ, ਅੰਮਿਤ ਰਾਮਪਾਲ ਸੈਕਟਰੀ, ਮਲੂਕ ਸਿੰਘ ਸੈਕਟਰੀ, ਸਾਹਿਬ ਗਿੱਲ ਸੈਕਟਰੀ, ਬਿਕਰਮਜੀਤ ਸਿੰਘ ਸੈਕਟਰੀ, ਰਮਨ ਕੁਮਾਰ ਸੈਕਟਰੀ, ਜਸਵਿੰਦਰ ਸਿੰਘ ਸੈਕਟਰੀ, ਜਗਤਾਰ ਸਿੰਘ ਸੈਕਟਰੀ, ਹਰਿੰਦਰ ਸਿੰਘ ਸੈਕਟਰੀ, ਇੰਦਰਜੀਤ ਸਿੰਘ ਸੈਕਟਰੀ, ਕੁਲਵਿੰਦਰ ਸਿੰਘ ਸੈਕਟਰੀ ਆਦਿ ਹਾਜ਼ਰ ਸਨ ।

# ਕੇਂਦਰ ਵੱਲੋਂ ਪੰਜਾਬ ਨੂੰ ਮਿਲੀ ਝੋਨੇ ਦੇ ਖ਼ਰੀਦ ਮਾਪਦੰਡਾਂ 'ਚ ਛੋਟ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ 'ਚ ਝੋਨੇ ਦੀ ਖ਼ਰੀਦ ਜਦੋਂ ਆਖ਼ਰੀ ਪੜਾਅ 'ਤੇ ਹੈ ਤਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਖ਼ਰੀਦ ਮਾਪਦੰਡਾਂ 'ਚ ਛੋਟ ਐਲਾਨ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 30 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਝੋਨੇ ਦੇ ਖ਼ਰੀਦ ਮਾਪਦੰਡਾਂ 'ਚ ਛੋਟ ਦੀ ਮੰਗ ਉਠਾਈ ਸੀ।ਇਸੇ ਤਰ੍ਹਾਂ ਪੰਜਾਬ ਸਰਕਾਰ ਨੇ 12 ਅਕਤੂਬਰ ਨੂੰ ਕੇਂਦਰੀ ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੂੰ ਛੋਟ ਵਾਸਤੇ ਪੱਤਰ ਲਿਖਿਆ ਸੀ।ਪੰਜਾਬ 'ਚ ਅੱਜ ਤੱਕ 152.69 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਹੋ ਚੁੱਕੀ ਹੈ ਅਤੇ ਬਹੁਤ ਘੱਟ ਮਾਤਰਾ 'ਚ ਝੋਨਾ ਮੰਡੀਆਂ 'ਚ ਆ ਰਿਹਾ ਹੈ।ਐਤਕੀਂ ਹੜ੍ਹਾਂ ਕਾਰਨ ਫ਼ਸਲ ਦੀ ਪੈਦਾਵਾਰ ਘੱਟ ਹੈ ਪਰ ਪੰਜਾਬ 'ਚ ਚੌਲ ਮਿੱਲਾਂ ਦੀ ਗਿਣਤੀ ਵੱਧ ਹੈ। ਮਿੱਲ ਮਾਲਕਾਂ ਨੇ ਬਿਨਾਂ ਕਿਸੇ ਨਖ਼ਰੇ ਤੋਂ ਝੋਨਾ ਮੰਡੀਆਂ 'ਚੋਂ ਹੱਥੋ-ਹੱਥ ਚੁੱਕਿਆ ਹੈ।ਫ਼ਸਲ ਦੀ ਗੁਣਵੱਤਾ ਦੇ ਮਾਪਦੰਡਾਂ ਬਾਰੇ ਪੂਰੇ ਸੀਜ਼ਨ ਦੌਰਾਨ ਕੋਈ ਮਾਮਲਾ ਸਾਹਮਣੇ ਨਹੀਂ ਆਇਆ।

# ਗੁਰਦੁਆਰਾ ਰਾਠੀਕੇ ਸਾਹਿਬ ਮਰਹਾਣਾ ਵਿਖੇ ਧਾਰਮਿਕ ਮੁਕਾਬਲੇ ਚੜ੍ਹਦੀ ਕਲਾ ਨਾਲ ਸਮਾਪਤ

ਪੱਟੀ (ਬਲਦੇਵ ਸਿੰਘ ਸੰਧੂ)- ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਭਾਈ ਸਤੀ ਦਾਸ , ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਬਾਬਾ ਰਤਨ ਦੇਵ ਜੀ ਦੀ ਸਲਾਨਾ ਯਾਦ ਨੂੰ ਸਮਰਪਿਤ ਗੁਰਦੁਆਰਾ ਰਾਠੀਕੇ ਸਾਹਿਬ ਮਰਹਾਣਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ, ਐਨਆਰਆਈ ਨੌਜਵਾਨ ਵੀਰ ਅਤੇ ਇਲਾਕੇ ਦੇ ਪ੍ਰਚਾਰਕ ਸਾਹਿਬਾਨ ਦੇ ਸਹਿਯੋਗ ਨਾਲ ਬੱਚਿਆਂ ਦੇ ਦਸਤਾਰ ਦੁਮਾਲਾ ਗੁਰਬਾਣੀ ਕੰਠ ਅਤੇ ਸਵਾਲ ਜਵਾਬ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸ਼ਹੀਦ ਮਨਜੀਤ ਸਿੰਘ ਹਾਈ ਸਕੂਲ ਠੱਠੀਆਂ ਮਹੰਤਾਂ, ਬਾਬਾ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮਰਹਾਣਾ ,ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਾਲੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਧ ਚੜ ਕੇ ਹਿੱਸਾ ਲਿਆ। ਗੁਰਬਾਣੀ ਕੰਠ ਮੁਕਾਬਲੇ ਦੀ ਪਹਿਲੇ ਗਰੁੱਪ ਵਿੱਚੋਂ ਸਿਮਰਨਜੀਤ ਕੌਰ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਾਲੀ ਨੇ ਪਹਿਲਾ ਜਸਪ੍ਰੀਤ ਸਿੰਘ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮਰਹਾਣਾ ਨੇ ਦੂਸਰਾ ਜਸ਼ਨਪ੍ਰੀਤ ਕੌਰ ਸ਼ਹੀਦ ਮਨਜੀਤ ਸਿੰਘ ਸਰਕਾਰੀ ਹਾਈ ਸਕੂਲ ਠੱਠੀਆਂ ਮਹੰਤਾਂ ਨੇ ਤੀਸਰਾ ਸਥਾਨ ਅਤੇ ਦੂਸਰੇ ਗਰੁੱਪ ਵਿੱਚੋਂ ਇੰਦਰਪਾਲ ਸਿੰਘ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਨੇ ਪਹਿਲਾ ਕੋਮਲਪ੍ਰੀਤ ਕੌਰ ਦੂਸਰਾ ਅਤੇ ਅਨਮੋਲ ਪ੍ਰੀਤ ਕੌਰ ਗੁਰੂ ਗੋਬਿੰਦ ਸਿੰਘ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਵਾਲ ਜਵਾਬ ਮੁਕਾਬਲੇ ਵਿੱਚੋਂ ਗੁਰੂ ਗੋਬਿੰਦ



ਸਿੰਘ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਸਰਹਾਲੀ ਦੀ ਟੀਮ ਨੇ ਪਹਿਲਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮਰਹਾਣਾ ਦੀ ਟੀਮ ਨੇ ਦੂਸਰਾ ਅਤੇ ਸ਼ਹੀਦ ਮਨਜੀਤ ਸਿੰਘ ਸਰਕਾਰੀ ਹਾਈ ਸਕੂਲ ਠੱਠੀਆਂ ਮਹੰਤਾਂ ਨੇ ਤੀਸਰਾ ਸਥਾਨ ਹਾਸਲ ਕੀਤਾ। ਦਸਤਾਰ ਦੁਮਾਲੇ ਮੁਕਾਬਲੇ ਵਿੱਚ ਚਾਰ ਗਰੁੱਪ ਬਣਾਈ ਗਏ। ਇਸੇ ਤਰ੍ਹਾਂ ਇਹਨਾਂ ਸਾਰਿਆਂ ਮੁਕਾਬਲਿਆਂ ਦੇ ਵਿੱਚ ਬਣਾਏ ਗਏ ਗਰੁੱਪਾਂ ਵਿੱਚੋਂ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਅਤੇ ਧਾਰਮਿਕ ਸਾਹਿਤ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਹਰੇਕ ਗਰੁੱਪ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਨਗਦ ਰਾਸ਼ੀ ਵੀ ਦਿੱਤੀ ਗਈ। ਇਸ ਸਮਾਗਮ ਵਿੱਚ ਸੁਸਾਇਟੀ ਵੱਲੋਂ ਉਚੇਚੇ ਤੌਰ ਤੇ ਪਹੁੰਚੇ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ,ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਭਾਈ ਨਿੰਦਰਪਾਲ ਸਿੰਘ ਇਨਚਾਰਜ ਮਾਲਵਾ ਜੋਨ, ਹਰਮਨ ਦੀਪ ਸਿੰਘ, ਹੁਸ਼ਨਦੀਪ ਸਿੰਘ ਅਤੇ ਸੁਖਮਨਦੀਪ ਸਿੰਘ ਭਿੱਖੀਵਿੰਡ ਬੱਚਿਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਇਸ ਸਾਲ ਸ੍ਰਿਸ਼ਟੀ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨਾਂ ਦੇ ਪਿਆਰੇ ਗੁਰਸਿੱਖਾਂ ਦੀ ਮਨਾਈ ਜਾ ਰਹੀ ਸ਼ਤਾਬਦੀ ਦਾ ਸੁਨੇਹਾ ਘਰ ਘਰ ਵਿੱਚ ਪਹੁੰਚਾਉਣ ਦੇ ਲਈ ਸੁਸਾਇਟੀ ਦੇ ਮੈਂਬਰ ਸਾਹਿਬਾਨ ਕਾਮਯਾਬ ਹੋਏ ਹਨ।

ਗੁਰੂ ਸਾਹਿਬ ਜੀ ਦਾ ਲੁਕਾਈ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਔਰੰਗਜ਼ੇਬ ਦੇ ਕੱਟੜਪੁਣੇ ਵਾਲੇ ਰਵਈਏ ਤੋਂ ਬਚਾਉਣਾ ਸਮਾਜਿਕ ਧਾਰਮਿਕ ਏਕਤਾ ਦੀ ਹਾਮੀ ਭਰਦਾ ਹੈ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਖਜਾਨਚੀ ਭਾਈ ਗੁਰਜੰਟ ਸਿੰਘ ਭਿੱਖੀਵਿੰਡ ,ਦਸਤਾਰ ਕੋਆਰਡੀਨੇਟਰ ਹਰਪ੍ਰੀਤ ਸਿੰਘ ਹਰਜੀਤ ਸਿੰਘ ਲਹਿਰੀ ਆਕਾਸ਼ਦੀਪ ਸਿੰਘ, ਜਿਲਾ ਕੋਆਰਡੀਨੇਟਰ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਗੁਰਮੀਤ ਸਿੰਘ ਮਾਲੂਵਾਲ, ਸਾਜਨ ਪ੍ਰੀਤ ਸਿੰਘ, ਵਜੀਰ ਸਿੰਘ ਆਸਲ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ, ਸਕੂਲਾਂ ਦੇ ਪ੍ਰਿੰਸੀਪਲ ਅਤੇ ਬੱਚਿਆਂ ਨੂੰ ਲੈ ਕੇ ਪਹੁੰਚੇ ਅਧਿਆਪਕ ਸਾਹਿਬਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਭਵਿੱਖ ਵਿੱਚ ਇਸੇ ਤਰ੍ਹਾਂ ਸਹਿਯੋਗ ਦੇਣ ਲਈ ਬੇਨਤੀ ਕੀਤੀ। ਉਹਨਾਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਤੇ ਸਹਿਯੋਗੀ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ॥

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਲਜੀਤ ਸਿੰਘ, ਗ੍ਰੰਥੀ ਭਾਈ ਜੋਗਾ ਸਿੰਘ, ਪੰਥਕ ਕਵੀਸ਼ਰ ਭਾਈ ਤਸਬੀਰ ਸਿੰਘ ਐੱਮ ਏ, ਡਾਕਟਰ ਮਨਜੀਤ ਸਿੰਘ, ਗੁਰਚਰਨ ਸਿੰਘ ਭਾਈ ਬਿਕਰਮਜੀਤ ਸਿੰਘ, ਸਰਪੰਚ ਐਡਵੋਕੇਟ ਹੀਰਾ ਸਿੰਘ,ਗੁਰਦਾਸ ਸਿੰਘ, ਦਿਲਬਾਗ ਸਿੰਘ ਮੈਂਬਰ, ਬਾਜ ਸਿੰਘ, ਡਾ ਇੰਦਰਜੀਤ ਸਿੰਘ , ਬੀਬੀ ਪ੍ਰਦੀਪ ਕੌਰ, ਬੀਬੀ ਭੁਪਿੰਦਰ ਕੌਰ, ਬੀਬੀ ਗੁਰਜਿੰਦਰ ਕੌਰ, , ਬੀਬੀ ਕੁਲਵਿੰਦਰ ਕੌਰ, ਬੀਬੀ ਲਖਵਿੰਦਰ ਕੌਰ ਅਤੇ ਬੀਬੀ ਰਾਜਵਿੰਦਰ ਕੌਰ, ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਇਹਨਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ ਅਤੇ ਭਵਿੱਖ ਵਿੱਚ ਵੀ ਆਪਣੇ ਨਗਰ ਵਿੱਚ ਇਸੇ ਤਰ੍ਹਾਂ ਦੇ ਕਾਰਜ ਕਰਵਾਉਣ ਦਾ ਭਰੋਸਾ ਦਵਾਇਆ। ਅਖੀਰ ਤੇ ਅਜੀਤ ਅਖਬਾਰ ਤੇ ਪੱਤਰਕਾਰ ਸੰਜੀਵ ਕੁੰਦਰਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ਜਿਨਾਂ ਨੇ ਗੁਰੂ ਕੇ ਲੰਗਰ ਦਾ ਭਰਪੂਰ ਆਨੰਦ ਮਾਣਿਆ।

# ਸੰਘਰਸ਼ ਦੌਰਾਨ ਕਦੇ ਹਾਰ ਨਹੀਂ ਮੰਨੀ ਤੇ ਜਿੱਤ ਦਾ ਬੇਲੋੜਾ ਗੁਮਾਨ ਨਹੀਂ ਕੀਤਾ : ਸ਼ੇਰੋਵਾਲੀਆ

**ਸ਼ਾਹਕੋਟ (ਗਿਆਨ ਸੈਦਪੁਰੀ)**

'ਸਿਆਸਤ ਵਿੱਚ ਪੁਰਖ਼ਾਰ ਵਾਟਾਂ ਗਾਹੁੰਦਿਆਂ ਅਤੇ ਸੰਘਰਸ਼ ਕਰਦਿਆਂ ਕਦੇ ਹਾਰ ਨਹੀਂ ਮੰਨੀ ਤੇ ਜਿੱਤ ਦਾ ਬੇਲੋੜਾ ਗੁਮਾਨ ਨਹੀਂ ਕੀਤਾ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਬੁੱਧਵਾਰ ਨੂੰ ਉਸ ਮੌਕੇ ਕੀਤਾ ਜਦੋਂ ਉਹਨਾਂ ਨੂੰ ਦੂਸਰੀ ਵਾਰ ਜਲੰਧਰ ( ਦਿਹਾਤੀ) ਦਾ ਪ੍ਰਧਾਨ ਬਣਨ 'ਤੇ ਉਨਾਂ ਦਾ ਪ੍ਰਤੀਕਰਮ ਜਾਨਣਾ ਚਾਹਿਆ। ਉਹਨਾਂ ਕਿਹਾ ਕਿ ਉਹ ਇਸ ਕਥਨ ਦੇ ਕਾਇਲ ਹਨ ਕਿ ਜਿੱਤ ਤੱਕ ਸੰਘਰਸ਼ਤ ਰਹਿਣਾ ਹੀ ਜ਼ਿੰਦਗੀ ਦੀ ਮੰਜ਼ਿਲ ਹੈ।ਦੱਸਣਾ ਬਣਦਾ ਹੈ ਕਿ ਦੋ ਮਹੀਨਿਆਂ ਤੋਂ ਜ਼ਿਲ੍ਹਾਂ ਪ੍ਰਧਾਨ ਦੇ ਅਹੁਦੇ ਲਈ ਕਾਂਗਰਸ ਪਾਰਟੀ ਦੀ ਵਿਸ਼ੇਸ਼ ਅਬਜ਼ਰਵਰ ਟੀਮ ਪ੍ਰਕਿਰਿਆ ਚਲਾ ਰਹੀ ਸੀ। ਅੰਤਿਮ ਫੈਸਲੇ ਵਿੱਚ ਜਲੰਧਰ (ਦਿਹਾਤੀ) ਦੀ ਪ੍ਰਧਾਨਗੀ ਦੀ ਕਲਗੀ ਸ਼ੇਰੋਵਾਲੀਆ ਦੇ ਸਿਰ ਸਜ ਗਈ। ਕੱਲ੍ਹ ਤੋਂ ਹੀ ਉਨ੍ਹਾਂ ਨੂੰ ਹਲਕੇ ਵਿੱਚੋਂ ਢੇਰ ਸਾਰੀਆਂ ਵਧਾਈਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਹ ਪੂਰੀ ਤਰ੍ਹਾਂ ਸਹਿਜ ਰਹਿੰਦਿਆਂ ਵਧਾਈਆਂ ਕਬੂਲਦਿਆਂ ਕਹਿੰਦੇ ਹਨ ਕਿ ਮੇਰੀ ਪ੍ਰਧਾਨਗੀ ਹਲਕੇ ਦੇ ਲੋਕਾਂ ਦੀ ਅਮਾਨਤ ਹੈ। ਉਹਨਾਂ ਕਿਹਾ ਕਿ ਹਲਕੇ ਦੇ ਲੋਕਾਂ ਦਾ ਅਮੁੱਕ ਪਿਆਰ ਹੀ ਪ੍ਰਧਾਨਗੀ ਦਾ ਬਾਇਸ ਬਣਿਆ। ਹਰ ਚੋਣ ਵਿੱਚ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ।ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਕਾਂਗਰਸ ਪਾਰਟੀ ਵੱਲੋਂ ਦੋ ਵਾਰ ਵਿਧਾਨ ਸਭਾ ਦੀਆਂ ਬਰੂਹਾਂ ਪਾਰ ਕਰਨ ਵਾਲੇ ਸ਼ੇਰੋਵਾਲੀਆਂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਨੇ ਹਮੇਸ਼ਾ ਹਾਂ ਪੱਖੀ ਸਿਆਸਤ ਨੂੰ ਤਰਜ਼ੀਹ ਦਿੱਤੀ ਹੈ। ਇਸ ਦੇ ਇਵਜ ਵਜੋਂ ਹਲਕੇ ਦੇ ਲੋਕਾਂ ਦਾ ਅਥਾਹ ਪਿਆਰ ਸਤਿਕਾਰ ਮਿਲਿਆ ਹੈ।



ਇਹ ਵੀ ਜ਼ਿਕਰਯੋਗ ਹੈ ਕਿ ਇਸ ਹਲਕੇ ਤੋਂ ਲੰਬਾ ਸਮਾਂ ਵਿਧਾਨ ਸਭਾ ਦੀ ਨੁਮਾਇੰਦਗੀ ਕਰਨ ਵਾਲੇ ਅਕਾਲੀ ਆਗੂ ਸਵਰਗੀ ਜਥੇਦਾਰ ਅਜੀਤ ਸਿੰਘ ਕੋਹਾੜ ਨੂੰ ਲੋਕ ਸਿਆਸਤ ਦੀ 'ਪੀ ਐੱਚ ਡੀ' ਆਖਿਆ ਕਰਦੇ ਸਨ ਤੇ ਸ਼ੇਰੋਵਾਲੀਆਂ ਨੂੰ 'ਸਿਆਸਤ ਦੇ ਸ਼ਾਹ-ਅਸਵਾਰ' ਦਾ ਲਕਬ ਦਿੰਦੇ ਹਨ। ਸ਼ੇਰੋਵਾਲੀਆਂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਸਿਆਸਤ ਵਿੱਚ ਸਵਰਗੀ ਦਰਬਾਰਾ ਸਿੰਘ (ਗਵਰਨਰ ਰਾਜਸਥਾਨ) ਨੂੰ ਉਹ ਆਪਣਾ ਆਦਰਸ਼ ਮੰਨਦੇ ਹਨ। ਉਨ੍ਹਾਂ ਦੇ ਸਿਆਸੀ ਵਿਚਰਨ-ਵਰਤਾਰੇ ਨੂੰ ਦੇਖਦਿਆਂ ਲੋਕ ਉਹਨਾਂ ਨੂੰ ਦਰਵੇਸ਼ ਸਿਆਸਤਦਾਨ ਆਖਿਆ ਕਰਦੇ ਸਨ ਤੇ ਉਹਨਾਂ ਦਾ ਸੱਚਾ ਸੁੱਚਾ ਸਿਆਸੀ ਅਕਸ ਅੱਜ ਵੀ ਲੋਕਾਂ ਦੇ ਚੇਤਿਆਂ ਦੀ ਚੰਗੇਰ ਦਾ ਹਿੱਸਾ ਬਣਿਆ ਹੋਇਆ ਹੈ।

ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਵਧਾਈਆਂ ਦੇਣ ਵਾਲਿਆਂ ਦੀ ਲੰਬੀ ਕਤਾਰ ਵਿੱਚ ਅਜਮੇਰ ਸਿੰਘ ਖਾਲਸਾ ਸੀਨੀਅਰ ਕਾਂਗਰਸੀ ਆਗੂ, ਅਸ਼ਵਿੰਦਰ ਪਾਲ ਸਿੰਘ ਖਹਿਰਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਅਤੇ ਬਲਾਕ ਕਾਂਗਰਸ ਦੇ ਪ੍ਰਧਾਨ ਸੁਰਿੰਦਰਜੀਤ ਸਿੰਘ ਚੱਠਾ, ਨਗਰ ਪੰਚਾਇਤ ਮਹਿਤਪੁਰ ਦੇ ਪ੍ਰਧਾਨ ਹਰਮੇਸ਼ ਮਹੇ, ਮਹਿਤਪੁਰ ਬਲਾਕ ਕਾਂਗਰਸ ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਟੁਰਨਾ, ਨਗਰ ਪੰਚਾਇਤ ਲੋਹੀਆਂ ਖਾਸ ਦੇ ਪ੍ਰਧਾਨ ਜਗਜੀਤ ਸਿੰਘ ਨੋਨੀ, ਲੋਹੀਆਂ ਖਾਸ ਬਲਾਕ ਕਾਂਗਰਸ ਦੇ ਪ੍ਰਧਾਨ ਗੁਰਦੀਪ ਸਿੰਘ ਜੱਕੋਪੁਰ ਕਲਾਂ, ਸੰਦੀਪ ਸਿੰਘ ਖਹਿਰਾ, ਸੁਖਦੀਪ ਸਿੰਘ ਕੰਗ ਪੀਏ, ਗੁਰਿੰਦਰ ਸਿੰਘ ਬਹੁਗੁਣ, ਗੁਰਮੁਖ ਸਿੰਘ ਬਹੁਗੁਣ, ਅਜ਼ੀਜ਼ ਮਸੀਹ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਈਸ ਚੇਅਰਮੈਨ ਯਸ਼ਪਾਲ ਗੁਪਤਾ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਈਸ ਚੇਅਰਮੈਨ ਕਪਿਲ ਕੁਮਾਰ ਗੁਪਤਾ, ਵਾਤਾਵਰਨ ਸੁਧਾਰ ਸੋਸਾਇਟੀ ਦੇ ਪ੍ਰਧਾਨ ਰਾਕੇਸ਼ ਬੰਟੀ ਬਠੌਲਾ, ਗੁਰਦੁਆਰਾ ਸਿੰਘ ਸਭਾ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਡਾ. ਅਰਵਿੰਦਰ ਸਿੰਘ ਰੂਪਰਾ, ਕੱਚਾ ਆੜਤੀਆ ਐਸੋਸੀਏਸ਼ਨ ਸ਼ਾਹਕੋਟ ਦੇ ਪ੍ਰਧਾਨ ਪਵਨ ਅਗਰਵਾਲ, ਜੋਗਿੰਦਰ ਸਿੰਘ ਨੇਤਾ ਸੀਨੀਅਰ ਕਾਂਗਰਸੀ ਆਗੂ, ਲਛਮਣ ਸੋਬਤੀ, ਟਿੰਪੀ ਕੁਮਰਾ, ਰਜੇਸ਼ ਗੁਪਤਾ, ਰੋਮੀ ਗਿੱਲ, ਜਸਬੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਜੱਸੀ ਸਰਪੰਚ ਬਸਤੀ ਨਿਹਾਲੂਵਾਲ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਸੋਨੂੰ ਕਿਲੀ ਨੰਬਰਦਾਰ, ਗਗਨ ਜਿੰਦਲ, ਸੁਰਿੰਦਰ ਸਿੰਘ ਭੱਟੀ, ਰਾਮਗੜ੍ਹੀਆ ਪਬਲਿਕ ਸਕੂਲ ਸ਼ਾਹਕੋਟ ਦੇ ਪ੍ਰਧਾਨ ਤਰਲੋਕ ਸਿੰਘ ਰੂਪਰਾ, ਪਵਨ ਜਨੇਜਾ, ਧੀਰਾ ਲਾਲਕਾ ਆਦਿ ਸ਼ਾਮਿਲ ਹਨ।

# ਨਗਰ ਕੀਰਤਨ ਦੇ ਸਵਾਗਤ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)**

ਗੁਰੂ ਤੇਗ਼ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਪ੍ਰਤੀ ਸੰਗਤ ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਦਾ ਸਰੋਤ ਪੈਦਾ ਹੋ ਰਿਹਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਵਿਖੇ ਮੈਨੇਜਰ ਰਾਜਿੰਦਰ ਸਿੰਘ ਟੌਹੜਾ ਦੀ ਅਗਵਾਈ ਵਿੱਚ ਗੁਰਦੁਆਰਾ ਤਾਲਮੇਲ ਕਮੇਟੀ ਅਤੇ ਸਿੱਖ ਆਗੂਆਂ ਦੀ ਰੱਖੀ ਗਈ ਇੱਕ ਮੀਟਿੰਗ ਦੌਰਾਨ ਕੀਤਾ। ਜਥੇਦਾਰ ਸੋਹਾਣਾ ਨੇ ਕਿਹਾ ਕਿ ਇਸ ਇਤਿਹਾਸਕ ਪਲ ਨੂੰ ਯਾਦਗਾਰ ਬਣਾਉਣ ਲਈ ਸਿੱਖ ਸੰਗਤਾਂ ਪੂਰੀ ਵਾਹ ਲਾਉਣ ਕਿਉਂਕਿ ਸਾਡੀ ਮੌਜੂਦਾ ਪੀੜ੍ਹੀ ਨੂੰ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਸ ਇਤਿਹਾਸਕ ਪਲ ਦੀ ਪ੍ਰਾਪਤੀ ਹੋ ਰਹੀ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸਤਾਬਦੀ ਨੂੰ ਸਮਰਪਿਤ ਸ਼ਹੀਦੀ ਨਗਰ ਕੀਰਤਨ ਜੋ ਕਿ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਆਰੰਭ ਹੋਇਆ ਮਿਤੀ 19 ਨਵੰਬਰ ਦੀ ਰਾਤ ਨੂੰ ਗੁਰਦੁਆਰਾ ਸ੍ਰੀ ਅੰਬ ਸਾਹਿਬ ਪਾ: ਸੱਤਵੀ ਮੋਹਾਲੀ ਪਹੁੰਚੇਗਾ, ਜੋ ਕਿ ਰਾਤ ਵਿਸ਼ਰਾਮ ਕਰਨ ਉਪਰੰਤ ਮਿਤੀ 20 ਨਵੰਬਰ ਸਵੇਰੇ 10:00 ਵਜੇਂ ਆਰੰਭ ਹੋ ਕੇ ਮੁਹਾਲੀ ਮਾਰਕੀਟ ਫੇਜ਼ 7, ਸਾਚਾ ਧੰਨ, 3/5 ਦੀਆਂ ਲਾਈਟਾਂ, ਰਾਧਾ ਸੁਆਮੀ ਚੌਂਕ ਤੋਂ ਗੁਰਦੁਆਰਾ ਮਾਤਾ ਸੁੰਦਰੀ ਜੀ ਸੈਕਟਰ 70, ਗੁਰਦੁਆਰਾ ਸਿੰਘ ਸ਼ਹੀਦਾ ਸੋਹਾਣਾ, ਗੁ: ਅਕਾਲ ਆਸਰਮ, ਸੈਕਟਰ 91, ਲਾਂਡਰਾਂ ਤੋ ਗੁ: ਸ੍ਰੀ ਫਤਹਿਗੜ੍ਹ ਸਾਹਿਬ ਲਈ ਰਵਾਨਾ ਹੋਵੇਗਾ। ਮੀਟਿੰਗ ਦੌਰਾਨ ਸ੍: ਪਰਵਿੰਦਰ ਸਿੰਘ ਸੋਹਾਣਾ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਲਾਵਾ ਬੀਬੀ ਪਰਮਜੀਤ ਕੌਰ ਲਾਡਰਾ ਮੈਂਬਰ ਸ਼੍ਰੋ:ਗੁ:ਪ੍ਰ:ਕਮੇਟੀ, ਸ੍: ਅਜਮੇਰ ਸਿੰਘ ਖੇੜਾ ਮੈਂਬਰ ਤੇ ਮੈਨੇਜਰ ਰਾਜਿੰਦਰ ਸਿੰਘ ਟੋਹੜਾ ਸ਼੍ਰੋ:ਗੁ:ਪ੍ਰ: ਕਮੇਟੀ ਤਾਲਮੇਲ ਕਮੇਟੀਆਂ ਦੇ ਮੁਖੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ਜਿਨ੍ਹਾਂ ਵੱਲੋ ਸੰਗਤਾਂ ਨੂੰ ਨਗਰ ਕੀਤਰਨ ਦੇ ਸਵਾਗਤ ਅਤੇ ਵੱਖ-ਵੱਖ ਥਾਵਾਂ ਦੇ ਨਾਲ ਨਾਲ ਗੁਰਦੁਆਰਾ ਅੰਬ ਸਾਹਿਬ ਵਿਖੇ ਸਵਾਗਤੀ ਗੇਟ ਅਤੇ ਲੰਗਰ ਆਦਿ ਦਾ ਵਿਸ਼ੇਸ਼ ਪ੍ਰਬੰਧ ਕਰਨ ਲਈ ਸੰਗਤਾਂ ਨੂੰ ਬੇਨਤੀ ਕੀਤੀ ਗਈ।



ਇਸ ਮੌਕੇ ਹਾਜ਼ਰ ਕੁਲਦੀਪ ਕੌਰ ਕੰਗ , ਕਮਲਜੀਤ ਸਿੰਘ ਰੂਬੀ , ਹਰਮਨਪ੍ਰੀਤ ਸਿੰਘ ਪ੍ਰਿੰਸ , ਮਨਜੀਤ ਸਿੰਘ ਮਾਨ, ਪਰਮਜੀਤ ਸਿੰਘ ਕਾਹਲੋਂ, ਕਰਮ ਸਿੰਘ ਬੱਬਰਾਂ, ਪ੍ਰਦੀਪ ਸਿੰਘ ਭਾਰਜ, ਪ੍ਰੀਤਮ ਸਿੰਘ, ਜਗਦੀਸ਼ ਸਿੰਘ ਸਰਾਉ, ਰਮਨਦੀਪ ਸਿੰਘ ਬਾਵਾ, ਸੁਰਜੀਤ ਸਿੰਘ ਮਠਾੜੂ, ਹਰਜਿੰਦਰ ਸਿੰਘ ਸੋਹਾਣਾ,ਪਰਮਜੀਤ ਸਿੰਘ ਗਿੱਲ ਆਦਿ ਭਾਰੀ ਗਿਣਤੀ 'ਚ ਗੁਰੂ ਘਰਾਂ ਦੇ ਸੇਵਾਦਾਰ ਹਾਜ਼ਰ ਸਨ।

# ਸਰਕਾਰ ਸੈਨੇਟ ਚੋਣਾਂ ਜਲਦ ਕਰਵਾ ਕੇ ਸ਼ਾਂਤੀ ਬਹਾਲ ਕਰੇ : ਸੰਤ ਸਮਾਜ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ)**

ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਚੋਣਾਂ ਜਲਦ ਕਰਾਉਣ ਅਤੇ ਯੂਨੀਵਰਸਿਟੀ ਅੰਦਰ ਸ਼ਾਂਤੀ ਬਹਾਲ ਕਰਨ ਦੀ ਮੰਗ ਕਰਦਿਆਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਯੂਨੀਵਰਸਿਟੀ ਪੰਜਾਬ,ਪੰਜਾਬੀਅਤ ਦੀ ਸ਼ਾਨ ਹੈ,ਸਰਕਾਰ ਸੈਨੇਟ ਚੋਣਾਂ ਜਲਦ ਕਰਾਕੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਹੋਣ ਤੋਂ ਬਚਾਵੇ। ਇਸ ਮੌਕੇ ਸੰਤ ਸਮਾਜ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਚਾਓ ਮੋਰਚੇ ਅਤੇ ਵਿਦਿਆਰਥੀਆਂ ਦਾ ਅੰਦੋਲਨ ਪੂਰੇ ਪੰਜਾਬ ਵਾਸੀਆਂ ਦਾ ਸੰਘਰਸ਼ ਹੈ। ਇਸ ਦੀ ਸਫਲਤਾ ਸਿਰਫ਼ ਇਕ ਅੰਦੋਲਨ ਦੀ ਨਹੀਂ, ਸਗੋਂ ਪੂਰੀ ਪੰਜਾਬੀਅਤ ਦੀ ਜਿੱਤ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਕੌਮ ਹਰ ਚੁਣੌਤੀ ਦਾ ਸਾਹਮਣਾ ਏਕਤਾ ਅਤੇ ਜੁਝਾਰੂਪਣ ਨਾਲ ਕਰਨਾ ਜਾਣਦੀ ਹੈ, ਇਸ ਲਈ ਸਰਕਾਰਾਂ ਨੂੰ ਵਿਦਿਆਰਥੀਆਂ ਦੇ ਸਬਰ, ਸਿਦਕ ਦਾ ਇਮਤਿਹਾਨ ਲਏ ਬਿਨਾਂ ਜਲਦ ਤੋਂ ਜਲਦ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਦਾ ਐਲਾਨ ਕਰਕੇ ਪੰਜਾਬ ਦੇ ਅਮਨ, ਸ਼ਾਂਤੀ ਤੇ ਭਾਈਚਾਰੇ ਦੇ ਮਾਹੌਲ ਨੂੰ ਕਾਇਮ ਰੱਖਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ। ਇਸ ਮੌਕੇ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ , ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ , ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ,ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਕੱਲਰਾਂ ਸ਼ੇਰਪੁਰ ਢਕੋਂ,ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਸੰਤੋਖ ਦਾਸ ਭਾਰਟਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ ਤੋਂ ਇਲਾਵਾ ਕੌਮ ਦੇ ਪ੍ਰਚਾਰਕ, ਬੁੱਧੀਜੀਵੀ ਸਖਸ਼ੀਅਤਾਂ ਵੀ ਹਾਜ਼ਰ ਸਨ।

# ਸ਼੍ਰੋਮਣੀ ਭਗਤ ਬਾਬਾ ਨਾਮਦੇਵ ਦਾ ਜਨਮ ਦਿਹਾੜਾ 14, 15 ਤੇ 16 ਨੂੰ ਮਨਾਇਆ ਜਾਵੇਗਾ

**ਲੌਂਗੋਵਾਲ, (ਪ੍ਰਦੀਪ ਸੱਪਲ)**-ਸਥਾਨਕ ਧਰਮਸ਼ਾਲਾ ਬਾਬਾ ਨਾਮਦੇਵ ਮਾਰਗ ਸਲਾਈਟ ਰੋਡ ਤੇ ਸਮੂਹ ਨਾਮਦੇਵ ਸਭਾ ਟੇਲਰਜ਼ ਯੂਨੀਅਨ ਦੇ ਸਮੂਹ ਮੈਂਬਰਾਂ ਦੀ ਅਹਿਮ ਮੀਟਿੰਗ ਚੇਅਰਮੈਨ ਮਹਿੰਦਰ ਸਿੰਘ ਬੇਦੀ, ਪ੍ਰਧਾਨ ਰਾਜਿੰਦਰ ਸਿੰਘ ਰਾਜਾ ਅਤੇ ਹਰਪ੍ਰੀਤ ਸਿੰਘ ਪ੍ਰੀਤ ਦੀ ਰਹਿਨੁਮਾਈ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਮਹਿੰਦਰ ਸਿੰਘ ਅਤੇ ਪ੍ਰਧਾਨ ਰਾਜਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 755ਵਾਂ ਜਨਮ ਦਿਹਾੜਾ 14, 15 ਅਤੇ 16 ਨਵੰਬਰ ਨੂੰ ਧਰਮਸ਼ਾਲਾ ਵਿਖੇ ਮਨਾਇਆ ਜਾਵੇਗਾ ਅਤੇ ਜਨਮ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 15 ਨਵੰਬਰ ਨੂੰ ਦੀਵਾਨ ਸਜਣਗੇ ਜਦਕਿ 16 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਚਾਨਣ ਸਿੰਘ, ਜਗਦੀਪ ਸਿੰਘ ਲੌਂਗੋਵਾਲ, ਗੋਰਾ ਸਿੰਘ, ਹਰੀ ਸਿੰਘ ਖਜ਼ਾਨਚੀ, ਭਾਈ ਗੁਰਮੁੱਖ ਸਿੰਘ, ਬਹਾਦਰ ਸਿੰਘ ਅਤੇ ਪਾਲੀ ਟੇਲਰਜ਼ ਤੋਂ ਇਲਾਵਾ ਟੇਲਰਜ਼ ਯੂਨੀਅਨ ਦੇ ਸਮੂਹ ਮੈਂਬਰ ਹਾਜ਼ਰ ਸਨ।

# ਜੀ ਐੱਸ ਟੀ ਮਾਲੀਏ ਦੇ ਵਾਧੇ ਲਈ ਮੈਰਿਜ ਪੈਲਿਸ ਦੇ ਮਾਲਕਾਂ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰ ਪਾਲ/ ਪੂਜਾ)**

ਪ੍ਰਬੰਧਕੀ ਸਕੱਤਰ (ਕਰ) ਅਜੀਤ ਬਾਲਾਜੀ ਜ਼ੋਸ਼ੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਮਿਤ ਗੋਇਲ, ਸਹਾਇਕ ਕਮਿਸ਼ਨਰ ਰਾਜ ਕਰ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਮੈਰਿਜ ਪੈਲੇਸਾਂ ਦੇ ਮਾਲਕਾਂ ਅਤੇ ਪ੍ਰਤੀਨਿਧੀਆਂ ਨਾਲ ਮੀਟਿੰਗ ਆਯੋਜਿਤ ਕੀਤੀ ਗਈ।ਮੀਟਿੰਗ ਦੌਰਾਨ ਵਿਭਾਗ ਵੱਲੋਂ ਮੈਰਿਜ ਪੈਲਸਾਂ ਦੁਆਰਾ ਘੱਟ ਅਦਾ ਕੀਤੇ ਜਾ ਰਹੇ ਜੀ ਐੱਸ ਟੀ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਗਈ। ਮੀਟਿੰਗ ਵਿੱਚ ਸ਼ਾਮਲ ਸਮੂਹ ਮੈਂਬਰਾਂ ਨੂੰ ਜੀ ਐੱਸ ਟੀ ਰਜਿਸਟ੍ਰੇਸ਼ਨ, ਰਿਟਰਨ ਭਰਨ ਅਤੇ ਟੈਕਸ ਦੀ ਅਦਾਇਗੀ ਸਮੇਂ ਸਿਰ ਕਰਨ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਵਿਭਾਗ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਪੈਲੇਸਾਂ ਵੱਲੋਂ ਪ੍ਰਾਪਤ ਕੀਤੇ ਜਾਣ ਵਾਲੇ ਕਿਰਾਏ 'ਤੇ ਵੀ ਜੀ ਐੱਸ ਟੀ ਲਾਗੂ ਹੈ ਅਤੇ ਹਰ ਪੈਲੇਸ ਮਾਲਕ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਸ ਦੀ ਅਦਾਇਗੀ ਸਮੇਂ ਸਿਰ ਸਰਕਾਰ ਨੂੰ ਕਰਨੀ ਚਾਹੀਦੀ ਹੈ।ਸਹਾਇਕ ਕਮਿਸ਼ਨਰ ਰਾਜ ਕਰ ਵੱਲੋਂ ਮੀਟਿੰਗ ਵਿੱਚ ਸ਼ਾਮਲ ਸਮੂਹ ਮੈਂਬਰਾਂ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਉਹ ਸਾਰੇ ਵਪਾਰਕ ਲੈਣ-ਦੇਣ ਬਿੱਲਾਂ ਰਾਹੀਂ ਕਰਨ ਅਤੇ ਟੈਕਸ ਦੇ ਯੋਗਦਾਨ ਨਾਲ ਸਰਕਾਰ ਦਾ ਮਾਲੀਆ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਣ। ਮੀਟਿੰਗ ਵਿੱਚ ਸ਼ਾਮਲ ਸਮੂਹ ਮੈਂਬਰਾਂ ਵੱਲੋਂ ਅਗਾਮੀ ਵਿਆਹਾਂ ਦੇ ਸ਼ੀਜਨ ਦੇ ਮੱਦੇਨਜ਼ਰ ਜੀ ਐੱਸ ਟੀ. ਵਿੱਚ ਵਾਧਾ ਕਰਨ ਸਬੰਧੀ ਭਰੋਸਾ ਦਿੱਤਾ ਗਿਆ।ਇਸ ਮੀਟਿੰਗ ਵਿੱਚ ਕਰ ਵਿਭਾਗ ਵੱਲੋਂ ਮਨਜਿੰਦਰ ਸਿੰਘ, ਰਾਜ ਕਰ ਅਫ਼ਸਰ ਗੁਰਿੰਦਰਜੀਤ ਸਿੰਘ, ਰਾਜ ਕਰ ਅਫ਼ਸਰ ਤੇ ਅਮਿਤ ਕੁਮਾਰ, ਰਾਜ ਕਰ ਅਫ਼ਸਰ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਸਿਲਵਰ ਪਾਲਮ ਪੈਲਸ ਵੱਲੋਂ ਸਵਾਰਿਤ ਗਗਨੇਜਾ, ਚਹਿਲ ਪੈਲੇਸ ਵੱਲੋਂ ਅੰਗਦਬੀਰ ਸਿੰਘ, ਕਿਸਾਨ ਰਿਜ਼ੋਰਟਸ ਵੱਲੋਂ ਰਾਹੁਲ, ਅਵਤਾਰ ਪੈਲੇਸ ਵੱਲੋਂ ਅਵਤਾਰ ਸਿੰਘ, ਪੰਜਾਬ ਰਿਜ਼ੋਰਟਸ ਵੱਲੋਂ ਸੁਰਿੰਦਰ ਕੁਮਾਰ, ਗ੍ਰੀਨ ਸੀਅ ਰਿਜ਼ੋਰਟਸ ਵੱਲੋਂ ਸ਼ੰਕਰ, ਦਿਆਲ ਅਤੇ ਸੋਹਨ ਪੈਲੇਸ ਦੇ ਮਾਲਕ ਸ਼ੁਭਜੋਤ ਸਿੰਘ, ਬਾਂਸਲ ਰਿਜੋਰਟਸ ਵੱਲੋਂ ਮੋਹਿਤ ਬਾਂਸਲ, ਸਟਾਰ ਵਿਊ ਰਿਜੋਰਟਸ ਵੱਲੋਂ ਪਰਮਿੰਦਰ ਸਿੰਘ, ਹੋਟਲ ਬੈਲਾ ਰੋਜ਼ ਵੱਲੋਂ ਅਰੁਣ, ਗਗਨ ਅਤੇ ਪੈਰਾਡਾਇਸ ਰਿਜੋਰਟਸ ਵੱਲੋਂ ਗੋਰਵ ਨਾਗਪਾਲ, ਗਾਰਡੇਨੀਆ ਰਿਜੋਰਟਸ ਵੱਲੋਂ ਸੁਨੀਲ, ਕੇ.ਐਸ ਹੋਟਲ ਵੱਲੋਂ ਸੰਦੀਪ ਕੁਮਾਰ ਅਤੇ ਪੰਜਾਬ ਪੈਲੇਸ ਵੱਲੋਂ ਸਾਧੂ ਰਾਮ ਵੀ ਮੌਜੂਦ ਰਹੇ।

# ਵਾਲੀਬਾਲ ਮੁਕਾਬਲੇ ਦਾ ਸਫਲ ਸਮਾਪਨ



**ਨੰਗਲ (ਸੁਰਜੀਤ ਢੇਰ)**-ਭਾਖੜਾ ਬਿਆਸ ਪ੍ਰਬੰਧ ਬੋਰਡ (ਬੀ ਬੀ ਐੱਮ ਬੀ) ਦੇ ਚੇਅਰਮੈਨ ਇੰਜੀ. ਮਨੋਜ ਤ੍ਰਿਪਾਠੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅਤੇ ਕੇਂਦਰੀ ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੇ ਪਾਵਰ ਸਪੋਰਟਸ ਕੰਟਰੋਲ ਬੋਰਡ ਦੇ ਸਹਿਯੋਗ ਨਾਲ, ਮੁੱਖ ਇੰਜੀਨੀਅਰ ਭਾਖੜਾ ਡੈਮ ਇੰਜੀ. ਸੀ ਪੀ ਸਿੰਘ ਦੀ ਦੇਖ-ਰੇਖ ਹੇਠ ਬੀ ਬੀ ਐੱਮ ਬੀ ਇੰਡੋਰ ਸਟੇਡੀਅਮ, ਨੰਗਲ ਟਾਊਨਸ਼ਿਪ ਵਿਚ ਆਯੋਜਿਤ 29ਵੀਂ ਇੰਟਰ ਸੀ ਪੀ ਐੱਸ ਯੂ. ਵਾਲੀਬਾਲ ਮੁਕਾਬਲਾ ਦਾ ਸਫਲ ਸਮਾਪਨ ਹੋਇਆ।ਤੀਜੇ, ਦੂਜੇ ਅਤੇ ਪਹਿਲੇ ਸਥਾਨ ਲਈ ਰੋਮਾਂਚਕ ਮੁਕਾਬਲੇ ਖੇਡੇ ਗਏ। ਹਾਰਡ ਲਾਈਨ ਮੈਚ ਵਿੱਚ ਐੱਸ ਜੇ ਵੀ ਐੱਨ ਐੱਲ ਨੇ ਪਾਵਰਗ੍ਰਿਡ ਨੂੰ ਸਿੱਧੇ ਸੈੱਟਾਂ 'ਚ ਹਰਾਕੇ (3-0) ਨਾਲ ਜਿੱਤ ਦਰਜ ਕੀਤੀ।ਫਾਈਨਲ ਮੁਕਾਬਲਾ ਬੀ ਬੀ ਐੱਮ ਬੀ ਅਤੇ ਸੀ ਈ ਏ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਬੀ ਬੀ ਐੱਮ ਬੀ. ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਿੱਧੇ ਸੈੱਟਾਂ ਵਿੱਚ (3-0) ਨਾਲ ਜਿੱਤ ਹਾਸਲ ਕਰਕੇ ਦਰਸ਼ਕਾਂ ਨੂੰ ਰੋਮਾਂਚਿਤ ਕੀਤਾ।ਇਸ ਮੌਕੇ 'ਤੇ ਖੇਡ ਕਮੇਟੀ ਦੇ ਚੇਅਰਮੈਨ ਅਤੇ ਮੁੱਖ ਇੰਜੀਨੀਅਰ ਭਾਖੜਾ ਡੈਮ ਇੰਜੀਨਿਅਰ ਸੀ ਪੀ ਸਿੰਘ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਰਹੇ।ਸਮਾਪਨ ਸਮਾਰੋਹ ਦੇ ਮੌਕੇ 'ਤੇ ਵਿਜੇਤਾ, ਉਪਵਿਜੇਤਾ ਅਤੇ ਸ਼੍ਰੇਸ਼ਠ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ।

# ਅਜੇ ਮੰਗੂਪੁਰ ਦੇ ਦੂਸਰੀ ਵਾਰ ਜ਼ਿਲ੍ਹਾ ਬਣਨ 'ਤੇ ਕਾਂਗਰਸੀ ਵਰਕਰਾਂ 'ਚ ਖੁਸ਼ੀ ਦਾ ਮਾਹੌਲ

**ਬਲਾਚੌਰ (ਜਸਵਿੰਦਰ ਬੈਂਸ)**

ਕਾਂਗਰਸ ਪਾਰਟੀ ਵੱਲੋਂ ਜਤਾਏ ਵਿਸ਼ਵਾਸ ਤੇ ਹਮੇਸ਼ਾ ਖਰਾ ਉਤਰਾਂਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਦੂਸਰੀ ਵਾਰ ਬਣੇ ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਕੀਤਾ ਗਿਆ। ਅਜੇ ਮੰਗੂਪੁਰ ਨੇ 18 ਦਸੰਬਰ 2022 ਵਿੱਚ ਜ਼ਿਲ੍ਹਾ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ। ਇਸ ਉਪਰੰਤ ਉਨ੍ਹਾਂ ਜਿਲ੍ਹੇ ਵਿੱਚ ਪੈਂਦੇ ਹਲਕਾ ਬਲਾਚੌਰ, ਨਵਾਂਸ਼ਹਿਰ ਅਤੇ ਬੰਗਾ ਵਿੱਚ ਕਾਂਗਰਸ ਪਾਰਟੀ ਦੀਆਂ ਜੜ੍ਹਾਂ ਮਜਬੂਤ ਕਰਨ ਲਈ ਦਿਨ ਰਾਤ ਇੱਕ ਕਰ ਦਿੱਤੇ। ਉਨ੍ਹਾਂ ਦੀ ਅਥਾਹ ਮਿਹਨਤ ਸਦਕਾ ਹੀ ਕਾਂਗਰਸ ਹਾਈ ਕਮਾਂਡ ਵੱਲੋਂ ਅਜੇ ਮੰਗੂਪੁਰ ਨੂੰ ਦੂਸਰੀ ਵਾਰ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਦਾ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ ਜਿਸ ਨਾਲ ਕਾਂਗਰਸੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਆਪਣੇ ਚਹੀਤੇ ਆਗੂ ਨੂੰ ਦੋਬਾਰਾ ਜ਼ਿਲ੍ਹੇ ਦੀ ਕਮਾਨ ਸੰਭਾਲਣ ਤੇ ਕਾਂਗਰਸ ਪਾਰਟੀ ਵਰਕਰਾਂ ਨੇ ਵੱਖ-ਵੱਖ ਥਾਂਵਾ ਜਿਵੇਂ ਬਲਾਚੌਰ ਸ਼ਹਿਰ, ਭੱਦੀ ਅੱਡਾ, ਪੋਜੇਵਾਲ, ਕਾਠਗੜ, ਪਰਾਗਪੁਰ ਆਦਿ ਉੱਤੇ ਲੱਡੂ ਵੰਡ ਅਤੇ ਢੋਲ ਵਜਾ ਕੇ ਖੁਸ਼ੀ ਮਨਾਈ ਗਈ। ਪਿਛਲੇ 3 ਸਾਲਾਂ ਤੋਂ ਅਜੇ ਮੰਗੂਪੁਰ ਵੱਲੋਂ ਆਪਣੀਆਂ ਨੀਤੀਆਂ ਅਤੇ ਆਪਣੀ ਵਧੀਆ ਯੋਗ ਅਗਵਾਈ ਹੇਠ ਜ਼ਿਲ੍ਹੇ ਅੰਦਰ ਕਾਂਗਰਸ ਪਾਰਟੀ ਦੀ ਹੋਂਦ ਨੂੰ ਮਜ਼ਬੂਤ ਕੀਤਾ ਗਿਆ। ਅਜੇ ਮੰਗੂਪੁਰ ਵੱਲੋਂ ਵਿਰੋਧੀ ਨੇਤਾ ਦਾ ਰੋਲ ਬਾਖੂਬੀ ਨਿਭਾਇਆ ਗਿਆ ਅਤੇ ਲੋਕ ਭਲਾਈ ਦੇ ਹਿਤਾਂ ਲਈ ਹਰ ਵਾਰ ਅਵਾਜ਼ ਬੁਲੰਦ ਕੀਤੀ ਗਈ।



# ਬੱਸ 'ਤੇ ਸਵਾਰ ਹੋ ਕੇ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੇ ਨਗਰ ਕੀਰਤਨ ਰੂਟ ਦਾ ਕੀਤਾ ਨਿਰੀਖਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਿਤ ਨਗਰ ਕੀਰਤਨ ਦੀਆਂ ਤਿਆਰੀਆਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਇਕ ਅਨੋਖੀ ਅਤੇ ਪ੍ਰੇਰਨਾਦਾਇਕ ਪਹਿਲ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਤੇ ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਦੀ ਅਗਵਾਈ ਵਿਚ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੀ ਸਾਂਝੀ ਟੀਮ ਨੇ 'ਮੀਟਿੰਗ ਆਨ ਵ੍ਹੀਲਜ਼' ਤਹਿਤ ਬੱਸ 'ਤੇ ਸਵਾਰ ਹੋ ਕੇ ਮੁਕੇਰੀਆਂ ਤੋਂ ਹੁਸ਼ਿਆਰਪੁਰ ਤੱਕ ਨਗਰ ਕੀਰਤਨ ਰੂਟ ਦਾ ਵਿਸਥਾਰ ਨਾਲ ਨਿਰੀਖਣ ਕੀਤਾ। ਇਸ ਦੌਰਾਨ ਰਸਤੇ ਦੇ ਹਰੇਕ ਪ੍ਰਮੁੱਖ ਸਥਾਨ, ਸੁਰੱਖਿਆ ਪ੍ਰਬੰਧਾਂ, ਲੰਗਰ ਵਾਲੀਆਂ ਥਾਵਾਂ, ਬਿਜਲੀ ਅਤੇ ਸਫ਼ਾਈ ਵਿਵਸਥਾ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ। ਇਸ ਨਿਰੀਖਣ ਯਾਤਰਾ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਜ਼ਿਲ੍ਹੇ ਦੇ ਸਾਰੇ ਐੱਸ ਡੀ ਐੱਮਜ਼, ਐੱਸ ਪੀਜ਼, ਡੀ ਐੱਸ ਪੀਜ਼ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ। ਇਕ ਹੀ ਬੱਸ ਵਿਚ ਸਵਾਰ ਹੋ ਕੇ ਮੌਕੇ 'ਤੇ ਜਾ ਕੇ ਸਮੱਸਿਆਵਾਂ ਨੂੰ ਦੇਖਣ ਅਤੇ ਹੱਲ ਤੈਅ ਕਰਨਾ ਇਸ ਪਹਿਲ ਨੂੰ ਵਿਸ਼ੇਸ਼ ਬਣਾਉਂਦਾ ਸੀ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸ਼੍ਰੀਨਗਰ ਤੋਂ ਆਰੰਭ ਹੋ ਕੇ ਇਹ ਇਤਿਹਾਸਕ ਨਗਰ ਕੀਰਤਨ ਪਠਾਨਕੋਟ ਹੁੰਦੇ ਹੋਏ 21 ਨਵੰਬਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਦਾਖ਼ਲ ਹੋਵੇਗਾ।ਮੁਕੇਰੀਆਂ ਅਤੇ ਦਸੂਹਾ ਤੋਂ ਗੁਜ਼ਰਦਾ ਹੋਇਆ ਇਹ ਨਗਰ ਕੀਰਤਨ ਗੁਰਦੁਆਰਾ ਰਾਮਪੁਰ ਖੇੜਾ ਪਹੁੰਚੇਗਾ, ਜਿਥੇ ਰਾਤ ਦਾ ਠਹਿਰਾਅ ਹੋਵੇਗਾ। 22 ਨਵੰਬਰ ਨੂੰ ਨਗਰ ਕੀਰਤਨ ਭੂੰਗਾ ਅਤੇ ਹਰਿਆਣਾ ਹੋ ਕੇ ਹੁਸ਼ਿਆਰਪੁਰ ਸ਼ਹਿਰ ਪਹੁੰਚੇਗਾ, ਜਿਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾ ਭਾਵਨਾ ਨਾਲ ਇਸ ਨੂੰ 'ਗਾਰਡ ਆਫ ਆਨਰ' ਦਿੱਤਾ ਜਾਵੇਗਾ। ਇਸ ਉਪਰੰਤ ਇਹ ਚੱਬੇਵਾਲ, ਮਾਹਿਲਪੁਰ, ਸੈਲਾ ਖੁਰਦ ਅਤੇ ਗੜ੍ਹਸ਼ੰਕਰ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋਵੇਗਾ।



# ਪੰਜਾਬ ਸਰਕਾਰ ਵੱਲੋਂ ਹਲਕਾ ਲਹਿਰਾ ਦੇ 40 ਪਿੰਡਾਂ ਨੂੰ ਖੇਡ ਸਟੇਡੀਅਮ ਦੀ ਸੌਗਾਤ

## ਕੈਬਨਿਟ ਮੰਤਰੀ ਨੇ ਖੇਡ ਸਟੇਡੀਅਮ, ਫਿਰਨੀ ਤੇ ਸੜਕਾਂ ਦੇ ਕੰਮ ਸ਼ੁਰੂ ਕਰਵਾਏ



**ਮੂਣਕ, (ਰਾਜਪਾਲ ਸਿੰਗਲਾ)**

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਨਾਲੋਂ ਦੂਰ ਕਰਕੇ ਖੇਡਾਂ ਨਾਲ ਜੋੜਨ ਦੇ ਉਪਰਾਲੇ ਤਹਿਤ ਪਿੰਡਾਂ ਵਿੱਚ ਆਧੁਨਿਕ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਇਸੇ ਕੜੀ ਤਹਿਤ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਲਹਿਰਾ ਲਈ 40 ਖੇਡ ਸਟੇਡੀਅਮ ਮਨਜ਼ੂਰ ਕਰਵਾਏ ਹਨ। ਇਹਨਾਂ 40 ਖੇਡ ਸਟੇਡੀਅਮਾਂ ਵਿੱਚੋਂ 15 ਸਟੇਡੀਅਮਾਂ ਦੇ ਉਹਨਾਂ ਨੇ ਨੀਂਹ ਪੱਥਰ ਰੱਖੇ। ਇਸ ਤੋਂ ਇਲਾਵਾ ਹੋਰ ਵੀ ਕਈ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਵੱਖ ਵੱਖ ਪਿੰਡਾਂ ਵਿੱਚ ਲੋਕਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਭਰ ਵਿੱਚ 3100 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਜਿੰਨਾਂ ਵਿੱਚੋਂ ਪਹਿਲੇ ਗੇੜ ਵਿੱਚ 41 ਖੇਡ ਸਟੇਡੀਅਮ ਹਲਕਾ ਲਹਿਰਾ ਨੂੰ ਮਿਲੇ ਹਨ। ਉਹਨਾਂ ਕਿਹਾ ਕਿ ਕੁੱਲ 15 ਖੇਡ ਸਟੇਡੀਅਮਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹਨਾਂ ਪਿੰਡਾਂ ਵਿੱਚ ਗੋਵਿੰਦਪੁਰਾ ਜਵਾਹਰਵਾਲਾ, ਕੋਟਲਾ ਲਹਿਲ, ਆਲਮਪੁਰ, ਬਖੋਰਾ ਕਲਾਂ, ਚੋਟੀਆਂ, ਕਾਲੀਆ, ਚੁੜਲ ਕਲਾਂ, ਚੁੜਲ ਖੁਰਦ, ਕੜ੍ਹੈਲ, ਹਮੀਰਗੜ੍ਹ, ਬੱਗਾ ਕਲਾਂ, ਬੁਸ਼ੇਹਰਾ, ਡੂਡੀਆਂ, ਭਾਠੂਆਂ ਅਤੇ ਬਾਦਲਗੜ੍ਹ ਸ਼ਾਮਿਲ ਹਨ। ਉਹਨਾਂ ਕਿਹਾ ਕਿ ਇਹਨਾਂ 15 ਪਿੰਡਾਂ ਵਿੱਚ ਸਟੇਡੀਅਮ ਉਸਾਰਨ ਉੱਤੇ 5 ਕਰੋੜ 70 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇਹ ਖੇਡ ਸਟੇਡੀਅਮ ਬਹੁਤ ਜਲਦ ਬਣ ਕੇ ਤਿਆਰ ਹੋ ਜਾਣਗੇ। ਇਹਨਾਂ ਸਟੇਡੀਅਮਾਂ ਵਿੱਚ ਐਥਲੈਟਿਕ ਟਰੈਕ, ਬਾਸਕਟਬਾਲ, ਵਾਲੀਬਾਲ ਮੈਦਾਨ ਹੋਣ ਦੇ ਨਾਲ ਨਾਲ ਵਧੀਆ ਘਾਹ, ਫੁਹਾਰੇ, ਪਖਾਨੇ, ਲਾਈਟਾਂ ਅਤੇ ਬੈਂਚ ਲਗਾਏ ਜਾਣਗੇ। ਇਹਨਾਂ ਨੂੰ ਵਧੀਆ ਫੁੱਲ ਬੂਟੇ ਲਗਾ ਕੇ ਸਜਾਇਆ ਜਾਵੇਗਾ। ਇਸ ਮੌਕੇ ਉਹਨਾਂ ਨਾਲ ਹਰਦੀਪ ਸਿੰਘ ਸਰਪੰਚ ਗੋਬਿੰਦਪੁਰਾ ਜਵਾਹਰਵਾਲਾ, ਗੋਰਖਾ ਸਿੰਘ ਸਰਪੰਚ ਕੋਟਲਾ ਲਹਿਲ, ਬੂਟਾ ਸਿੰਘ ਸਰਪੰਚ ਆਲਮਪੁਰ, ਕੁਲਵਿੰਦਰ ਸਿੰਘ ਸਰਪੰਚ ਕਾਲੀਆ, ਬਿੱਲਾ ਸਿੰਘ ਸਰਪੰਚ ਚੁੜਲ ਖੁਰਦ, ਨਿੱਜੀ ਸਹਾਇਕ ਸ਼੍ਰੀ ਰਾਕੇਸ਼ ਕੁਮਾਰ ਗੁਪਤਾ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਤ੍ਰੈ-ਭਾਸ਼ਾ ਕਵੀ ਦਰਬਾਰ ਭਲਕੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ, ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਹੇਠ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਹੁਸ਼ਿਆਰਪੁਰ ਵੱਲੋਂ ਪੰਜਾਬੀ ਵਿਕਾਸ ਮੰਚ ਹਰਿਆਣਾ ਅਤੇ ਸ੍ਰੀ ਗੁਰੂ ਨਾਨਕ ਦੇਵ ਐਜੂਕੇਸ਼ਨਲ ਟਰੱਸਟ ਡੱਲੇਵਾਲ ਦੇ ਸਹਿਯੋਗ ਨਾਲ ਪੰਜਾਬੀ ਮਾਹ ਨੂੰ ਸਮਰਪਿਤ ਤ੍ਰੈ- ਭਾਸ਼ਾ ਕਵੀ ਦਰਬਾਰ 14 ਨਵੰਬਰ ਨੂੰ ਸਮਾਂ 10:30 ਵਜੇ ਸਵੇਰੇ ਸ੍ਰੀ ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਡੱਲੇਵਾਲ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਵਿਸਤਾਰ ਨਾਲ ਜਾਣਕਾਰੀ ਦਿੰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਮਨੋਜ ਕਪੂਰ ਟ੍ਰਿਪਲ ਐੱਮ ਸਕੂਲ ਹੁਸ਼ਿਆਰਪੁਰ ਹੋਣਗੇ। ਸਮਾਗਮ ਵਿੱਚ ਪਹੁੰਚ ਰਹੇ ਕਵੀਜਨ ਪੰਜਾਬੀ ਭਾਸ਼ਾ ਤੋਂ ਜਸਬੀਰ ਸਿੰਘ ਧੀਮਾਨ, ਨਵਤੇਜ ਗੜ੍ਹਦੀਵਾਲਾ, ਰਘਬੀਰ ਸਿੰਘ ਟੇਰਕਿਆਣਾ, ਪ੍ਰੋ. ਮਲਕੀਤ ਜੌੜਾ, ਹਿੰਦੀ ਤੋਂ ਮੀਨਕਸ਼ੀ ਮੈਨਨ, ਅੰਜੂ ਵੀ ਰੱਤੀ, ਇੰਦਰਜੀਤ ਚੌਧਰੀ, ਪ੍ਰਿੰ. ਤਿਮਾਤਨੀ ਆਹਲੂਵਾਲੀਆ ਅਤੇ ਉਰਦੂ ਤੋਂ ਮੁਹੰਮਦ ਏਜਾਜ਼ ਫਾਰੂਕੀ, ਸੁਭਾਸ਼ ਗੁਪਤਾ ਸ਼ਫੀਕ, ਕਮਲ ਨੈਨ, ਵਿਕਾਸਦੀਪ ਮੁਸਾਫਿਰ ਪਹੁੰਚ ਰਹੇ ਹਨ। ਭਾਸ਼ਾ ਵਿਭਾਗ ਵੱਲੋਂ 13 ਅਤੇ 14 ਨਵੰਬਰ ਦੋਵੇਂ ਦਿਨ ਪੁਸਤਕ ਪ੍ਰਦਰਸ਼ਨੀ ਲਗਾਈ ਜਾਵੇਗੀ। ਇਲਾਕੇ ਦੇ ਸਾਹਿਤ ਪ੍ਰੇਮੀਆਂ, ਵਿਦਵਾਨਾਂ, ਅਧਿਆਪਕਾਂ ਅਤੇ ਸਕੂਲਾਂ ਕਾਲਜਾਂ ਦੇ ਭਾਸ਼ਾ ਮੰਚਾਂ ਨੂੰ ਪੁਸਤਕਾਂ ਖਰੀਦਣ ਤੇ ਸਾਹਿਤਕ ਗਤੀਵਿਧੀਆਂ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

# ਪ੍ਰਕਾਸ਼ ਪੁਰਬ 'ਤੇ ਧਾਰਮਿਕ ਸੈਮੀਨਾਰ ਕਰਵਾਇਆ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਅਵਸਰ 'ਤੇ ਇੱਕ ਧਾਰਮਿਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਕਾਲਜ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਐੱਮ ਡੀ ਗੁਰਬਿੰਦਰ ਸਿੰਘ ਬੱਲੀ ਨੇ ਇਸ ਪਵਿੱਤਰ ਅਵਸਰ 'ਤੇ ਕਾਲਜ ਪਰਵਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਦੇ ਮਾਰਗ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ। ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦਾ ਸਮਾਰੋਹ ਮਨੁੱਖਤਾ, ਸੱਚਾਈ ਅਤੇ ਸੇਵਾ ਦੇ ਮਾਰਗ 'ਤੇ ਤੁਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਵਿਦਿਆਰਥਣਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਸੈਮੀਨਾਰ ਦੇ ਮੁੱਖ ਵਕਤਾ ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ, ਫਲਸਫਾ, ਅਤੇ ਜਨਮ ਸਾਖੀਆਂ ਨਾਲ ਵਿਦਿਆਰਥੀਆਂ ਦੀ ਸਾਂਝ ਪਵਾਈ। ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਨ-ਸੁਣਨ ਅਤੇ ਜਿੰਦਗੀ ਵਿੱਚ ਧਾਰਨ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਜਗਜੀਤ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਵੀਰਇੰਦਰ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਹਰਸ਼ ਰਾਣੀ, ਪ੍ਰੋ. ਰਣਜੀਤ ਕੌਰ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਅਮਨਦੀਪ ਕੌਰ ਫੈਸ਼ਨ ਡਿਜ਼ਾਇਨਿੰਗ, ਪ੍ਰੋ. ਕਿਰਨ ਖਾਂਨ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਮਨਿੰਦਰ ਕੌਰ, ਪ੍ਰੋ. ਹਰਮਨਦੀਪ ਕੌਰ ਆਦਿ ਨੇ ਪ੍ਰਕਾਸ਼ ਪੁਰਬ ਦੀਆਂ ਮੁਬਾਰਕਾ ਦਿੱਤੀਆ ।



# ਸਰਕਾਰ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਕਰਨਾ ਭੁੱਲੀ : ਚੋਟਾਲਾ, ਧੂਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਦੇ 2 ਲੱਖ ਤੋਂ ਵੱਧ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਪੁਰਾਣੀ ਪੈਨਸ਼ਨ ਬਹਾਲੀ ਦੇ ਲਈ ਸੰਘਰਸ਼ ਕਰ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮਾਂ ਮੌਕੇ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਬੁਲਾਏ ਗਏ ਵਿਧਾਨ ਸਭਾ ਦੇ ਸੈਸ਼ਨ ਵਿੱਚ ਇਸ ਮੰਗ ਨੂੰ ਸਰਕਾਰ ਪੂਰੀ ਕਰਦੇ ਹੋਏ ਇਸ ਨੂੰ ਇਤਿਹਾਸਿਕ ਬਣਾਵੇ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਿਲਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਪ੍ਰੈੱਸ ਨਾਲ ਸਾਂਝੇ ਕੀਤੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਵਿਧਾਨ ਸਭਾ ਸੈਸ਼ਨ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਚਲਾਉਣ ਦਾ ਫੈਸਲਾ ਲਿਆ ਹੈ।ਇਹ ਫ਼ੈਸਲਾ ਇਤਿਹਾਸਕ ਹੋ ਸਕਦਾ ਹੈ, ਜੇਕਰ ਰਾਜ ਸਰਕਾਰ ਗੁਰੂ ਜੀ ਦੀਆਂ ਜੀਵਨੀ ਅਤੇ ਲੋਕਾਈ ਲਈ ਕੀਤੀਆਂ ਹੋਈਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਮੁਲਾਜ਼ਮਾਂ ਦੀ ਚਿਰਾਂ ਤੋਂ ਲਟਕ ਰਹੀ ਮੁਲਾਜ਼ਮਾਂ ਦੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਬਹਾਲ ਕਰਨ ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਕੇ ਪੂਰਾ ਕਰੇ। ਇਸ ਮੌਕੇ ਉਨ੍ਹਾਂ ਨਾਲ ਸਚਿਨ ਕੁਮਾਰ, ਸਰਬਜੀਤ ਸਿੰਘ, ਇੰਦਰਜੀਤ ਸਿੰਘ, ਜਸਵਿੰਦਰ ਸਿੰਘ, ਮਨਜੀਤ ਸਿੰਘ, ਸੁਸ਼ੀਲ ਕੁਮਾਰ ਪਠਾਣੀਆਂ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।



# ਜ਼ੀਰਕਪੁਰ ਦੇ ਵਿਕਾਸ 'ਚ ਰੋੜਾ ਅਟਕਾਉਣ ਵਾਲਿਆਂ ਤੋਂ ਲੋਕ ਜਵਾਬ ਮੰਗਣ : ਢਿੱਲੋਂ



**ਲਾਲੜੂ (ਵਿਨੈ ਕੁਮਾਰ ਜੈਨ)**

ਕਰੀਬ ਡੇਢ ਸਾਲ ਜ਼ੀਰਕਪੁਰ ਦੇ ਵਿਕਾਸ 'ਚ ਰੋੜਾ ਅਟਕਾਉਣ ਵਾਲਿਆਂ ਨੂੰ ਮੂੰਹ ਦੀ ਖਾਣੀ ਪਈ ਹੈ ਤੇ ਹੁਣ ਜ਼ੀਰਕਪੁਰ ਸਮੇਤ ਹਲਕੇ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਮ ਜਨਤਾ ਤੇ ਕਾਨੂੰਨ ਨੂੰ ਟਿੱਚ ਜਾਨਣ ਵਾਲਿਆਂ ਤੋਂ ਜਵਾਬ ਮੰਗਣ । ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਨੇ ਜ਼ੀਰਕਪੁਰ ਨਗਰ ਕੌਂਸਲ ਦੀ ਪ੍ਰਧਾਨਗੀ ਦੇ ਮਾਮਲੇ ਵਿਚ ਉਦੇਵੀਰ ਸਿੰਘ ਢਿੱਲੋਂ ਦੀ ਜਿੱਤ ਉਪਰੰਤ ਸਥਾਨਕ ਕਾਂਗਰਸੀਆਂ ਵੱਲੋਂ ਲੱਡੂ ਵੰਡਣ ਲਈ ਰੱਖੇ ਪ੍ਰੋਗਰਾਮ ਦੌਰਾਨ ਕੀਤਾ। ਇਸ ਮੌਕੇ ਢਿੱਲੋਂ ਨੇ ਕਿਹਾ ਕਿ ਜ਼ੀਰਕਪੁਰ ਦੀ ਪ੍ਰਧਾਨਗੀ ਦੇ ਮਾਮਲੇ ਵਿਚ ਸੱਚਾਈ ਦੀ ਜਿੱਤ ਹੋਈ ਹੈ ਤੇ ਇਸ ਮਾਮਲੇ ਵਿਚ ਦੂਜੀਆਂ ਪਾਰਟੀਆਂ ਦਾ ਸੱਤਾਧਾਰੀ ਧਿਰ ਨਾਲ ਮਿਲਣਾ ਬੇਹੱਦ ਲੋਕ ਵਿਰੋਧੀ ਕਾਰਜ ਸੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਇਹ ਪਾਰਟੀਆਂ ਸੱਤਾਧਾਰੀ ਧਿਰ ਨੂੰ ਭੰਡਣ ਦਾ ਡਰਾਮਾ ਕਰਦੀਆਂ ਹਨ ਤੇ ਦੂਜੇ ਪਾਸੇ ਉਸ ਨੂੰ ਸਪੋਰਟ ਕਰ ਕੇ ਵਿਕਾਸ ਦੇ ਰਾਹ ਵਿਚ ਰੋੜੇ ਅਟਕਾ ਰਹੀਆਂ ਹਨ । ਉਨ੍ਹਾਂ ਕਿਹਾ ਕਿ ਮਾਣਯੋਗ ਅਦਾਲਤ ਤੇ ਇਮਾਨਦਾਰ ਅਫ਼ਸਰਸ਼ਾਹੀ ਨੇ ਇਸ ਮਾਮਲੇ ਵਿਚ ਸੱਚ ਦਾ ਸਾਥ ਦੇ ਕੇ ਵਧੀਆ ਮਿਸਾਲ ਪੈਦਾ ਕੀਤੀ ਹੈ । ਉਨ੍ਹਾਂ ਇੱਕ ਵਾਰ ਫਿਰ ਸਮੂਹ ਕੌਂਸਲਰਾਂ ਨੂੰ ਇੱਕ ਮੰਚ ਉਤੇ ਆ ਕੇ ਜ਼ੀਰਕਪੁਰ ਦੇ ਵਿਕਾਸ ਲਈ ਕੰਮ ਕਰਨ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ ਹਲਕੇ ਦੇ ਸਾਰੇ ਲੋਕ ਉਨ੍ਹਾਂ ਦੇ ਆਪਣੇ ਹਨ ਤੇ ਉਹ ਸਿਆਸਤ ਤੋਂ ਉਪਰ ਉਠ ਕੇ ਹਲਕੇ ਦੇ ਵਿਕਾਸ ਲਈ ਸੰਜੀਦਾ ਹਨ।ਇਸ ਮੌਕੇ ਉਨ੍ਹਾਂ ਨਾਲ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਸੁਸ਼ੀਲ ਰਾਣਾ,ਕੌਂਸਲਰ ਯੁਗਵਿੰਦਰ ਰਾਠੌਰ , ਬਲਕਾਰ ਸਿੰਘ ਦੱਪਰ, ਨਛੱਤਰ ਕੌਰ, ਜਰਨੈਲ ਸਿੰਘ ਝਾਰਮੜੀ, ਕਿਰਨਪਾਲ ਟਰੜਕ, ਸਿਓਪਾਲ ਰਾਣਾ, ਇੰਦਰਜੀਤ ਸਿੰਘ ਕੁਰਲੀ, ਦੀਪਕ ਰਾਣਾ, ਧਰਮਿੰਦਰ, ਰਮੇਸ਼ ਪ੍ਰਜਾਪਤ, ਜਗਤਾਰ ਸਿੰਘ ਰਾਠੀ, ਕ੍ਰਿਸ਼ਨ ਕੁਮਾਰ ਗੁਪਤਾ, ਜਸਬੀਰ ਸਿੰਘ ਲੈਹਲੀ, ਮੁਨੀਸ਼ ਕੁਮਾਰ ਲਾਲੜੂ, ਮਨਜੀਤ ਸਿੰਘ ਜਲਾਲਪੁਰ ਤੇ ਸੰਜੂ ਜਲਾਲਪੁਰ ਸਮੇਤ ਵੱਡੀ ਗਿਣਤੀ ਕਾਂਗਰਸੀ ਹਾਜ਼ਰ ਸਨ।

# ਦੌੜਾਕ ਫੌਜਾ ਸਿੰਘ ਨੂੰ ਸਮਰਪਿਤ ਹਾਫ ਮੈਰਾਥਨ ਕਰਵਾਉਣਾ ਯੋਗ ਉਪਰਾਲਾ : ਪ੍ਰੀਤੀ ਯਾਦਵ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐੱਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ 16 ਨਵੰਬਰ ਨੂੰ ਕਰਵਾਈ ਜਾ ਰਹੀ 12 ਵੀ ਹਾਫ ਮੈਰਾਥਨ ਜੋਂ ਕਿ ਬ੍ਰਿਟਿਸ਼ ਇੰਡੀਅਨ ਦੌੜਾਕ ਫੌਜਾਂ ਸਿੰਘ ਨੂੰ ਸਮਰਪਿਤ ਹੈ ਦਾ ਸੱਦਾ ਪੱਤਰ ਡਿਪਟੀ ਕਮਿਸ਼ਨਰ ਪਟਿਆਲਾ ਡਾਕਟਰ ਪ੍ਰੀਤੀ ਯਾਦਵ ਨੂੰ ਦਿੱਤਾ ਗਿਆ । ਵਿਸ਼ੇਸ਼ ਤੌਰ 'ਤੇ ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਪ੍ਰੈਸ ਸਕੱਤਰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਡਾਕਟਰ ਪ੍ਰੀਤੀ ਯਾਦਵ ਨੇ ਕਿਹਾ ਕਿ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੋਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਬ੍ਰਿਟਿਸ਼ ਇੰਡੀਅਨ ਦੌੜਾਕ ਫੋਜਾਂ ਸਿੰਘ ਨੂੰ ਸਮਰਪਿਤ ਹਾਫ ਮੈਰਾਥਨ ਦਾ ਆਯੋਜਨ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਇਸ ਹਾਫ ਮੈਰਾਥਨ ਵਿੱਚ ਪਬਲਿਕ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰੇ ।ਇਸ ਮੌਕੇ ਸਟੇਟ ਐਵਾਰਡੀ ਵਿਨੋਦ ਸ਼ਰਮਾ ਜਰਨਲ ਸਕੱਤਰ ਜਨ ਹਿੱਤ ਸੰਮਤੀ ਨੇ ਦੱਸਿਆ ਕਿ ਇਹ ਹਾਫ ਮੈਰਾਥਨ 21 ਕਿਲੋਮੀਟਰ,10 ਕਿਲੋਮੀਟਰ,5 ਕਿਲੋਮੀਟਰ ਜੋ ਕਿ ਚਿੱਪ ਰਾਹੀਂ ਕਰਵਾਈ ਜਾਵੇਗੀ ਅਤੇ ਜੇਤੂਆਂ ਨੂੰ ਨਕਦ ਇਨਾਮ, ਮੈਡਲ, ਸਰਟੀਫਿਕੇਟ,ਟੀ ਸ਼ਰਟ ਦੇ ਕੇ ਸਨਮਾਨਤ ਕੀਤਾ ਜਾਵੇਗਾ ਅਤੇ ਸਾਰੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ।